Punjabi Parwaz

# ਪੰਜਾਬੀ ਪਰਵਾਜ਼

ਅੰਕ 22ਵਾਂ (ਸ਼ਿਕਾਗੋ): 16 ਮਾਰਚ ਤੋਂ 29 ਮਾਰਚ 2024 ਤੱਕ

ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com    www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


# ਚੋਣ ਮਜ਼ਬੂਰੀਆਂ: ਪੰਜਾਬ-ਹਰਿਆਣਾ 'ਚ ਸਿਆਸੀ ਉਥਲ-ਪੁਥਲ

## ਅਕਾਲੀ-ਭਾਜਪਾ ਗੱਠਜੋੜ ਦੇ ਆਸਾਰ ਸੁਜਾਗਰ ਹੋਏ

**ਜਸਵੀਰ ਸਿੰਘ ਸ਼ੀਰੀ**

ਇਸੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਅਤੇ ਹਰਿਆਣਾ ਦੀ ਸਿਆਸਤ ਵਿੱਚ ਤੇਜ਼ੀ ਨਾਲ ਚੱਕ-ਥੱਲ ਹੋ ਰਹੀ ਹੈ। ਹਰਿਆਣਾ ਵਿੱਚ ਜਨਨਾਇਕ ਜਨਤਾ ਪਾਰਟੀ ਅਤੇ ਭਾਜਪਾ ਦਾ ਗੱਠਜੋੜ ਟੁੱਟ ਗਿਆ ਹੈ, ਇਸ ਦੇ ਨਾਲ ਹੀ ਸਰਕਾਰ ਵੀ ਟੁੱਟ ਗਈ। ਪਰ ਨਾਲ ਹੀ ਭਾਜਪਾ ਦੇ ਅਗਲੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਸਹੁੰ ਚੁੱਕ ਲਈ। ਉਧਰ ਅਕਾਲੀ ਦਲ ਨੇ ਢੀਂਡਸਾ ਗਰੁੱਪ ਨਾਲ ਏਕਤਾ ਤੋਂ ਬਾਅਦ ਬੀਬੀ ਜਗੀਰ ਕੌਰ ਨੂੰ ਵੀ ਮੁੜ ਪਾਰਟੀ ਵਿੱਚ ਸ਼ਾਮਲ ਕਰਨਾ ਤੈਅ ਕਰ ਲਿਆ ਹੈ। ਇਸ ਦੇ ਨਾਲ ਹੀ ਭਾਜਪਾ ਨਾਲ ਏਕਤਾ ਦੀ ਚਰਚਾ ਵੀ ਚੱਲ ਪਈ ਹੈ। ਕੈਪਟਨ ਅਮਰਿੰਦਰ ਸਿੰਘ ਸੀਨੀਅਰ ਭਾਜਪਾ ਲੀਡਰਾਂ ਨਾਲ ਮਿਲ ਕੇ ਅਕਾਲੀ-ਭਾਜਪਾ ਏਕਤਾ ਦੀ ਜ਼ੋਰਦਾਰ ਵਕਾਲਤ ਕਰ ਰਹੇ ਹਨ।

ਜਿੱਥੋਂ ਤੱਕ ਹਰਿਆਣਾ ਦਾ ਸਵਾਲ ਹੈ, ਇੱਥੇ ਭਾਜਪਾ ਵੱਲੋਂ ਮੁੱਖ ਮੰਤਰੀ ਬਦਲਣ ਅਤੇ 8 ਕੁ ਮਹੀਨੇ ਦੇ ਸਮੇਂ ਲਈ ਨਵੇਂ ਮੁੱਖ ਮੰਤਰੀ ਨੂੰ ਸਹੁੰ ਚੁਕਾਉਣ ਦੇ ਪਿੱਛੇ ਬਹੁਤ ਸਾਰੇ ਮਨਸ਼ੇ ਵੇਖੇ ਜਾ ਰਹੇ ਹਨ। ਯਾਦ ਰਹੇ, ਹਰਿਆਣਾ ਅਸੈਂਬਲੀ ਦੀ ਮਿਆਦ 3 ਨਵੰਬਰ 2024 ਨੂੰ ਖਤਮ ਹੋ ਰਹੀ ਹੈ। ਨਾਇਬ ਸੈਣੀ ਹਰਿਆਣਾ ਭਾਜਪਾ ਦੇ ਮੁਖੀ ਹਨ ਅਤੇ ਕੁਰੂਕਸ਼ੇਤਰ ਤੋਂ ਮੈਂਬਰ ਪਾਰਲੀਮੈਂਟ ਹਨ। ਇੰਜ ਉਹ ਹਰਿਆਣਾ ਅਸੈਂਬਲੀ ਦੇ ਹਾਲ ਦੀ ਘੜੀ ਮੈਂਬਰ ਨਹੀਂ ਹਨ। ਇਸ ਲਈ ਛੇ ਮਹੀਨੇ ਤੋਂ ਵੱਧ ਮੁੱਖ ਮੰਤਰੀ ਨਹੀਂ ਰਹਿ ਸਕਦੇ। ਕਾਨੂੰਨ ਦੀ ਕਿਤਾਬ ਅਨੁਸਾਰ, ਛੇ ਮਹੀਨੇ ਦੇ ਸਮੇਂ ਦੇ ਅੰਦਰ-ਅੰਦਰ ਉਨ੍ਹਾਂ ਦਾ ਅਸੈਂਬਲੀ ਮੈਂਬਰ ਵਜੋਂ ਚੁਣੇ ਜਾਣਾ ਲਾਜਮੀ ਹੋਵੇਗਾ। ਉਨ੍ਹਾਂ ਦੀ ਮੁੱਖ ਮੰਤਰੀ ਵਜੋਂ ਟਰਮ 12 ਸਤੰਬਰ ਨੂੰ ਖਤਮ ਹੋ ਜਾਏਗੀ। ਇਸ ਤਰ੍ਹਾਂ ਇੱਕ ਦੋ ਮਹੀਨੇ ਲਈ ਅਸੈਂਬਲੀ ਚੋਣ ਲੜਨ ਦੀ ਤੇ ਕੋਈ ਤੁਕ ਨਹੀਂ ਬਣਦੀ। ਸੋ ਭਾਜਪਾ ਵੱਲੋਂ ਫੈਸਲਾ ਕਰ ਲਿਆ ਗਿਆ ਲਗਦਾ ਹੈ ਕਿ ਮੌਜੂਦਾ ਹਰਿਆਣਾ ਐਸੰਬਲੀ 12 ਸਤੰਬਰ ਤੱਕ ਹੀ ਚੱਲੇਗੀ। ਸੋ ਛੇ ਕੁ ਮਹੀਨੇ ਲਈ ਮੁੱਖ ਮੰਤਰੀ ਬਦਲਣ ਦੀ ਮਜ਼ਬੂਰੀ ਕਈ ਚੋਣ ਨਿਸ਼ਾਨਿਆਂ ਨੂੰ ਵਿਨ੍ਹਣ ਦਾ ਯਤਨ ਹੈ।

ਸਭ ਤੋਂ ਵੱਡੀ ਗੱਲ ਇਹ ਕਿ ਹਰਿਆਣਾ-ਪੰਜਾਬ ਦੇ ਬਾਰਡਰਾਂ 'ਤੇ ਕਿਸਾਨ ਸੰਘਰਸ਼ ਚੱਲ ਰਿਹਾ ਹੈ। ਹਰਿਆਣਾ ਸਰਕਾਰ ਵੱਲੋਂ ਬੀਤੇ ਦਿਨੀਂ ਦਿੱਲੀ ਜਾਣ ਦੀ ਜ਼ਿੱਦ ਕਰ ਰਹੇ ਕਿਸਾਨਾਂ 'ਤੇ ਕਾਫੀ ਸਖਤੀ ਕੀਤੀ ਗਈ, ਜਿਸ ਵਿੱਚ 250 ਦੇ ਕਰੀਬ ਕਿਸਾਨ ਜ਼ਖਮੀ ਹੋਏ ਅਤੇ ਇੱਕ ਨੌਜੁਆਨ ਕਿਸਾਨ ਸ਼ੁਭਕਰਨ ਸਿੰਘ ਦੀ ਜਾਨ ਚਲੀ ਗਈ। 4-5 ਗੰਭੀਰ ਜ਼ਖਮੀ ਵੀ ਹੋਏ ਤੇ ਇੱਕ ਦੀ ਨਜ਼ਰ ਵੀ ਚਲੀ ਗਈ।

ਹਰਿਆਣਾ ਦੀ ਜਾਟ ਅਬਾਦੀ ਮੁੱਖ ਤੌਰ 'ਤੇ ਪਹਿਲਾਂ ਹੀ ਭਾਜਪਾ ਨਾਲ ਨਾਰਾਜ਼ ਹੈ ਅਤੇ ਪੰਜਾਬ ਦੇ ਕਿਸਾਨਾਂ ਨਾਲ ਸਖਤੀ ਨੇ ਇਸ ਗੁੱਸੇ ਨੂੰ ਹੋਰ ਤੂਲ ਦੇ ਦਿੱਤੀ ਹੈ। ਮਨੋਹਰ ਲਾਲ ਖੱਟਰ ਦੀ ਮੁੱਖ ਮੰਤਰੀ ਵਜੋਂ ਇਹ ਦੂਜੀ ਟਰਮ ਸੀ। ਇਸ ਲਈ ਜਾਟਾਂ ਦੇ ਨਾਲ-ਨਾਲ ਕੁਝ ਹੋਰ ਤਬਕਿਆਂ ਵਿੱਚ ਵੀ ਸੱਤਾ ਵਿਰੋਧ ਦੀ ਭਾਵਨਾ ਉਪਜੀ ਹੋਵੇਗੀ। ਸੋ ਕੁੱਲ ਮਿਲਾ ਕਿ ਇਹ ਦਿਸ ਰਿਹਾ ਸੀ ਕਿ ਲੋਕ ਸਭਾ ਚੋਣਾਂ ਦੇ ਨਜ਼ਰੀਏ ਤੋਂ ਹਰਿਆਣਾ ਵਿੱਚ ਭਾਜਪਾ ਦੀ ਸਥਿਤੀ ਠੀਕ ਨਹੀਂ ਹੈ। ਇਸ ਸੱਤਾ ਵਿਰੋਧ ਦੀ ਭਾਵਨਾ ਨੂੰ ਘੱਟ ਕਰਨ ਲਈ ਮੁੱਖ ਮੰਤਰੀ ਦਾ ਚਿਹਰਾ ਬਦਲਿਆ ਗਿਆ ਲਗਦਾ ਹੈ।

ਇੱਥੇ ਇਹ ਵੀ ਜ਼ਿਕਰਯੋਗ ਹੈ ਕਿ ਨਾਇਬ ਸਿੰਘ ਸੈਣੀ ਹਰਿਆਣਾ ਭਾਜਪਾ ਦੇ ਕਿਸਾਨ ਸੈਲ ਦੇ ਵੀ ਮੁਖੀ ਹਨ। ਇਸ ਤਰ੍ਹਾਂ ਹਰਿਆਣਾ ਦੇ ਜਾਟਾਂ ਨੂੰ ਪਲੋਸਣ ਦਾ ਯਤਨ ਵੀ ਹੋਵੇਗਾ। ਭਾਜਪਾ ਦੀ ਇਸ ਤੋਂ ਪਹਿਲਾਂ ਨੀਤੀ ਬਾਕੀ ਜਾਤਾਂ ਨੂੰ ਇੱਕ ਥਾਂ ਕਰਨ ਅਤੇ ਜਾਟਾਂ ਨੂੰ ਅਲੱਗ-ਥਲੱਗ ਕਰਨ ਦੀ ਰਹੀ ਹੈ, ਪਰ ਨਵੇਂ ਚਿਹਰੇ ਨੂੰ ਲਿਆਉਣ ਦਾ ਇੱਕ ਮਕਸਦ ਇਹ ਵੀ ਲਗਦਾ ਹੈ ਕਿ ਭਾਜਪਾ ਹਰਿਆਣਾ ਦੇ ਜਾਟ ਤਬਕੇ ਨੂੰ ਮੁੜ ਆਪਣੇ ਨਾਲ ਜੋੜਨਾ (ਰੀਐਪਰੋਚਮੈਂਟ) ਚਾਹੁੰਦੀ ਹੈ, ਭਾਵੇਂ ਵੋਟ ਬੈਂਕ ਦੇ ਨਜ਼ਰੀਏ ਤੋਂ ਹੀ ਸਹੀ। ਇਸ ਤੋਂ ਇਲਾਵਾ ਬਿਹਾਰ ਵਿੱਚ ਜਾਤੀ ਜਨਗਣਨਾ ਤੋਂ ਬਾਅਦ ਓ.ਬੀ.ਸੀ. ਤਬਕੇ ਦੀ ਬਹੁਤਾਤ ਦਾ ਸਾਹਮਣੇ ਆਇਆ ਤੱਥ ਅਤੇ ਕਾਂਗਰਸ ਦੇ ਇਸ ਨੂੰ ਅਗਲੀਆਂ ਲੋਕ ਸਭਾ ਚੋਣਾਂ ਵਿੱਚ ਭੁਨਾਉਣ ਦੇ ਯਤਨ ਵੀ ਭਾਜਪਾ ਨੂੰ ਓ.ਬੀ.ਸੀ. ਪੱਤਾ ਖੇਡਣ ਲਈ ਮਜ਼ਬੂਰ ਕਰ ਰਹੇ ਹਨ। ਯਾਦ ਰਹੇ, ਸੈਣੀ ਕਾਸਟ ਓ.ਬੀ.ਸੀ. ਕੈਟੇਗਰੀ ਵਿੱਚ ਆਉਂਦੀ ਹੈ। ਜਨਰਲ ਕੈਟੇਗਰੀ ਨਾਲ ਸੰਬੰਧਤ ਖੱਟਰ ਅਤੇ ਸਾਬਕਾ ਗ੍ਰਹਿ ਮੰਤਰੀ ਅਨਿਲ ਵਿੱਜ ਦੀ ਨਾਰਾਜ਼ਗੀ ਮੁੱਲ ਲੈ ਕੇ ਵੀ ਭਾਜਪਾ ਹਾਈਕਮਾਂਡ ਨੇ ਨਾਇਬ ਸਿੰਘ ਸੈਣੀ ਨੂੰ ਪਹਿਲ ਦਿੱਤੀ। ਇਸ ਤੋਂ ਇਹ ਵੀ ਸਾਫ ਹੋ ਰਿਹਾ ਹੈ ਕਿ ਰਾਮ ਮੰਦਰ ਵਾਲਾ ਮੁੱਦਾ ਵੀ ਇਸ ਵਾਰ ਬਹੁਤਾ ਕੰਮ ਨਹੀਂ ਕਰ ਰਿਹਾ। ਇਸੇ ਲਈ ਫਿਰਕੂ ਪਾਲਬੰਦੀ ਨੂੰ ਮਜਬੂਤ ਕਰਨ ਲਈ ਭਾਜਪਾ ਵੱਲੋਂ ਸੀ.ਏ.ਏ. ਨੂੰ ਨੋਟੀਫਾਈ ਕੀਤਾ ਗਿਆ ਹੈ। ਇਸੇ ਤਰ੍ਹਾਂ ਆਰਥਕ ਮੁੱਦਿਆਂ ਦੇ ਲੋਕ ਸਭਾ ਬਹਿਸ ਦੇ ਕੇਂਦਰ ਵਿੱਚ ਆਉਣ ਕਾਰਨ ਰਸੋਈ ਗੈਸ ਸਿਲੰਡਰ ਹੋਰ ਸਸਤਾ ਕਰਨਾ ਪਿਆ ਹੈ।

ਧਿਆਨ ਰਹੇ, ਹਰਿਆਣਾ ਅਸੈਂਬਲੀ ਦੇ ਕੁੱਲ 90 ਮੈਂਬਰ ਚੁਣੇ ਜਾਂਦੇ ਹਨ। ਦੁਸ਼ਿਅੰਤ ਚੌਟਾਲਾ ਦੀ ਅਗਵਾਈ ਵਾਲੀ ਜਨਨਾਇਕ ਜਨਤਾ ਪਾਰਟੀ ਦੇ ਅਸੈਂਬਲੀ ਵਿੱਚ 10 ਮੈਂਬਰ ਹਨ। ਕਾਂਗਰਸ ਦੇ 30, ਭਾਜਪਾ ਦੇ 41 ਅਤੇ 6 ਆਜ਼ਾਦ ਹਨ। ਹਰਿਆਣਾ ਲੋਕ ਹਿੱਤ ਪਾਰਟੀ ਅਤੇ ਇੰਡੀਅਨ


⇒ ਬਾਕੀ ਸਫਾ 4 ਉਤੇ ਪੜ੍ਹੋ





‘ਭੰਗੜਾ ਰਾਈਮਜ਼ ਸ਼ਿਕਾਗੋ’ ਦੇ ਸਮਾਗਮ ਦੌਰਾਨ ਮਲਵਈ ਗਿੱਧਾ ਟੀਮ ਦਾ ਸਨਮਾਨ ਕਰਦੇ ਹੋਏ ਪਤਵੰਤੇ ਸੱਜਣ (ਖਬਰ ਸਫਾ 10 ਉਤੇ ਪੜ੍ਹੋ)


Gagandeep Cheema

FINANCIAL SERVICES PROFESSIONAL

847-340-6692

Services:

Debt Consolidation
Will and Estate Planning
Kids Education Planning
Retirement Planning
Annuities & 401K rollover
Insurance- Life, Disability, Long-Term Care
Funeral Planning

ਸੇਵਾਵਾਂ:

ਕਰਜ਼ੇ ਦੀ ਇਕਸਾਰਤਾ
ਵਸੀਅਤ ਅਤੇ ਜਾਇਦਾਦ ਦੀ ਯੋਜਨਾਬੰਦੀ
ਬੱਚਿਆਂ ਦੀ ਸਿੱਖਿਆ ਦੀ ਯੋਜਨਾਬੰਦੀ
ਸੇਵਾਮੁਕਤੀ ਦੀ ਯੋਜਨਾਬੰਦੀ
ਸਾਲਾਨਾ ਅਤੇ 401ਕੇ ਰੋਲਓਵਰ
ਬੀਮਾ- ਜੀਵਨ, ਅਪਾਹਜਤਾ, ਲੰਬੇ ਸਮੇਂ ਦੀ ਦੇਖਭਾਲ
ਅੰਤਿਮ ਸਸਕਾਰ ਦੀ ਯੋਜਨਾ

GCHEEMAWFG@GMAIL.COM
1699 Wall St., Suite 615, Mount Prospect, IL 60056





# ਆਰਥਕ ਮਸਲਿਆਂ 'ਤੇ ਕੇਂਦਰਤ ਹੋਣ ਲੱਗੀ ਲੋਕ ਸਭਾ ਦੀ ਚੋਣ ਮੁਹਿੰਮ

**ਜੇ. ਐਸ. ਮਾਂਗਟ**

## *ਭਾਜਪਾ ਨੇ 195, ਕਾਂਗਰਸ ਨੇ 82 ਅਤੇ ਤ੍ਰਿਣਮੂਲ ਕਾਂਗਰਸ ਨੇ 42 ਉਮੀਦਵਾਰ ਐਲਾਨੇ
## *ਪੱਛਮੀ ਬੰਗਾਲ ਵਿੱਚ ਮਮਤਾ ਵੱਲੋਂ ਇਕੱਲੇ ਚੋਣ ਲੜਨ ਦਾ ਐਲਾਨ

ਪਹਿਲਾਂ ਹੀ ਸ਼ੰਕਿਆਂ ਵਿੱਚ ਘਿਰਿਆ ਭਾਰਤ ਦਾ ਚੋਣ ਅਮਲ ਭਾਵੇਂ ਹਾਲ ਦੀ ਘੜੀ ਚੋਣ ਕਮਿਸ਼ਨਰ ਅਰੁਣ ਗੋਇਲ ਦੇ ਅਸਤੀਫੇ ਨਾਲ ਗ੍ਰਹਿਣਿਆ ਗਿਆ ਹੈ, ਪਰ ਸੱਤਾ ਧਾਰੀ ਧਿਰ ਦਾ ਵਰਤਾਵ ਇਸ ਕਿਸਮ ਦਾ ਹੈ ਜਿਵੇਂ ਕੁਝ ਹੋਇਆ ਹੀ ਨਾ ਹੋਵੇ। ਇਸ ਤਰ੍ਹਾਂ ਵਿਰੋਧੀ ਧਿਰ ਵੱਲੋਂ ਇਸ ਮੁੱਦੇ ਨੂੰ ਲੈ ਕੇ ਸੁਆਲ ਕੀਤੇ ਜਾ ਰਹੇ ਹਨ, ਪਰ ਭਾਰਤੀ ਜਨਤਾ ਪਾਰਟੀ ਚੋਣਾਂ 'ਤੇ ਧਿਆਨ ਕੇਂਦਰਤ ਕਰਦੀ ਵਿਖਾਈ ਦੇ ਰਹੀ ਹੈ।

ਭਾਜਪਾ ਵੱਲੋਂ ਵੱਖ ਵੱਖ ਸਟੇਟਾਂ ਦੇ 195 ਉਮੀਦਵਾਰਾਂ ਦਾ ਐਲਾਨ ਕੀਤਾ ਜਾ ਚੁੱਕਾ ਹੈ। ਇਸ ਤਰ੍ਹਾਂ ਭਾਜਪਾ ਦੀ ਪੈੜ ਨੱਪਦਿਆਂ ਕਾਂਗਰਸ ਪਾਰਟੀ ਵੱਲੋਂ ਵੀ 8 ਰਾਜਾਂ ਤੇ ਕੇਂਦਰ ਸਾਸ਼ਤ ਪ੍ਰਦੇਸ਼ਾਂ ਵਿੱਚ ਲੋਕ ਸਭਾ ਦੀਆਂ 39 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ 82 ਉਮੀਦਵਾਰਾਂ ਵਿੱਚ ਪਾਰਟੀ ਦੇ ਸੀਨੀਅਰ ਆਗੂ ਸ਼ਾਮਲ ਹਨ। ਤ੍ਰਿਣਮੂਲ ਕਾਂਗਰਸ ਵੱਲੋਂ ਪੱਛਮੀ ਬੰਗਾਲ ਦੀਆਂ ਸਾਰੀਆਂ ਸੀਟਾਂ 'ਤੇ ਉਮੀਦਵਾਰ ਐਲਾਨ ਦਿੱਤੇ ਗਏ ਹਨ। ਸਾਹਮਣੇ ਆਈ ਜਾਣਕਾਰੀ ਅਨੁਸਾਰ ਰਾਹੁਲ ਗਾਂਧੀ ਕੇਰਲਾ ਦੇ ਵਿਆਨਾਡ ਤੋਂ ਚੋਣ ਲੜਨਗੇ। ਇਸੇ ਤਰ੍ਹਾਂ ਸੀਨੀਅਰ ਕਾਂਗਰਸੀ ਆਗੂ ਸ਼ਸ਼ੀ ਥਰੂਰ ਤਿਰੂਵੰਥਾਪੁਰਮ ਤੋਂ ਅਤੇ ਕੇ.ਸੀ. ਵੀਨੂਗੋਪਾਲ ਕੇਰਲਾ ਦੇ ਅਲਾਪੂਝਾਅ ਤੋਂ ਲੋਕ ਸਭਾ ਦੀ ਚੋਣ ਲੜਨਗੇ। ਭੁਪੇਸ਼ ਬਘੇਲ ਛਤੀਸਗੜ੍ਹ ਦੇ ਰਾਜਨੰਦਗਾਓਂ ਤੋਂ ਚੋਣ ਮੈਦਾਨ ਵਿੱਚ ਉਤਰਨਗੇ।

ਕਾਂਗਰਸ ਵੱਲੋਂ ਐਲਾਨੇ ਗਏ 82 ਉਮੀਦਵਾਰਾਂ ਵਿੱਚ ਸ਼ਡਿਊਲਡ ਕਾਸਟ (ਐਸ.ਸੀ), 55 ਸ਼ਡਿਊਲਡ ਟਰਾਈਬਸ (ਐਸ.ਟੀ.) ਅਤੇ ਹੋਰ ਪੱਛੜੇ ਵਰਗਾਂ (ਓ.ਬੀ.ਸੀ) ਕੈਟੇਗਰੀ ਨਾਲ ਸੰਬੰਧਤ ਹਨ। 10 ਜਨਰਲ ਕੈਟੇਗਰੀ ਦੇ ਹਨ। ਇਸ ਤੋਂ ਇਲਾਵਾ 20 ਉਮੀਦਵਾਰ 50 ਸਾਲ ਤੋਂ ਘੱਟ ਉਮਰ ਦੇ ਹਨ। ਕਾਂਗਰਸ ਨੇ ਇਸ ਵਾਰ ਮੁੱਖ ਤੌਰ 'ਤੇ ਤਜ਼ਰਬੇਕਾਰ ਸੀਨੀਅਰ ਆਗੂਆਂ ਅਤੇ ਸਾਬਕਾ ਮਨਿਸਟਰਾਂ 'ਤੇ ਪੱਤਾ ਖੇਡਿਆ ਹੈ। ਕੇਰਲਾ ਵਿੱਚ ਕਾਂਗਰਸ ਵੱਲੋਂ 16 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਯਾਦ ਰਹੇ, ਕੇਰਲਾ ਵਿੱਚ ਕੁੱਲ 20 ਲੋਕ ਸਭਾ ਸੀਟਾਂ ਹਨ। ਇਸੇ ਤਰ੍ਹਾਂ ਕਰਨਾਟਕਾ ਦੀਆਂ 28 ਸੀਟਾਂ ਵਿੱਚੋਂ 8 'ਤੇ ਉਮੀਦਵਾਰ ਖੜ੍ਹੇ ਕੀਤੇ ਗਏ ਹਨ। ਛਤੀਸਗੜ੍ਹ ਵਿੱਚ ਕੁੱਲ 11 ਲੋਕ ਸਭਾ ਸੀਟਾਂ ਹਨ, ਇਥੇ ਕਾਂਗਰਸ ਵੱਲੋਂ 6 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਮੇਘਾਲਿਆਂ ਦੀਆਂ ਦੋ ਸੀਟਾਂ ਅਤੇ ਲਕਸ਼ਦੀਪ, ਨਾਗਾਲੈਂਡ ਅਤੇ ਸਿੱਕਮ ਦੀ ਇੱਕ-ਇੱਕ ਸੀਟ 'ਤੇ ਵੀ ਕਾਂਗਰਸ ਪਾਰਟੀ ਵਲੋਂ ਉਮੀਦਵਾਰ ਖੜ੍ਹੇ ਕੀਤੇ ਗਏ ਹਨ। ਤ੍ਰਿਪੁਰਾ ਦੀਆਂ ਦੋ ਲੋਕ ਸਭਾ ਸੀਟਾਂ ਹਨ, ਜਿਨ੍ਹਾਂ ਵਿਚੋਂ ਇੱਕ 'ਤੇ ਕਾਂਗਰਸ ਵੱਲੋਂ ਆਪਣਾ ਉਮੀਦਵਾਰ ਖੜ੍ਹਾ ਕੀਤਾ ਗਿਆ ਹੈ। ਦੂਜੇ ਗੇੜ ਵਿੱਚ ਕਾਂਗਰਸ ਪਾਰਟੀ ਵੱਲੋਂ ਅਸਾਮ ਤੋਂ 12, ਮੱਧ ਪ੍ਰਦੇਸ਼ ਤੇ ਰਾਜਸਥਾਨ ਤੋਂ 10-10, ਗੁਜਰਾਤ ਤੋਂ 7, ਉੱਤਰਾਖੰਡ ਤੋਂ ਤਿੰਨ ਅਤੇ ਦਮਨ ਤੇ ਦੇਊ ਦੀ ਇੱਕ-ਇੱਕ ਸੀਟ ਤੋਂ ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ। ਪਾਰਟੀ ਦੇ ਸੀਨੀਅਰ ਆਗੂ ਵੀਨੂਗੋਪਾਲ ਨੇ ਕਿਹਾ ਕਿ ਪਾਰਟੀ ਲੋਕ ਸਭਾ ਦੀਆਂ ਵੱਧ ਤੋਂ ਵੱਧ ਸੀਟਾਂ ਜਿੱਤਣ ਦੀ ਕੋਸ਼ਿਸ਼ ਕਰੇਗੀ। ਉਨ੍ਹਾਂ ਕਿਹਾ ਕਿ ਪਾਰਟੀ ਜਿੰਨਾ ਹੋ ਸਕੇ 'ਇੰਡੀਆ ਗੱਠਜੋੜ ਦੀ ਲੋੜ' ਅਨੁਸਾਰ ਆਪਣੇ ਉਮੀਦਵਾਰ ਖੜ੍ਹੇ ਕਰ ਰਹੀ ਹੈ।

ਉਧਰ ਮਮਤਾ ਬੈਨਰਜੀ ਵੱਲੋਂ ਪੱਛਮੀ ਬੰਗਾਲ ਵਿੱਚ 'ਇੰਡੀਆ ਅਲਾਇੰਸ' ਨੂੰ ਨਜ਼ਰਅੰਦਾਜ਼ ਕਰਕੇ ਸਾਰੇ 42 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਗਿਆ ਹੈ। ਕਾਂਗਰਸ ਪਾਰਟੀ ਦਾ ਆਖਣਾ ਹੈ ਕਿ ਆਸਾਮ ਅਤੇ ਪੱਛਮੀ ਬੰਗਾਲ ਵਿੱਚ ਭਾਵੇਂ ਸਾਡੇ ਵਿਚਕਾਰ ਕੁਝ ਮਸਲੇ ਖੜ੍ਹੇ ਹਨ, ਪਰ ਇਨ੍ਹਾਂ ਨੂੰ ਹੱਲ ਕਰ ਲਿਆ ਜਾਵੇਗਾ। ਕੇ.ਸੀ. ਵੀਨੂਗੋਪਾਲ ਨੇ ਕਿਹਾ ਕਿ ਜਿਸ ਕਿਸਮ ਦਾ ਅਸੀਂ ਸਹਿਯੋਗ ਕਰ ਰਹੇ ਹਾਂ, ਦੂਜੀਆਂ ਪਾਰਟੀਆਂ ਨੂੰ ਵੀ ਇਸੇ ਕਿਸਮ ਦਾ ਸਹਿਯੋਗ ਕਰਨਾ ਚਾਹੀਦਾ ਹੈ। ਪਾਰਟੀ ਦੇ ਕੇਂਦਰੀ ਚੋਣ ਕਮਿਸ਼ਨ ਵੱਲੋਂ ਆਪਣੀ ਅਗਲੀ ਮੀਟਿੰਗ ਤੋਂ ਬਾਅਦ ਰਾਜਸਥਾਨ, ਉੱਤਰਾਖੰਡ ਅਤੇ ਹਿਮਾਚਲ ਵਿੱਚ ਪਾਰਟੀ ਉਮੀਦਵਾਰਾਂ ਦਾ ਐਲਾਨ ਕੀਤਾ ਜਾਵੇਗਾ।



ਭਾਰਤੀ ਜਨਤਾ ਪਾਰਟੀ ਵੱਲੋਂ ਬੀਤੀ 2 ਫਰਵਰੀ ਨੂੰ 195 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ। ਇਸ ਲਿਸਟ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿੱਤ ਸ਼ਾਹ ਸਮੇਤ ਪਾਰਟੀ ਦੇ ਕਈ ਵੱਡੇ ਆਗੂ ਸ਼ਾਮਲ ਹਨ। ਪ੍ਰਧਾਨ ਮੰਤਰੀ ਉੱਤਰ ਪ੍ਰਦੇਸ਼ ਦੇ ਵਾਰਾਨਸੀ ਅਤੇ ਅਮਿੱਤ ਸ਼ਾਹ ਗੁਜ਼ਰਾਤ ਦੇ ਗਾਂਧੀ ਨਗਰ ਤੋਂ ਚੋਣ ਲੜਨਗੇ। ਭਾਜਪਾ ਦੇ ਹੋਰ ਦਿਗਜਾਂ ਵਿੱਚੋਂ ਰਾਜਨਾਥ ਸਿੰਘ ਯੂ.ਪੀ. ਦੇ ਲਖਨਊ ਤੋਂ ਅਤੇ ਜਿਉਤੀਰਾਦਿਤਿਆ ਸਿੰਧੀਆ ਮੱਧ ਪ੍ਰਦੇਸ਼ ਦੇ ਗੁੰਨਾ ਤੋਂ ਚੋਣ ਲੜਨਗੇ। ਲੋਕ ਸਭਾ ਸਪੀਕਰ ਓਮ ਬਿਰਲਾ ਰਾਜਸਥਾਨ ਦੇ ਕੋਟਾ ਤੋਂ ਅਤੇ ਸਿਮਰਤੀ ਇਰਾਨੀ ਅਮੇਠੀ ਤੋਂ ਚੋਣ ਮੈਦਾਨ ਵਿੱਚ ਉਤਰਨਗੇ। ਭਾਰਤੀ ਜਨਤਾ ਪਾਰਟੀ ਵੱਲੋਂ ਰਾਜਸਥਾਨ ਵਿੱਚ 16, ਜੰਮੂ ਕਸ਼ਮੀਰ ਵਿੱਚ 2, ਦਿੱਲੀ ਵਿੱਚ 5, ਉੱਤਰਾਖੰਡ ਵਿੱਚ 3, ਉੱਤਰ ਪ੍ਰਦੇਸ਼ ਵਿੱਚ 51, ਅਸਾਮ ਵਿੱਚ 11, ਅਰੁਣਾਚਲ ਪ੍ਰਦੇਸ਼ ਵਿੱਚ 2 ਅਤੇ ਤ੍ਰਿਪੁਰਾ ਵਿੱਚ ਇੱਕ ਉਮੀਦਵਾਰ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਇਲਾਵਾ ਪੱਛਮੀ ਬੰਗਾਲ ਵਿੱਚ 20, ਝਾਰਖੰਡ ਵਿੱਚ 11, ਮੱਧ ਪ੍ਰਦੇਸ਼ ਵਿੱਚ 24, ਗੁਜਰਾਤ ਵਿੱਚ 15, ਛਤੀਸਗੜ੍ਹ ਵਿੱਚ 11, ਤੇਲੰਗਾਨਾ ਵਿੱਚ 9, ਕੇਰਲਾ ਵਿੱਚ 12 ਅਤੇ ਅੰਡੇਮਾਨ ਨਿਕੋਬਾਰ ਦੀ ਇੱਕੋ ਸੀਟ 'ਤੇ ਉਮੀਦਵਾਰਾਂ ਦੇ ਐਲਾਨ ਕੀਤੇ ਗਏ ਹਨ।

ਭਾਜਪਾ ਵੱਲੋਂ ਐਲਾਨੇ ਗਏ ਇਨ੍ਹਾਂ 195 ਉਮੀਦਵਾਰਾਂ ਵਿੱਚੋਂ 81 ਨਵੇਂ ਚਿਹਰੇ ਹਨ। 114 ਸੀਟਾਂ 'ਤੇ ਪਹਿਲਾਂ ਵਾਲੇ ਉਮੀਦਵਾਰ ਹੀ ਖੜ੍ਹੇ ਕੀਤੇ ਗਏ ਹਨ। ਇਹ 151 ਸੀਟਾਂ ਉਹ ਹਨ, ਜਿਨ੍ਹਾਂ 'ਤੇ ਪਿਛਲੀ ਵਾਰ ਵੀ ਭਾਰਤੀ ਜਨਤਾ ਪਾਰਟੀ ਨੇ ਹੀ ਜਿੱਤ ਪ੍ਰਾਪਤ ਕੀਤੀ ਸੀ। ਭਾਜਪਾ ਦੇ ਆਗੂ ਵਿਨੋਧ ਤਾਵਦੇ ਨੇ ਇਸ ਸੰਬੰਧੀ ਹੋਰ ਜਾਣਕਾਰੀ ਜਾਰੀ ਕਰਦਿਆਂ ਦੱਸਿਆ ਕਿ ਪਾਰਟੀ ਵੱਲੋਂ ਸੋਸ਼ਲ ਇੰਨੀਰਿੰਗ ਫਾਰਮੂਲੇ ਦੇ ਤਹਿਤ ਹਾਸ਼ੀਏ 'ਤੇ ਧੱਕੀਆਂ ਗਈਆਂ ਜਾਤਾਂ ਦੇ ਉਮੀਦਵਾਰਾਂ ਨੂੰ ਟਿਕਟਾਂ ਦਿੱਤੀਆਂ ਗਈਆਂ ਹਨ। ਇਸੇ ਤਹਿਤ 195 ਵਿੱਚੋਂ 28 ਸੀਟਾਂ ਔਰਤਾਂ ਨੂੰ ਦਿੱਤੀਆਂ ਗਈਆਂ ਹਨ। 27 ਉਮੀਦਵਾਰ ਸ਼ਡਿਊਲਡ ਕਾਸਟਾਂ ਵਿੱਚੋਂ ਹਨ; 16 ਸ਼ਡਿਊਲਡ ਟਰਾਈਬਜ਼ ਵਿੱਚੋਂ ਅਤੇ 57 ਉਮੀਦਵਾਰ ਓ.ਬੀ.ਸੀ. ਦੇ ਹਿੱਸੇ ਆਏ ਹਨ। 47 ਨੌਜਵਾਨ ਉਮੀਦਵਾਰ ਹਨ।

ਉਧਰ ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਨੇ ਰਾਜ ਦੀਆਂ ਸਾਰੀਆਂ 42 ਸੀਟਾਂ 'ਤੇ ਆਪਣੇ ਉਮੀਦਵਾਰ ਐਲਾਨ ਦਿੱਤੇ ਹਨ। ਇਹ ਕਾਂਗਰਸ ਦੀ ਅਗਵਾਈ ਵਾਲੇ 'ਇੰਡੀਆ' ਗੱਠਜੋੜ ਵਾਸਤੇ ਇੱਕ ਝਟਕਾ ਸਮਝਿਆ ਜਾ ਰਿਹਾ ਹੈ, ਪਰ ਕਾਂਗਰਸ ਪਾਰਟੀ ਹਾਲੇ ਵੀ ਤ੍ਰਿਣਮੂਲ ਕਾਂਗਰਸ ਨਾਲ ਆਪਣਾ ਗੱਠਜੋੜ ਜਾਰੀ ਰੱਖਣ ਦੀ ਗੱਲ ਕਰ ਰਹੀ ਹੈ। ਮਮਤਾ ਬੈਨਰਜੀ ਵੱਲੋਂ ਐਲਾਨੇ ਗਏ ਉਮੀਦਵਾਰਾਂ ਵਿੱਚ ਕ੍ਰਿਕਟਰ ਕਿਰਤੀ ਆਜ਼ਾਦ, ਯੂਸਫ ਪਠਾਨ ਤੋਂ ਇਲਾਵਾ ਅਭਿਸ਼ੇਕ ਬੈਨਰਜੀ, ਮਹੂਆ ਮਿੱਤਰਾ, ਸ਼ਤਰੂਗਨ ਸਿਨਾਹ, ਹਾਜੀ ਨੂਰੁਲ ਇਸਾਮ ਜਿਹੀਆਂ ਪ੍ਰਸਿੱਧ ਹਸਤੀਆਂ ਸ਼ਾਮਲ ਹਨ। ਪਾਰਟੀ ਨੇ ਆਪਣੇ 5 ਸਿਟਿੰਗ ਪਾਰਲੀਮੈਂਟ ਮੈਂਬਰਾਂ ਨੂੰ ਟਿਕਟ ਨਹੀਂ ਦਿੱਤੀ। ਉਮੀਦਵਾਰਾਂ ਦੀ ਲਿਸਟ ਸੰਬੰਧੀ ਗੱਲ ਕਰਦਿਆਂ ਪੱਛਮੀ ਬੰਗਾਲ ਦੇ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਕਿਹਾ ਕਿ ਅਸੀਂ ਪੱਛਮੀ ਬੰਗਾਲ ਵਿੱਚ ਇਕੱਲੇ ਚੋਣ ਲੜਾਂਗੇ। ਇਸ ਤੋਂ ਬਿਨਾ ਅਸਾਮ ਅਤੇ ਮੇਘਾਲਿਆਂ ਵਿੱਚ ਵੀ ਕੁਝ ਸੀਟਾਂ 'ਤੇ ਚੋਣ ਲੜੀ ਜਾਵੇਗੀ। ਉਨ੍ਹਾਂ ਹੋਰ ਦੱਸਿਆ ਕਿ ਉੱਤਰ ਪ੍ਰਦੇਸ਼ ਵਿੱਚ ਪਾਰਟੀ ਦੀ ਸਮਾਜਵਾਦੀ ਪਾਰਟੀ ਨਾਲ ਗੱਲਬਾਤ ਚੱਲ ਰਹੀ ਹੈ।

ਵੱਖ-ਵੱਖ ਪਾਰਟੀਆਂ ਵੱਲੋਂ ਉਮੀਦਵਾਰਾਂ ਦੇ ਐਲਾਨਾਂ ਦੇ ਨਾਲ ਨਾਲ ਪਾਰਟੀਆਂ ਵਿਚਕਾਰ ਚੋਣ ਸਮਝੌਤਿਆਂ ਅਤੇ ਆਗੂਆਂ ਦੇ ਪਾਰਟੀਆਂ ਬਦਲਣ ਦਾ ਦੌਰ ਵੀ ਜਾਰੀ ਹੈ। ਬੀਤੇ ਦਿਨੀਂ ਹਿਸਾਰ ਦੇ ਮੈਂਬਰ ਪਾਰਲੀਮੈਂਟ ਬਰਜੇਂਦਰ ਸਿੰਘ ਭਾਰਤੀ ਜਨਤਾ ਪਾਰਟੀ ਦਾ ਪੱਲਾ ਛੱਡ ਕੇ ਕਾਂਗਰਸ ਪਾਰਟੀ ਵਿੱਚ ਸ਼ਾਮਲ ਹੋ ਗਏ ਹਨ। ਉਹ ਇੱਕ ਸਾਬਕਾ ਆਈ.ਏ.ਐਸ. ਅਫਸਰ ਹਨ ਅਤੇ 21 ਸਾਲ ਦੇ ਕਾਰਜਕਾਲ ਤੋਂ ਬਾਅਦ ਨੌਕਰੀ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਏ ਸਨ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਉਨ੍ਹਾਂ ਨੇ ਦੁਸ਼ਿਅੰਤ ਚੌਟਾਲਾ ਨੂੰ ਤਿੰਨ ਲੱਖ ਤੋਂ ਵੱਧ ਵੋਟਾਂ ਨਾਲ ਹਰਾਇਆ ਸੀ।

ਆਂਧਰਾ ਪ੍ਰਦੇਸ਼ ਵਿੱਚ ਚੰਦਰ ਬਾਬੂ ਨਾਇਡੂ ਦੀ ਅਗਵਾਈ ਵਾਲੀ ਤੈਲਗੂ ਦੇਸਮ ਅਤੇ ਇੱਕ ਹੋਰ ਜਥੇਬੰਦੀ ਜਨ ਸੈਨਾ ਪਾਰਟੀ ਨਾਲ ਭਾਜਪਾ ਨੇ ਗੱਠਜੋੜ ਕਰ ਲਿਆ। ਇਸੇ ਤਰ੍ਹਾਂ ਤਾਮਿਲਨਾਡੂ ਦੀ ਪਾਰਟੀ ਡੀ.ਐਮ.ਕੇ. ਨੇ ਕਾਂਗਰਸ ਪਾਰਟੀ ਨਾਲ ਚੋਣ ਗੱਠਜੋੜ ਨਿਭਾਉਂਦਿਆਂ 9 ਲੋਕ ਸਭਾ ਸੀਟਾਂ ਛੱਡ ਦਿੱਤੀਆਂ ਹਨ। ਡੀ.ਐਮ.ਕੇ. ਨੇ 30 ਸੀਟਾਂ ਆਪਣੇ ਲਈ ਰੱਖੀਆਂ ਹਨ ਅਤੇ 9 ਸੀਟਾਂ 'ਤੇ ਪਾਰਟੀ ਕਾਂਗਰਸ ਪਾਰਟੀ ਦੀ ਹਮਾਇਤ ਕਰੇਗੀ।

ਇਸ ਤੋਂ ਇਲਾਵਾ ਪੰਜਾਬ ਵਿੱਚ ਅਕਾਲੀ ਦਲ ਅਤੇ ਭਾਰਤੀ ਜਨਤਾ ਪਾਰਟੀ ਨਜ਼ਦੀਕ ਆ ਰਹੇ ਹਨ। ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ ਪ੍ਰਕਾਸ਼ ਸਿੰਘ ਬਾਦਲ ਦੀ ਪਹਿਲੀ ਬਰਸੀ 'ਤੇ ਪੰਜਾਬ ਭਾਜਪਾ ਦੇ ਆਗੂ ਸੁਨੀਲ ਜਾਖੜ ਦੀ ਸ਼ਮੂਲੀਅਤ ਇਹ ਦਰਸਾਉਂਦੀ ਹੈ ਕਿ ਦੋਨੋਂ ਪਾਰਟੀਆਂ ਪੰਜਾਬ ਵਿੱਚ ਮਿਲ ਕੇ ਚੋਣਾਂ ਲੜਨ ਦੀ ਤਿਆਰੀ ਕਰ ਰਹੀਆਂ ਹਨ। ਜਾਖੜ ਨੇ ਆਪਣੇ ਭਾਸ਼ਨ ਵਿੱਚ ਪ੍ਰਕਾਸ਼ ਸਿੰਘ ਬਾਦਲ ਦਾ ਖੁੱਲ੍ਹ ਕੇ ਗੁਣਗਾਨ ਕੀਤਾ। ਇਸ ਤੋਂ ਇਲਾਵਾ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਵੀ ਇਸ ਸਮਾਗਮ ਵਿੱਚ ਮੌਜੂਦ ਸਨ।

ਦੂਜੇ ਪਾਸੇ ਕਾਂਗਰਸ ਅਤੇ ਆਮ ਆਦਮੀ ਪਾਰਟੀ ਨੇ ਦਿੱਲੀ ਵਿੱਚ ਤਾਂ ਕਾਂਗਰਸ ਪਾਰਟੀ ਨਾਲ ਮਿਲ ਕੇ ਚੋਣਾਂ ਲੜਨ ਦਾ ਫੈਸਲਾ ਕਰ ਲਿਆ ਹੈ, ਪਰ ਪੰਜਾਬ ਵਿੱਚ ਗੱਲ ਕਿਸੇ ਸਿਰੇ ਲਗਦੀ ਵਿਖਾਈ ਨਹੀਂ ਦੇ ਰਹੀ। ਕੁੱਲ ਮਿਲਾ ਕੇ ਦੇਸ਼ ਵਿੱਚ ਚੋਣ ਸਰਗਰਮੀ ਕਾਫੀ ਤੇਜ਼ ਹੋ ਗਈ ਹੈ। ਭਾਵੇਂ ਰਾਹੁਲ ਗਾਂਧੀ ਦੂਜੀ ਭਾਰਤ ਜੋੜੋ ਨਿਯਾਏ ਯਾਤਰਾ 'ਤੇ ਹਨ, ਪਰ ਉਹ ਪੇਂਡੂ ਖਾਸ ਕਰਕੇ ਕਿਸਾਨ ਆਰਥਕਤਾ ਅਤੇ ਬੇਰੁਜ਼ਗਾਰੀ ਨੂੰ ਵੱਡਾ ਮੁੱਦਾ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਜਦਕਿ ਭਾਜਪਾ ਰਾਮ ਮੰਦਰ, ਧਰੁਵੀਕਰਨ ਅਤੇ ਵਿਕਾਸ ਨੂੰ ਕੇਂਦਰੀ ਚੋਣ ਮੁੱਦੇ ਬਣਾਉਣ ਦਾ ਯਤਨ ਕਰ ਰਹੀ ਹੈ। ਲਗਦਾ ਇੰਜ ਹੈ ਕਿ ਬਦਲੀਆਂ ਆਰਥਕ ਹਾਲਤਾਂ ਵਿੱਚ ਲੋਕ ਰੁਜ਼ਗਾਰ ਅਤੇ ਆਰਥਕ ਮਸਲਿਆਂ ਵੱਲ ਵਧੇਰੇ ਤਵੱਜੋ ਦੇ ਰਹੇ ਹਨ। ਇਨ੍ਹਾਂ ਮਸਲਿਆਂ ਨੂੰ ਲੈ ਕੇ ਬਿਹਾਰ ਵਿੱਚ ਤੇਜੱਸਵੀ ਯਾਦਵ ਲੋਕਾਂ ਨੂੰ ਆਪਣੇ ਵੱਲ ਖਿਚਣ ਵਿੱਚ ਸਫਲ ਹੋ ਰਿਹਾ ਹੈ ਅਤੇ ਅਜਿਹੇ ਹੀ ਮਸਲਿਆਂ ਨੂੰ ਲੈ ਕੇ ਰਾਹੁਲ ਗਾਂਧੀ ਦੁਆਲੇ ਵੀ ਭੀੜ ਜੁੜਨ ਲੱਗੀ ਹੈ। ਕਾਂਗਰਸ ਵੱਲੋਂ ਮਿਲਟਰੀ ਦੀ ਪਰਮਾਨੈਂਟ ਭਰਤੀ ਬੰਦ ਕਰਨ ਦਾ ਮਸਲਾ ਵੀ ਪੇਂਡੂ ਕਿਸਾਨਾਂ ਅਤੇ ਮਜ਼ਦੂਰਾਂ ਖਾਸ ਕਰਕੇ ਨੌਜਵਾਨਾਂ ਨੂੰ ਪ੍ਰਭਾਵਤ ਕਰ ਰਿਹਾ। ਰਾਮ ਮੰਦਰ ਪੁਲਵਾਮਾ ਵਾਂਗ ਕੇਂਦਰੀ ਮਸਲਾ ਬਣਦਾ ਵਿਖਾਈ ਨਹੀਂ ਦੇ ਰਿਹਾ। ਇਸ ਹਾਲਤ ਵਿੱਚ ਚੋਣ ਨਤੀਜਿਆਂ ਦਾ ਊਠ ਕੋਈ ਵੀ ਕਰਵਟ ਲੈ ਸਕਦਾ ਹੈ। ਚੋਣ ਜੰਗ ਜਦੋਂ ਹੋਰ ਅੱਗੇ ਵਧੇਗੀ ਤਾਂ ਸਥਿਤੀ ਵਧੇਰੇ ਸਾਫ ਹੋਣ ਲੱਗੇਗੀ।


ONE STOP FOR YOUR DREAM EVENTS
• Weddings/Destination Weddings
• Social & Corporate Events
• Quinceañera/Themed Parties
• Catered Events
• Bridal Makeup/Henna
• Designer Dresses/Rental for Bride/Groom/Family/Friends
• Photography/Videography
• Photobooth rental of all types!
• Custom Decor
• DJ/Singer/Emcee/Lighting
• Venues
SONA WEDDING & EVENT PLANNERS
for more information and details contact us:
Mona Bhalla
Planner & Event Consultant
224.369.6100
info@sona-events.com
www.sona-events.com
sonaeventss
sonaeventss

Prepare for Tomorrow Now With Comprehensive Retirement Planning
■Annuities ■Life Insurance ■Long-Term Care
■Medicare Planning ■Disability Income
Call Gurpreet Singh
Retirement and Insurance Advisor
Cell: 630-677-6144
Email: Preetisingh@ffig.com
FUTURITY FIRST
Retirement | Life | Health
Futurity First Insurance Group

# ਪੰਜਾਬ ਦੇ ਬਜਟ ਦੀਆਂ ਤਰਜੀਹਾਂ ਅਤੇ ਸਿਆਸੀ-ਸਮਾਜਕ ਹਕੀਕਤਾਂ


## ਬਜਟ ਚਰਚਾ

ਪੰਜਾਬੀ ਪਰਵਾਜ਼ ਬਿਊਰੋ

ਪੰਜਾਬ ਦਾ ਬਜਟ ਬੀਤੀ 5 ਮਾਰਚ ਨੂੰ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤਾ ਗਿਆ। ਸਾਲ 2024-25 ਲਈ ਪੇਸ਼ ਕੀਤੇ ਗਏ ਇਸ ਬਜਟ ਵਿੱਚ ਪੰਜਾਬ ਸਰਕਾਰ ਨੇ ਨਾ ਤਾਂ ਕੋਈ ਨਵਾਂ ਟੈਕਸ ਲਾਇਆ ਹੈ ਅਤੇ ਨਾ ਹੀ ਆ ਰਹੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਪੰਜਾਬ ਦੇ ਕਿਸੇ ਵਰਗ ਨੂੰ ਕੋਈ ਵਿਸ਼ੇਸ਼ ਰਿਆਇਤ ਦਿੱਤੀ ਗਈ ਹੈ। ਬਜਟ 'ਤੇ ਸਰਸਰੀ ਨਜ਼ਰ ਮਾਰਿਆਂ ਹੀ ਪਤਾ ਲਗਦਾ ਹੈ ਕਿ ਰਾਜ ਵਿੱਤੀ ਤੰਗੀ ਦਾ ਸਾਹਮਣਾ ਕਰ ਰਿਹਾ ਹੈ। ਜੇ ਇਹ ਚੋਣਾਂ ਦਾ ਸਾਲ ਨਾ ਹੁੰਦਾ ਤਾਂ ਪੰਜਾਬ ਸਰਕਾਰ ਵਲੋਂ ਵਿੱਤੀ ਤੋਟ ਦੇ ਮੱਦੇਨਜ਼ਰ ਕੁਝ ਹੋਰ ਟੈਕਸ ਲਗਾਏ ਜਾਂਦੇ। ਜੇ ਵਿੱਤੀ ਖੁਸ਼ਹਾਲੀ ਹੁੰਦੀ ਤਾਂ ਲੋਕ ਸਭਾ ਚੋਣਾਂ ਕਾਰਨ ਲਾਜ਼ਮੀ ਹੀ ਕਿਸੇ ਨਾ ਕਿਸੇ ਵਰਗ ਲਈ ਆਰਥਕ ਰਿਆਇਤਾਂ ਦਾ ਐਲਾਨ ਕੀਤਾ ਜਾਂਦਾ। ਜਦੋਂ ਟੈਕਸਾਂ ਦਾ ਵੱਡਾ ਹਿੱਸਾ ਕੇਂਦਰ ਨੂੰ ਜਾ ਰਿਹਾ ਹੈ ਅਤੇ ਉਸ ਵੱਲੋਂ ਇਕੱਠੇ ਕੀਤੇ ਜਾਂਦੇ ਟੈਕਸਾਂ ਵਿੱਚੋਂ ਵੀ ਰਾਜ ਨੂੰ ਦਿੱਤੇ ਜਾਣ ਵੇਲੇ ਹੱਥ ਖਿੱਚਿਆ ਜਾ ਰਿਹਾ ਹੈ ਤਾਂ ਆਮ ਆਦਮੀ ਪਾਰਟੀ ਰਾਜ ਵਿੱਚ ਕਿਸੇ ਨਾ ਕਿਸੇ ਤਰ੍ਹਾਂ ਸਰਕਾਰ ਰੋੜ੍ਹੀਂ ਤੁਰੀ ਜਾ ਰਹੀ ਹੈ। ਸਾਡੇ ਰਾਜਾਂ ਅਤੇ ਦੇਸ਼ ਵਿੱਚ ਬਜਟ ਦੀ ਪੇਸ਼ਕਾਰੀ ਇੱਕ ਤਰ੍ਹਾਂ ਦੀ ਰਸਮ ਹੀ ਹੈ। ਇਹ ਆਉਣ ਵਾਲੇ ਸਮੇਂ ਵਿੱਚ ਕੀਤੇ ਜਾਣ ਵਾਲੇ ਖਰਚ ਦੇ ਅਨੁਮਾਨਾਂ ਅਤੇ ਅੰਕੜਿਆਂ ਦੀ ਖੇਡ ਹੈ। ਫਿਰ ਵੀ ਸਰਕਾਰ ਕਿਨ੍ਹਾਂ ਖੇਤਰਾਂ ਨੂੰ ਤਰਜੀਹ ਦੇ ਰਹੀ ਹੈ, ਬਜਟ ਪੇਸ਼ਾਕਾਰੀ ਤੋਂ ਇਹ ਜ਼ਰੂਰ ਪਤਾ ਲੱਗ ਜਾਂਦਾ ਹੈ।

ਪੰਜਾਬ ਸਰਕਾਰ ਵੱਲੋਂ ਇਸ ਵਾਰ ਕੁੱਲ 2,04918 ਕਰੋੜ ਰੁਪਏ ਦੇ ਪੇਸ਼ ਕੀਤੇ ਗਏ ਬਜਟ ਵਿੱਚ ਸਿਹਤ, ਸਿੱਖਿਆ, ਖੇਤੀ ਅਤੇ ਜਨਤਕ ਬੁਨਿਆਦੀ ਢਾਂਚੇ ਨੂੰ ਤਰਜੀਹ ਦਿੱਤੀ ਗਈ ਹੈ। ਬਜਟ ਵਿੱਚ 1,27134 ਕਰੋੜ ਦੇ ਮਾਲੀਆ ਖਰਚਿਆਂ ਦੇ ਮੁਕਾਬਲੇ 1,03936 ਕਰੋੜ ਰੁਪਏ ਦੀ ਮਾਲੀਆ ਪ੍ਰਾਪਤੀ ਦਾ ਅਨੁਮਾਨ ਮਿਥਿਆ ਗਿਆ ਹੈ। ਇੰਜ 23198.14 ਕਰੋੜ ਦੇ ਮਾਲੀਆ ਘਾਟੇ ਦਾ ਅਨੁਮਾਨ ਲਾਇਆ ਗਿਆ ਹੈ ਅਤੇ ਅਠੱਤੀ ਹਜ਼ਾਰ ਕਰੋੜ ਤੋਂ ਵਧੇਰੇ ਮਾਰਕੀਟ ਲੋਨ ਚੁੱਕਣ ਦੀ ਗੱਲ ਕਹੀ ਗਈ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵਿੱਤ ਮੰਤਰੀ ਦੀ ਸਿਫਤ ਕਰਦਿਆਂ ਆਖਿਆ ਕਿ ਇਹ ਬਜਟ 'ਰੰਗਲਾ ਪੰਜਾਬ' ਬਣਾਉਣ ਵੱਲ ਅਹਿਮ ਕਦਮ ਹੈ।

## ਬੁਨਿਆਦੀ ਸਮਾਜਕ-ਆਰਥਕ ਸੁਧਾਰਾਂ ਦੀ ਲੋੜ



ਬਜਟ ਵਿੱਚ ਪੰਜਾਬ ਸਰਕਾਰ ਨੇ ਸਿੱਖਿਆ 'ਤੇ 16987 ਕਰੋੜ ਰੁਪਏ ਦਾ ਖਰਚ ਕਰਨ ਦਾ ਅਹਿਦ ਕੀਤਾ ਹੈ। ਇਸ ਤਰ੍ਹਾਂ ਸਿਹਤ ਦੇ ਖੇਤਰ ਲਈ 5264 ਕਰੋੜ ਰੁਪਏ ਰੱਖੇ ਗਏ ਹਨ। ਖੇਤੀਬਾੜੀ ਲਈ 13784 ਕਰੋੜ ਰੁਪਏ ਰੱਖੇ ਗਏ ਹਨ। ਖੇਤੀ ਦੀ ਬਿਜਲੀ ਸਬਸਿਡੀ ਅਤੇ ਫਸਲੀ ਵਿੱਭਿੰਨਤਾ ਲਈ ਅਲੱਗ ਤੌਰ 'ਤੇ ਕ੍ਰਮਵਾਰ 9330 ਕਰੋੜ ਤੇ 575 ਕਰੋੜ ਰੁਪਏ ਖਰਚ ਕਰਨ ਦਾ ਅਹਿਦ ਕੀਤਾ ਗਿਆ ਹੈ। ਇਸ ਤੋਂ ਇਲਾਵਾ ਬੁਨਿਆਦੀ ਢਾਂਚੇ ਲਈ ਸਭ ਤੋਂ ਜ਼ਿਆਦਾ 24283 ਕਰੋੜ ਰੁਪਏ ਖਰਚਣ ਦਾ ਜ਼ਿਕਰ ਕੀਤਾ ਗਿਆ ਹੈ। ਇਹ ਕੁੱਲ ਬਜਟ ਦਾ 16.4 ਫੀਸਦੀ ਬਣਦਾ ਹੈ। ਇਸ ਤੋਂ ਇਲਾਵਾ ਕੌਮੀ ਸਿਹਤ ਮਿਸ਼ਨ, ਆਮ ਆਦਮੀ ਕਲਿਨਿਕਾਂ ਅਤੇ ਘਰ-ਘਰ ਮੁਫਤ ਰਾਸ਼ਨ ਲਈ ਕ੍ਰਮਵਾਰ 9,61,249 ਅਤੇ 250 ਕਰੋੜ ਰੁਪਏ ਰੱਖੇ ਗਏ ਹਨ। ਜਿੱਥੋਂ ਤੱਕ ਸਰਕਾਰੀ ਆਮਦਨ ਦਾ ਸਵਾਲ ਹੈ, ਮੁੱਖ ਤੌਰ 'ਤੇ ਜੀ.ਐਸ.ਟੀ. ਤੋਂ 25740, ਆਬਕਾਰੀ ਤੋਂ 10350, ਵੈਟ ਤੋਂ 8550, ਸਟੈਂਪ ਡਿਊਟੀ ਤੋਂ 5750, ਵਾਹਨਾਂ ਦੇ ਟੈਕਸ ਤੋਂ 4350, ਬਿਜਲੀ ਡਿਊਟੀ ਤੋਂ 3500 ਕਰੋੜ ਰੁਪਏ ਦੀ ਆਮਦਨ ਵਿਖਾਈ ਗਈ। ਆਮਦਨ ਦੇ ਉਪਰੋਕਤ ਵੇਰਵਿਆਂ ਤੋਂ ਪਤਾ ਲਗਦਾ ਹੈ ਕਿ ਜੀ.ਐਸ.ਟੀ., ਆਬਕਾਰੀ ਅਤੇ ਵੈਟ ਤੋਂ ਆਮਦਨ ਹੀ ਰਾਜ ਸਰਕਾਰ ਲਈ ਪ੍ਰਮੁੱਖ ਆਮਦਨ ਦੇ ਸਾਧਨ ਹਨ। ਇਸ ਆਮਦਨ ਲਈ ਰਾਜ ਦੇ ਲੋਕ ਜੀ.ਐਸ.ਟੀ. ਅਤੇ ਵੈਟ ਜਿਹੇ ਦੂਹਰੇ ਟੈਕਸਾਂ ਦੀ ਮਾਰ ਝੱਲ ਰਹੇ ਹਨ।

ਇਸ ਤੋਂ ਇਲਾਵਾ ਜਦੋਂ ਸਿੰਥੈਟਿਕ ਨਸ਼ਿਆਂ ਨੇ ਪੰਜਾਬ ਦੀ ਜਵਾਨੀ ਦਾ ਪਹਿਲਾਂ ਹੀ ਲੱਕ ਤੋੜ ਰੱਖਿਆ ਹੈ ਤਾਂ ਸ਼ਰਾਬ ਤੋਂ ਆਮਦਨ ਵਧਾਉਣ ਲਈ ਜ਼ੋਰ ਲਾਇਆ ਜਾ ਰਿਹਾ ਹੈ। ਪੰਜਾਬ ਦੀਆਂ ਬੀਬੀਆਂ ਲਈ ਵੱਖਰੇ ਸ਼ਰਾਬ ਦੇ ਠੇਕੇ ਖੋਲ੍ਹਣ ਲਈ ਵੀ ਪੰਜਾਬ ਸਰਕਾਰ ਨੇ ਗੱਲ ਚਲਾਈ ਸੀ। ਇਸ ਦੇ ਨਾਲ ਹੀ ਸਿੰਥੈਟਿਕ ਨਸ਼ਿਆਂ ਦੇ ਕਥਿੱਤ ਮੁਕਾਬਲੇ ਲਈ ਪੰਜਾਬ ਵਿੱਚ ਅਫੀਮ ਦੇ ਠੇਕੇ ਖੋਲ੍ਹਣ ਦਾ ਵੀ ਹੋਕਾ ਦਿੱਤਾ ਜਾ ਰਿਹਾ ਹੈ। ਇੱਥੇ ਜ਼ਿਕਰਯੋਗ ਹੈ ਕਿ ਪਟਿਆਲਾ ਤੋਂ ਲੋਕ ਸਭਾ ਮੈਂਬਰ ਡਾ. ਧਰਮਵੀਰ ਸਿੰਘ ਗਾਂਧੀ ਵੀ ਪੰਜਾਬ ਵਿੱਚ ਅਫੀਮ ਦੀ ਖੇਤੀ ਦੀ ਇਜਾਜ਼ਤ ਦੇਣ ਦੀ ਵਕਾਲਤ ਕਰਦੇ ਰਹੇ ਹਨ। ਉਨ੍ਹਾਂ ਦੀ ਦਲੀਲ ਹੈ ਕਿ ਇਸ ਨਾਲ ਜਿੱਥੇ ਕਿਸਾਨਾਂ ਦੀ ਆਮਦਨ ਵਧੇਗੀ, ਉਸ ਦੇ ਨਾਲ ਹੀ ਪੰਜਾਬ ਵਿੱਚ ਸਿੰਥੈਟਿਕ ਨਸ਼ਿਆਂ ਦਾ ਪ੍ਰਕੋਪ ਵੀ ਘਟੇਗਾ। ਡਾ. ਗਾਂਧੀ ਮੈਡੀਸਨ ਵਿੱਚ ਐਮ.ਡੀ. ਹਨ ਅਤੇ ਮਾਓਵਾਦ ਨਾਲ ਸਬੰਧਤ ਰਹੇ ਹੋਣ ਕਾਰਨ ਉਹ ਗੋਰਿਆਂ ਵੱਲੋਂ ਚੀਨ ਨੂੰ ਅਫੀਮਚੀ ਬਣਾ ਦਿੱਤੇ ਜਾਣ ਅਤੇ ਫਿਰ ਇਸ ਨੂੰ ਲੈ ਕੇ ਹੋਈ ਜੰਗ ਬਾਰੇ ਵੀ ਜਾਣਦੇ ਹੀ ਹੋਣਗੇ। ਇਸ ਲਈ ਸਾਰੀ ਸਥਿਤੀ ਬਾਰੇ ਵਿਚਾਰ ਬੜੀ ਸੋਚ ਸਮਝ ਕੇ ਅੱਗੇ ਵਧਾਉਣੀ ਚਾਹੀਦੀ ਹੈ।

ਜਿੱਥੋਂ ਤੱਕ ਪੰਜਾਬ ਦੇ ਆਰਥਕ ਵਿਕਾਸ ਅਤੇ ਖੁਸ਼ਹਾਲੀ ਦਾ ਸੁਆਲ ਹੈ, ਇਸ ਦੇ ਲਈ ਕਿਸੇ ਚਾਣਕਿਆ ਦੀ ਸਲਾਹ ਲੈਣ ਦੀ ਲੋੜ ਨਹੀਂ ਸਗੋਂ ਕੁਝ ਬੁਨਿਆਦੀ ਖੇਤਰਾਂ 'ਤੇ ਕੰਮ ਕਰਨ ਦੀ ਲੋੜ ਹੈ। ਖੁਸ਼ਕਿਸਮਤੀ ਵੱਸ ਇਨ੍ਹਾਂ ਦਾ ਜ਼ਿਕਰ ਪੰਜਾਬ ਸਰਕਾਰ ਨੇ ਆਪਣੇ ਬਜਟ ਵਿੱਚ ਕੀਤਾ ਹੈ। ਸਭ ਤੋਂ ਮੁਢਲਾ ਖੇਤਰ ਸਿਹਤ ਅਤੇ ਸਿੱਖਿਆ ਦਾ ਹੈ। ਸਿਹਤ, ਸਿੱਖਿਆ ਤੋਂ ਵੀ ਪਹਿਲਾਂ ਆਉਂਦੀ ਹੈ। ਇਹਦੇ ਲਈ ਇਹ ਜ਼ਰੂਰੀ ਹੈ ਕਿ ਪੰਜਾਬ ਵਿੱਚ ਵੱਸਦੇ ਹਰ ਬਾਸ਼ਿੰਦੇ ਦੀ ਘੱਟੋ-ਘੱਟ ਆਮਦਨ ਨੂੰ ਯਕੀਨੀ ਬਣਇਆ ਜਾਵੇ। ਲੋਕ ਹਵਾ ਖਾ ਕੇ ਨਹੀਂ ਸਿਹਤਮੰਦ ਹੋ ਸਕਦੇ। ਉਨ੍ਹਾਂ ਕੋਲ ਚੰਗੀ ਤੇ ਸਿਹਤਮੰਦ ਖੁਰਾਕ ਲਈ ਆਮਦਨ ਹੋਣੀ ਚਾਹੀਦੀ ਹੈ। ਚੰਗੀ ਸਿਹਤ ਤੋਂ ਬਾਅਦ ਚੰਗੀ ਅਤੇ ਰੁਜ਼ਗਾਰਮੁਖੀ ਸਿਖਿਆ ਦਾ ਖੇਤਰ ਆਉਂਦਾ ਹੈ। ਛੋਟੇ ਕਿੱਤਿਆਂ ਦੀ ਸਿੱਖਿਆ ਪੰਜਾਬੀ ਭਾਸ਼ਾ ਵਿੱਚ ਦਿੱਤੀ ਜਾਣੀ ਚਾਹੀਦੀ ਹੈ ਤਾਂ ਜੋ ਘੱਟ ਪੜ੍ਹੇ ਲਿਖੇ ਲੋਕ ਵੀ ਕਿੱਤਾ ਮੁਖੀ ਸਿੱਖਿਆ ਹਾਸਲ ਕਰ ਸਕਣ। ਪੰਜਾਬ ਵਿੱਚ ਮੌਜੂਦ ਸਨਅਤਾਂ ਦੀ ਲੋੜ ਦੇ ਅਨੁਸਾਰ ਹੀ ਸਿੱਖਿਆ ਦਿੱਤੀ ਜਾਣੀ ਚਾਹੀਦੀ ਹੈ। ਇਸ ਤੋਂ ਇਲਾਵਾ ਘਟੋ-ਘੱਟ ਤਨਖਾਹ ਦੇ ਸਬੰਧ ਵਿੱਚ ਕਾਨੂੰਨ ਹੋਣਾ ਚਾਹੀਦਾ ਹੈ ਅਤੇ ਆਮ ਮਜ਼ਦੂਰ ਦੀ ਤਨਖਾਹ ਵੀ ਵੀਹ ਹਜ਼ਾਰ ਰੁਪਏ ਤੋਂ ਘੱਟ ਨਹੀਂ ਹੋਣੀ ਚਾਹੀਦੀ। ਇਸ ਦੇ ਨਾਲ ਹੀ ਪੰਜਾਬ ਵਿਚਲੇ ਸਨਅਤੀ ਖੇਤਰ ਵਿੱਚ 80 ਫੀਸਦੀ ਨੌਕਰੀਆਂ ਪੰਜਾਬ ਦੇ ਲੋਕਾਂ ਲਈ ਰਾਖਵੀਆਂ ਕੀਤੀਆਂ ਜਾਣੀਆਂ ਚਾਹੀਦੀਆ ਹਨ।

ਵੱਡੀਆਂ-ਛੋਟੀਆਂ ਸਨਅਤਾਂ ਪੰਜਾਬ ਦੀ ਹਵਾ, ਪਾਣੀ ਅਤੇ ਮਿੱਟੀ ਨੂੰ ਪ੍ਰਦੂਸ਼ਿਤ ਕਰਦੀਆਂ ਹਨ, ਪਰ ਇਸ ਦੇ ਇਵਜ਼ ਵਜੋਂ ਨੌਕਰੀਆਂ ਵੀ ਉਨ੍ਹਾਂ ਨੂੰ ਨਹੀਂ ਦਿੰਦੀਆਂ। ਪੰਜਾਬ ਦੀ ਜ਼ਮੀਨ ਅਤੇ ਪੌਣ ਪਾਣੀ ਦੀ ਵਰਤੋਂ ਕਰਨ ਵਾਲੀਆਂ ਸਨਅਤਾਂ ਨੂੰ ਪੰਜਾਬ ਦੇ ਲੋਕਾਂ ਨੂੰ ਰੁਜ਼ਗਾਰ ਦੇਣ ਲਈ ਮਜ਼ਬੂਰ ਕੀਤਾ ਜਾਣਾ ਚਾਹੀਦਾ ਹੈ। ਇਸ ਸਬੰਧ ਵਿੱਚ ਪੰਜਾਬ ਸਰਕਾਰ ਵੱਲੋਂ ਬਾਕਾਇਦਾ ਕਾਨੂੰਨ ਬਣਾਇਆ ਜਾਣਾ ਚਾਹੀਦਾ ਹੈ। ਪੰਜਾਬ ਦੇ ਸਾਰੇ ਗੁਆਂਢੀ ਰਾਜਾਂ ਨੇ ਪਹਿਲਾਂ ਹੀ ਅਜਿਹੇ ਕਾਨੂੰਨ ਬਣਾਏ ਹੋਏ ਹਨ। ਬਾਹਰਲੇ ਰਾਜਾਂ ਵਿੱਚੋਂ ਆਉਣ ਵਾਲੇ ਕਾਮਿਆਂ ਲਈ ਪੰਜਾਬੀ ਭਾਸ਼ਾ ਅਤੇ ਇਤਿਹਾਸ ਦੀ ਸਿੱਖਿਆ ਲਾਜ਼ਮੀ ਬਣਾਈ ਜਾਣੀ ਚਾਹੀਦੀ ਹੈ; ਤਾਂ ਕਿ ਇੱਥੇ ਕੰਮ ਕਰਨ ਆਉਣ ਵਾਲੇ ਲੋਕ ਇਸ ਰਾਜ ਦੇ ਲੋਕਾਂ ਦੀਆਂ ਧਾਰਮਿਕ, ਸਮਾਜਕ ਅਤੇ ਸਭਿਆਚਾਰਕ ਰਹੁਰੀਤਾਂ ਤੇ ਸੰਵੇਦਨਾਵਾਂ ਪ੍ਰਤੀ ਜਾਗਰੂਕ ਹੋ ਸਕਣ। ਅਜਿਹੇ ਕੁਝ ਬੁਨਿਆਦੀ ਸੁਧਾਰ ਅਤੇ ਇਨ੍ਹਾਂ 'ਤੇ ਗੰਭੀਰਤਾ ਅਤੇ ਤਨਦੇਹੀ ਨਾਲ ਅਮਲ ਹੀ ਪੰਜਾਬ ਦੇ ਪੁਨਰਉਥਾਨ ਦਾ ਆਧਾਰ ਬਣ ਸਕਦਾ ਹੈ।

ਇਸ ਤਰ੍ਹਾਂ ਦੀ ਸਮਗਰ (ਹੋਲਿਸਟਿਕ) ਦ੍ਰਿਸ਼ਟੀ ਤੋਂ ਇਲਾਵਾ ਕੀਤਾ ਜਾਣ ਵਾਲਾ ਕੋਈ ਵੀ ਆਰਥਕ ਵਿਕਾਸ ਹੋਰ ਭਾਵੇਂ ਕਿਸੇ ਨੂੰ ਫਾਇਦਾ ਪਹੁੰਚਾਵੇ, ਪੰਜਾਬ ਦੇ ਲੋਕਾਂ ਦਾ ਕੁਝ ਨਹੀਂ ਸੁਆਰ ਸਕੇਗਾ। ਪੰਜਾਬ ਦੇ ਬਜਟ ਅਨੁਮਾਨਾਂ ਵਿੱਚ ਤਰਜੀਹਾਂ ਠੀਕ ਨੇ, ਪਰ ਜਮੀਨ ਤੱਕ ਪਹੁੰਚਦਿਆਂ ਇਨ੍ਹਾਂ ਨੂੰ ਸਥਾਨਕ ਜ਼ਿੰਦਗੀ ਪ੍ਰਤੀ ਅਸੰਵੇਦਨਸ਼ੀਲਤਾ, ਅਣਗਹਿਲੀ ਅਤੇ ਡੂੰਘੇ ਧਸੇ ਭ੍ਰਿਸ਼ਟਾਚਾਰ ਦਾ ਘੁਣ ਲੱਗ ਜਾਂਦਾ ਹੈ। ਪੰਜਾਬ ਪ੍ਰਤੀ ਕੋਈ ਜਨੂਨ ਦੀ ਹੱਦ ਤੱਕ ਚੇਤਨ ਅਤੇ ਪ੍ਰਤੀਬਧ ਸਿਆਸੀ ਜਮਾਤ ਹੀ ਇਨ੍ਹਾਂ ਬਿਮਾਰੀਆਂ ਨਾਲ ਨਜਿੱਠ ਸਕਦੀ ਹੈ। ਉਹ ਵੀ ਉਦੋਂ ਜਦੋਂ ਸਹੀ ਤਰ੍ਹਾਂ ਦਾ ਫੈਡਰੇਲਿਜ਼ਮ ਦੇਸ਼ ਵਿੱਚ ਮੌਜੂਦ ਹੋਵੇ। ਦਿੱਲੀ ਵਿੱਚ ਕੇਂਦਰ ਨੇ 'ਆਪ' ਦੀ ਸਰਕਾਰ ਤੋਂ ਸ਼ਕਤੀਆਂ ਖੋਹ ਲਈਆਂ। ਇਹ ਫੈਡਰੇਲਿਜ਼ਮ 'ਤੇ ਵੱਡਾ ਹਮਲਾ ਸੀ। 'ਆਪ' ਨੇ ਇਸ ਵਿਰੁਧ ਚੂੰ ਤੱਕ ਨਹੀਂ ਕੀਤੀ। ਕੀ ਇਹ ਪੰਜਾਬ ਵਿੱਚ ਕਰ ਸਕੇਗੀ? ਜਾਂ ਪੰਜਾਬ ਦੇ ਮੌਰਾਂ 'ਤੇ ਚੜ੍ਹ ਕੇ ਕੇਂਦਰੀਕਰਨ ਦੀ ਦੌੜ ਵਿੱਚ ਭਾਜਪਾ ਨਾਲੋਂ ਅੱਗੇ ਨਿਕਲਣ ਦਾ ਯਤਨ ਕਰੇਗੀ?



# ਗੁਰਦੁਆਰਾ ਸਿਨਸਿਨੈਟੀ ਦਾ ਵਿਸ਼ੇਸ਼ ਇਜਲਾਸ ਵਿਵਾਦ ਦੀ ਭੇਟ ਚੜ੍ਹਿਆ

**ਸਿਨਸਿਨੈਟੀ, ਓਹਾਇਓ (ਕੁਲਜੀਤ ਦਿਆਲਪੁਰੀ):** ਗੁਰਦੁਆਰਾ ਗੁਰੂ ਨਾਨਕ ਸੁਸਾਇਟੀ, ਹੈਮਿਲਟਨ/ਸਿਨਸਿਨੈਟੀ ਦੇ ਹੈੱਡ ਗ੍ਰੰਥੀ ਸਿੰਘ ਦੇ ਮਾਮਲੇ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਕਿਸੇ ਤਣ ਪੱਤਣ ਲੱਗਣ ਦੀ ਥਾਂ ਹੋਰ ਉਲਝ ਗਿਆ ਹੈ। ਲੰਘੇ ਐਤਵਾਰ ਵਿਸ਼ੇਸ਼ ਇਜਲਾਸ ਕਿਸੇ ਸਿਰੇ ਲੱਗਣ ਤੋਂ ਪਹਿਲਾਂ ਹੀ ਸ਼ੋਰ ਸ਼ਰਾਬੇ ਦੀ ਭੇਟ ਚੜ੍ਹ ਗਿਆ ਅਤੇ ਮਾਹੌਲ ਤਲਖੀ ਵਾਲਾ ਬਣ ਗਿਆ। ਉਂਜ ਇਸ ਵਿਸ਼ੇਸ਼ ਇਜਲਾਸ ਨੂੰ ਸੰਗਤ ਦਾ ਇੱਕ ਹਿੱਸਾ ਗੈਰ-ਸੰਵਿਧਾਨਕ ਕਰਾਰ ਦੇ ਰਿਹਾ ਹੈ, ਕਿਉਂਕਿ ਉਸ ਦਾ ਕਹਿਣਾ ਹੈ ਕਿ ਇਜਲਾਸ ਬੁਲਾਏ ਜਾਣ ਦੇ ਅਸਲ ਵਿਸ਼ੇ ਬਾਰੇ ਸੰਗਤ ਨੂੰ ਜਾਣੂ ਨਹੀਂ ਸੀ ਕਰਵਾਇਆ ਗਿਆ।

ਮੀਟਿੰਗ ਦੌਰਾਨ ਸਥਿਤੀ ਇਹ ਪੈਦਾ ਹੋ ਗਈ ਕਿ ਧਿਰਾਂ ਨਾਲ ਜੁੜੇ ਕੁਝ ਲੋਕ ਦਰਬਾਰ ਹਾਲ ਅੰਦਰ ਹੀ ਆਪਸ ਵਿੱਚ ਖਹਿਬੜ ਪਏ ਅਤੇ ਪੁਲਿਸ ਬੂਟਾਂ ਸਣੇ ਦਰਬਾਰ ਹਾਲ ਅੰਦਰ ਪਹੁੰਚ ਗਈ। ਇਸ ਸਬੰਧੀ ਕਿਸੇ ਦੀ ਵੀ ਗ੍ਰਿਫਤਾਰੀ ਤੋਂ ਬਚਾਅ ਰਿਹਾ। ਜਾਣਕਾਰੀ ਅਨੁਸਾਰ ਵਿਸ਼ੇਸ਼ ਇਜਲਾਸ ਕਾਰਨ ਸੁਰੱਖਿਆ ਦੇ ਮੱਦੇਨਜ਼ਰ ਪੁਲਿਸ ਨੂੰ ਪਹਿਲਾਂ ਹੀ ਬੁਲਾਇਆ ਗਿਆ ਸੀ। ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਇੱਕ ਧਿਰ ਵੱਲੋਂ ਦੂਜੀ ਧਿਰ ਦੇ ਇੱਕ ਮੈਂਬਰ ਦੀ ਟਿੱਕ ਟੌਕ ਵੀਡੀਓ ਦਰਬਾਰ ਹਾਲ ਅੰਦਰ ਚਲਾਏ ਜਾਣ ਕਾਰਨ ਅਤੇ ਚਾਰ ਮੈਂਬਰਾਂ ਦੀ ਮੈਂਬਰਸ਼ਿੱਪ ਰੱਦ ਕਰਨ ਸਬੰਧੀ ਪਟੀਸ਼ਨ ਉਤੇ ਸੰਗਤ ਦੇ ਦਸਤਖਤ ਕਰਵਾਏ ਜਾਣ ਕਾਰਨ ਰੌਲਾ ਇੰਨਾ ਵਧ ਗਿਆ ਕਿ ਵਿਸ਼ੇਸ਼ ਇਜਲਾਸ ਕਿਸੇ ਸਿੱਟੇ 'ਤੇ ਨਾ ਪੁੱਜ ਸਕਿਆ।

ਜ਼ਿਕਰਯੋਗ ਹੈ ਕਿ ਗੁਰੂ ਘਰ ਦੇ ਹੈੱਡ ਗ੍ਰੰਥੀ ਵੱਲੋਂ ਅਖੰਡ ਪਾਠ ਦੌਰਾਨ ਕੁਝ ਪੰਨੇ ਬਿਨਾਂ ਪੜ੍ਹਿਆਂ ਪਲਟਣ ਨੂੰ ਲੈ ਕੇ ਪੈਦਾ ਹੋਇਆ ਮਾਮਲਾ ਦਿਨੋ ਦਿਨ ਗੁੰਝਲਦਾਰ ਹੋਣ ਦੇ ਨਾਲ ਨਾਲ ਸਿੱਖ ਮਰਿਆਦਾ ਦਾ ਘਾਣ ਕਰਨ ਵੱਲ ਨੂੰ ਵੀ ਵੱਧ ਗਿਆ ਹੈ। ਲੰਘੇ ਐਤਵਾਰ, 10 ਮਾਰਚ ਨੂੰ ਵਿਸ਼ੇਸ਼ ਇਜਲਾਸ ਸੱਦਿਆ ਗਿਆ ਸੀ, ਪਰ ਇਸ ਦੌਰਾਨ ਇੱਕ ਧਿਰ ਦੇ ਮੈਂਬਰਾਂ- ਰਣਜੀਤ ਸਿੰਘ, ਚਰਨਜੀਤ ਸਿੰਘ ਸੋਹਲ (ਪ੍ਰਬੰਧਕ ਕਮੇਟੀ ਦੇ ਮੀਤ ਪ੍ਰਧਾਨ), ਤੀਰਥ ਸਿੰਘ ਸੰਧਰ ਤੇ ਪਲਵਿੰਦਰ ਸਿੰਘ ਦੀ ਮੈਂਬਰਸ਼ਿੱਪ ਰੱਦ ਕਰਨ ਸਬੰਧੀ ਸੰਗਤ ਤੋਂ ਦਸਤਖਤ ਕਰਵਾਏ ਜਾਣ ਲੱਗੇ; ਕਿਉਂਕਿ ਉਕਤ ਮੈਂਬਰ ਗ੍ਰੰਥੀ ਸਿੰਘ ਦੇ ਮਾਮਲੇ ਬਾਰੇ ਅਕਾਲ ਤਖਤ ਦਾ ਹੁਕਮਨਾਮਾ ਲਾਗੂ ਕਰਨ ਸਬੰਧੀ ਆਖ ਰਹੇ ਸਨ, ਜਿਸ ਵਿੱਚ ਗ੍ਰੰਥੀ ਸਿੰਘ ਨੂੰ ਕਿਸੇ ਗੁਰੂ ਘਰ ਵਿੱਚ ਸੇਵਾ ਕਰਨ ਸਬੰਧੀ 'ਅਯੋਗ' ਕਾਰ ਦਿੱਤਾ ਗਿਆ ਹੈ। ਉਕਤ ਸੰਗਤ ਮੈਂਬਰਾਂ ਦਾ ਕਹਿਣਾ ਹੈ ਕਿ ਵਿਸ਼ੇਸ਼ ਇਜਲਾਸ ਵਿੱਚ ਅਸਲ ਗੱਲ ਦਾ ਜ਼ਿਕਰ ਨਾ ਕਰ ਕੇ ਸਗੋਂ ਉਨ੍ਹਾਂ ਦੀ ਮੈਂਬਰਸ਼ਿੱਪ ਰੱਦ ਕਰਨ ਸਬੰਧੀ ਦਸਤਖਤ ਕਰਵਾਏ ਜਾਣੇ ਅਸਲ ਮੁੱਦੇ ਤੋਂ ਭਟਕਾਉਣ ਦੀ ਕਾਰਵਾਈ ਸੀ। ਇਸ ਪਟੀਸ਼ਨ 'ਤੇ ਦਸਤਖਤ ਕਰਵਾਏ ਜਾਣ ਸਮੇਂ ਸੰਗਤ ਦੇ ਕੁਝ ਮੈਂਬਰਾਂ ਨੇ ਇਤਰਾਜ਼ ਵੀ ਪ੍ਰਗਟਾਇਆ; ਕਿਉਂਕਿ ਉਨ੍ਹਾਂ ਦੀ ਦਲੀਲ ਸੀ ਕਿ ਅਜਿਹਾ ਕਰਨਾ ਗੁਰਦੁਆਰਾ ਸੰਵਿਧਾਨ ਦੇ ਉਲਟ ਹੈ।

ਦੱਸ ਦਈਏ ਕਿ ਪਟੀਸ਼ਨ ਉਤੇ ਉਕਤ ਮੈਂਬਰਾਂ ਦੀ ਮੈਂਬਰਸ਼ਿੱਪ ਦਸ ਸਾਲ ਲਈ ਰੱਦ ਕਰਨ ਸਬੰਧੀ ਲਿਖਿਆ ਹੋਇਆ ਸੀ, ਪਰ ਸਬੰਧਤ ਮੈਂਬਰਾਂ ਦਾ ਕਹਿਣਾ ਹੈ ਕਿ ਇਸ ਬਾਰੇ ਗੁਰਦੁਆਰਾ ਸੰਵਿਧਾਨ ਵਿੱਚ ਅਜਿਹਾ ਕਰਨ ਸਬੰਧੀ ਜ਼ਿਕਰ ਨਹੀਂ ਹੈ। ਇਸ ਤੋਂ ਇਲਾਵਾ ਵਿਸ਼ੇਸ਼ ਇਜਲਾਸ ਦੌਰਾਨ ਇਸ ਸਬੰਧੀ ਕੋਈ ਮਤਾ ਪਾਸ ਨਹੀਂ ਸੀ ਹੋਇਆ, ਪਰ ਦੂਜੀ ਧਿਰ ਵਾਲੇ ਦਸਤਖਤ ਕਰਵਾਉਣ ਲੱਗ ਪਏ।



ਗੁਰਦੁਆਰਾ ਸਿਨਸਿਨੈਟੀ ਦੇ ਵਿਸ਼ੇਸ਼ ਇਜਲਾਸ ਵਿੱਚ ਜੁੜੀ ਸੰਗਤ

ਸਬੰਧਤ ਧਿਰ ਨੇ ਕਿਹਾ ਕਿ ਵਿਸ਼ੇਸ਼ ਇਜਲਾਸ ਦੌਰਾਨ ਗ੍ਰੰਥੀ ਸਿੰਘ ਬਾਰੇ ਅਸਲ ਮੁੱਦੇ ਦਾ ਜ਼ਿਕਰ ਨਹੀਂ ਹੋਇਆ, ਜਦਕਿ ਅਕਾਲ ਤਖਤ ਦੇ ਆਦੇਸ਼ਾਂ ਦੇ ਉਲਟ ਜਾ ਕੇ ਬਹਾਲ ਕੀਤੇ ਗ੍ਰੰਥੀ ਸਿੰਘ ਦੀ ਬਹਾਲੀ ਦਾ ਵਿਰੋਧ ਕਰ ਰਹੇ ਸੰਗਤ ਦੇ ਮੈਂਬਰਾਂ ਖਿਲਾਫ ਪਟੀਸ਼ਨ ਉਤੇ ਦਸਤਖਤ ਕਰਵਾਏ ਜਾਣ ਲੱਗੇ। ਇਸ ਤੋਂ ਇਲਾਵਾ ਹਾਲ ਅੰਦਰ ਇੱਕ ਸੰਗਤ ਮੈਂਬਰ ਰਣਜੀਤ ਸਿੰਘ ਦੀ ਟਿੱਕ-ਟੌਕ ਵੀਡੀਓ ਚਲਾ ਦਿੱਤੀ ਗਈ ਤੇ ਉਸ ਦੇ ਨਾਲ ਇੱਕ ਪੰਜਾਬੀ ਗੀਤ ਵੀ ਚੱਲ ਪਿਆ, ਜਿਸ ਨਾਲ ਸੰਗਤ ਵਿੱਚ ਰੌਲਾ ਪੈ ਗਿਆ ਅਤੇ ਗੁਰੂ ਗ੍ਰੰਥ ਸਾਹਿਬ ਦੀ ਮਰਿਆਦਾ ਦਾ ਵੀ ਖਿਆਲ ਨਾ ਰੱਖਿਆ ਗਿਆ। ਇਸ ਸਬੰਧੀ ਰਣਜੀਤ ਸਿੰਘ ਨੇ ਸਪਸ਼ਟੀਕਨ ਦਿੱਤਾ ਕਿ ਵੀਡੀਓ ਪਿਛਲੇ ਸਾਲ ਦਸੰਬਰ ਮਹੀਨੇ ਦੀ ਹੈ ਅਤੇ ਉਹ ਇਸ ਮਾਮਲੇ ਬਾਰੇ ਸੰਗਤ ਤੋਂ ਪਹਿਲਾਂ ਹੀ ਮੁਆਫੀ ਮੰਗ ਚੁਕੇ ਹਨ, ਜਦਕਿ ਇਸ ਦਾ ਗ੍ਰੰਥੀ ਸਿੰਘ ਦੇ ਮਾਮਲੇ ਨਾਲ ਕੋਈ ਸਬੰਧ ਵੀ ਨਹੀਂ ਸੀ।

ਰਣਜੀਤ ਸਿੰਘ ਨੇ ਕਿਹਾ ਕਿ ਹੁਣ ਪ੍ਰਬੰਧਕੀ ਧਿਰ ਨੇ ਦਰਬਾਰ ਹਾਲ ਵਿੱਚ ਇਹ ਵੀਡੀਓ ਜਾਣ ਬੁੱਝ ਕੇ ਚਲਾ ਕੇ ਦਰਬਾਰ ਹਾਲ ਦੀ ਮਰਿਆਦਾ ਦਾ ਘਾਣ ਕੀਤਾ ਹੈ। ਉਸ ਨੇ ਕਿਹਾ ਕਿ ਗੱਡੀ ਚਲਾਉਣ ਦੀ ਵੀਡੀਓ ਚਲਾਉਣ ਦਾ ਇੱਡਾ ਮਸਲਾ ਨਹੀਂ, ਪਰ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਪੰਜਾਬੀ ਗੀਤ ਚਲਾਏ ਜਾਣਾ ਮੰਦ ਭਾਗਾ ਹੈ; ਵੀਡੀਓ ਦੀ ਆਵਾਜ਼ ਬੰਦ ਕੀਤੀ ਜਾ ਸਕਦੀ ਸੀ। ਉਸ ਨੇ ਕਿਹਾ ਕਿ ਗ੍ਰੰਥੀ ਸਿੰਘ ਦੇ ਮਾਮਲੇ ਨੂੰ ਦਬਾਉਣ ਦੇ ਮਕਸਦ ਨਾਲ ਸੰਗਤ ਨੂੰ ਗੁਮਰਾਹ ਕਰਨ ਲਈ ਇਹ ਨਿੱਜੀ ਵੀਡੀਓ ਦਰਬਾਰ ਹਾਲ ਵਿੱਚ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਛਪਾਲ ਸਿੰਘ ਸਹੋਤਾ ਦੇ ਕਹਿਣ ਉਤੇ ਚਲਾਈ ਗਈ। ਇਸ ਮਾਮਲੇ ਬਾਰੇ ਪ੍ਰਧਾਨ ਰਛਪਾਲ ਸਿੰਘ ਸਹੋਤਾ ਦਾ ਪੱਖ ਜਾਣਨ ਲਈ ਉਨ੍ਹਾਂ ਨਾਲ ਦੋ ਵਾਰ ਸੰਪਰਕ ਕੀਤਾ ਗਿਆ, ਪਰ ਉਨ੍ਹਾਂ ਨਾਲ ਗੱਲ ਨਹੀਂ ਹੋ ਸਕੀ।

ਇਸ ਮਾਮਲੇ ਬਾਰੇ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਰਘਵੀਰ ਸਿੰਘ ਨੂੰ ਵੀ ਪੱਤਰ ਲਿਖਿਆ ਗਿਆ ਹੈ, ਜਿਸ ਵਿੱਚ 'ਗੁਰੂ ਘਰ ਵਿੱਚ ਡੀ.ਜੇ. ਵਾਲਾ ਮਾਹੌਲ ਬਣਾਏ ਜਾਣ' ਸਬੰਧੀ ਲਿਖਿਆ ਗਿਆ ਹੈ। ਇਹ ਵੀ ਲਿਖਿਆ ਗਿਆ ਹੈ ਕਿ ਵਿਸ਼ੇਸ਼ ਇਜਲਾਸ ਦੀ ਪ੍ਰਧਾਨਗੀ ਕਮੇਟੀ ਪ੍ਰਧਾਨ ਰਛਪਾਲ ਸਿੰਘ ਸਹੋਤਾ ਨੇ ਕੀਤੀ ਸੀ ਅਤੇ ਇਸ ਮਾਮਲੇ ਨੂੰ ਗੰਭੀਰਤਾ ਨਾਲ ਵਿਚਾਰਿਆ ਜਾਵੇ।

ਜਾਣਕਾਰੀ ਅਨੁਸਾਰ ਆਮ ਇਜਲਾਸ ਦੌਰਾਨ ਸਬੰਧਤ ਗ੍ਰੰਥੀ ਸਿੰਘ ਗੈਰ-ਹਾਜ਼ਰ ਸੀ। ਇਸੇ ਦੌਰਾਨ ਅਕਾਲ ਤਖਤ ਵੱਲੋਂ ਗ੍ਰੰਥੀ ਸਿੰਘ ਬਾਰੇ ਹੁਕਮਨਾਮੇ ਦੀ ਈਮੇਲ ਮੁੜ ਪ੍ਰਬੰਧਕ ਕਮੇਟੀ ਅਤੇ ਸਬੰਧਤ ਧਿਰਾਂ ਨੂੰ ਭੇਜੀ ਗਈ ਹੈ।

ਇਸ ਸਭ ਵਰਤਾਰੇ ਵਿੱਚ ਕਿਹੜੀ ਧਿਰ ਸਹੀ ਹੈ ਜਾਂ ਕਿਹੜੀ ਧਿਰ ਸਿਆਸਤ ਖੇਡ ਰਹੀ ਹੈ? ਇਹ ਸਵਾਲ ਪਿੱਛੇ ਰਹਿ ਗਏ ਹਨ, ਪਰ ਜਿਸ ਤਰ੍ਹਾਂ ਗ੍ਰੰਥੀ ਸਿੰਘ ਨਾਲ ਜੁੜਿਆ ਮਾਮਲਾ ਰੰਗਤ ਫੜ ਗਿਆ ਹੈ, ਉਸ ਨਾਲ ਧੜੇਬੰਦਕ ਧਿਰਾਂ ਤੋਂ ਨਿਰਲੇਪ ਸੰਗਤ ਵਿੱਚ ਚਿੰਤਾ ਦਾ ਇੱਕ ਤਰ੍ਹਾਂ ਦਾ ਮਾਹੌਲ ਜਰੂਰ ਬਣ ਗਿਆ ਹੈ। ਗੁਰਦੁਆਰਿਆਂ ਵਿੱਚ ਧਿਰਾਂ ਦੀਆਂ ਸਿਆਸਤਾਂ ਕੋਈ ਨਵੀਂ ਕਵਾਇਦ ਨਹੀਂ ਹੈ, ਪਰ ਇਸ ਸਭ ਰੋਲ ਘਚੋਲੇ ਵਿੱਚ ਸਿੱਖ ਭਾਈਚਾਰਕ ਸਫਾਂ ਵਿੱਚ ਜੋ ਮਾਹੌਲ ਉਸਰ ਰਿਹਾ ਹੈ, ਉਸ ਨੇ ਕੁਝ ਪ੍ਰਤੀਸ਼ਤ ਲੋਕਾਂ ਵਿੱਚ ਗੁਰੂ ਘਰ ਜਾਣ ਸਬੰਧੀ ਕਈ ਤੌਖਲੇ ਵੀ ਖੜੇ ਕੀਤੇ ਹਨ। ਕਈ ਵਾਰ ਤਾਂ ਸਥਿਤੀ ਇਹ ਹੁੰਦੀ ਹੈ ਕਿ ਧਿਰਾਂ ਵੱਲੋਂ ਅਜਿਹਾ ਪ੍ਰਚਾਰਕ ਮਾਹੌਲ ਸਿਰਜਿਆ ਜਾਂਦਾ ਹੈ ਕਿ ਗੁਰਦੁਆਰਿਆਂ ਦੀ ਸਿਆਸਤ ਤੋਂ ਨਿਰਲੇਪ ਸੰਗਤ ਨੂੰ ਸੱਚ-ਝੂਠ ਦਾ ਨਿਤਾਰਾ ਕਰਨਾ ਮੁਸ਼ਕਿਲ ਹੋ ਜਾਂਦਾ ਹੈ।

## ਚੋਣ ਮਜ਼ਬੂਰੀਆਂ: ਪੰਜਾਬ-ਹਰਿਆਣਾ 'ਚ ਸਿਆਸੀ ਉਥਲ-ਪੁਥਲ

*⇒ ਸਫਾ ਇੱਕ ਦੀ ਬਾਕੀ ...*

ਨੈਸ਼ਨਲ ਲੋਕ ਦਲ ਦਾ ਇੱਕ-ਇੱਕ ਮੈਂਬਰ ਹੈ। ਇਸ ਸਥਿਤੀ ਦੌਰਾਨ ਭਾਜਪਾ ਲੋਕ ਜਨਸ਼ਕਤੀ ਪਾਰਟੀ ਦੀ ਅਣਹੋਂਦ ਵਿੱਚ ਵੀ ਆਪਣੀ ਸਰਕਾਰ ਬਣਾਉਣ ਜੋਗੇ ਐਮ.ਐਲ.ਏ. ਮੈਨੇਜ ਕਰ ਸਕਦੀ ਹੈ। ਭਾਜਪਾ ਪਿਛਲੀਆਂ ਚੋਣਾਂ ਤੋਂ ਬਾਅਦ ਵੀ ਅਜਿਹਾ ਕਰ ਸਕਦੀ ਸੀ, ਪਰ ਦੁਸ਼ਿਅੰਤ ਚੌਟਾਲਾ ਸਾਂਝੀ ਸਰਕਾਰ ਬਣਾਉਣ ਲਈ ਆਪ ਚੱਲ ਕੇ ਭਾਜਪਾ ਕੋਲ ਆਏ ਸਨ। ਦੋਹਾਂ ਪਾਰਟੀਆਂ ਦੇ ਨਿਕਟਵਰਤੀ ਸੂਤਰਾਂ ਵੱਲੋਂ ਕਿਹਾ ਜਾ ਰਿਹਾ ਕਿ ਭਾਜਪਾ ਹਰਿਆਣੇ ਦੀਆਂ ਸਾਰੀਆਂ 10 ਸੀਟਾਂ 'ਤੇ ਚੋਣ ਲੜਨਾ ਚਾਹੁੰਦੀ ਹੈ, ਪਰ ਜੇ.ਜੇ.ਪੀ. ਵਾਲੇ ਗੱਠਜੋੜ ਤਹਿਤ 2 ਸੀਟਾਂ ਆਪਣੀ ਪਾਰਟੀ ਲਈ ਮੰਗ ਕਰ ਰਹੇ ਸਨ, ਪਰ ਭਾਜਪਾ ਇਸ ਕੁਰਬਾਨੀ ਦੇ ਲਈ ਸਹਿਮਤ ਨਹੀਂ ਹੋਈ।

ਜਿੱਥੋਂ ਤੱਕ ਪੰਜਾਬ ਦਾ ਸੁਆਲ ਹੈ, ਹਰਿਆਣਾ ਦੇ ਜਾਟਾਂ ਨਾਲ ਪੰਜਾਬ ਦੇ ਜੱਟਾਂ ਦੀ ਨਸਲੀ ਅਤੇ ਆਰਥਕ ਹਿੱਤਾਂ ਦੀ ਸਾਂਝ ਹੈ ਭਾਵੇਂ ਧਰਮ ਅਤੇ ਸੱਭਿਆਚਾਰ ਦੇ ਵਖਰੇਵੇਂ ਮੌਜੂਦ ਹਨ। ਦੋਹਾਂ ਖਿਤਿਆਂ ਦੀ ਕਿਸਾਨੀ ਦੀਆਂ ਇਹ ਸਾਂਝਾਂ ਪਿਛਲੇ ਕਿਸਾਨੀ ਸੰਘਰਸ਼ ਵੇਲੇ ਗਹਿਰੇ ਰੂਪ ਵਿੱਚ ਵੀ ਪਰਗਟ ਹੋ ਗਈਆਂ ਸਨ। ਇਸ ਅੰਦੋਲਨ ਦੌਰਾਨ ਦੋਹਾਂ ਖਿੱਤਿਆਂ ਦੇ ਕਿਸਾਨ ਇੱਕ ਦੂਜੇ ਦੇ ਕਾਫੀ ਕਰੀਬ ਆਏ। ਇੱਥੋਂ ਤੱਕ ਕੇ ਹਰਿਆਣੇ ਦੇ ਕਿਸਾਨਾਂ ਦੇ ਸਿੱਖ ਬਣਨ ਦਾ ਅਮਲ ਵੀ ਚੱਲਿਆ, ਭਾਵੇਂ ਇਹ ਵਰਤਾਰਾ ਬਹੁਤ ਛੋਟੇ ਪੱਧਰ 'ਤੇ ਸੀ। ਇਸ ਲਈ ਹੁਣ ਵਾਲੇ ਕਿਸਾਨ ਸੰਘਰਸ਼ ਨੇ ਦੋਹਾਂ ਖਿਤਿਆਂ ਦੇ ਕਿਸਾਨਾਂ ਨੂੰ ਇੱਕ ਵਾਰ ਫਿਰ ਇੱਕ ਦੂਜੇ ਵੱਲ ਖਿਚਣਾ ਸ਼ੁਰੂ ਕਰ ਦਿੱਤਾ ਹੈ। ਉਂਝ ਚੌਟਾਲਿਆਂ ਅਤੇ ਦੇਵੀ ਲਾਲ ਨਾਲ ਅਕਾਲੀ ਆਗੂਆਂ ਖਾਸ ਕਰਕੇ ਬਾਦਲ ਟੱਬਰ ਦੀ ਸਾਂਝ ਵੀ ਜੱਗ ਜ਼ਾਹਰ ਹੈ। ਅਕਾਲੀ ਦਲ ਦਾ ਮੁੱਖ ਆਧਾਰ ਵੀ ਪੰਜਾਬ ਦੀ ਕਿਸਾਨੀ ਹੀ ਹੈ।

ਅਗਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਇਨ੍ਹਾਂ ਬਦਲਦੇ ਸਮੀਕਰਣਾਂ ਦਾ ਮਹੱਤਵ ਬਹੁਤ ਜ਼ਿਆਦਾ ਵਧ ਗਿਆ ਹੈ। ਅਕਾਲੀ ਦਲ ਨਾਲ ਗੱਠਜੋੜ ਦੀ ਸਥਿਤੀ ਪੰਜਾਬ ਅਤੇ ਹਰਿਆਣਾ ਦੇ ਕਿਸਾਨਾਂ ਨੂੰ ਭਾਜਪਾ ਦੇ ਨੇੜੇ ਲਾ ਸਕਦੀ ਹੈ। ਇਸ ਦਰਮਿਆਨ ਅਕਾਲੀ ਦਲ ਆਪਣੇ ਤੋਂ ਵੱਖ ਹੋਏ ਲੀਡਰਾਂ ਨੂੰ ਮੁੜ ਨਾਲ ਜੋੜਨ ਲਈ ਸਿਰਤੋੜ ਯਤਨ ਕਰ ਰਿਹਾ ਹੈ, ਤਾਂ ਕਿ ਭਾਜਪਾ ਨਾਲ ਗੱਠਜੋੜ ਕਰਨ ਤੋਂ ਪਹਿਲਾਂ ਅਕਾਲੀ ਦਲ ਦੀ ਸਥਿਤੀ ਮਜਬੂਤ ਹੋ ਸਕੇ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿੱਚ ਅਕਾਲੀ ਦਲ ਨੂੰ 18 ਫੀਸਦੀ ਵੋਟ ਮਿਲੇ ਸਨ। ਗੱਠਜੋੜ ਦੀ ਹਾਲਤ ਵਿੱਚ ਦੋਹਾਂ ਪਾਰਟੀਆਂ ਨੂੰ ਲਾਭ ਮਿਲਣ ਦੇ ਆਸਾਰ ਹਨ। ਖਾਸ ਕਰਕੇ ਉਸ ਹਾਲਤ ਵਿੱਚ ਜਦੋਂ ਕਿਸਾਨ ਬੇਚੈਨੀ ਦੇ ਕਾਰਨ ਭਾਜਪਾ ਦੇ ਪੇਂਡੂ ਪੰਜਾਬ ਵਿੱਚ ਕਿਧਰੇ ਪੈਰ ਟਿਕਦੇ ਵਿਖਾਈ ਨਹੀਂ ਦੇ ਰਹੇ। ਜੇ ਅਕਾਲੀ ਗੱਠਜੋੜ ਭਾਜਪਾ ਤੇ ਬਸਪਾ- ਦੋਹਾਂ ਨਾਲ ਜਾਰੀ ਰਹਿੰਦਾ ਹੈ ਤਾਂ ਇਸ ਗੱਠਜੋੜ ਦੀ ਤਾਕਤ ਹੋਰ ਵਧ ਸਕਦੀ ਹੈ। ਉਂਝ ਮਾਇਆਵਤੀ ਕੀ ਕਰ ਦੇਵੇ,ਹਾਲੇ ਪਤਾ ਨਹੀਂ!

building a stronger
community together
Join me in supporting our community.
GUR SINGH
847-465-1484
482 N MILWAUKEE/3
WHEELING
gursingh@allstate.com
Allstate
© 2023 Allstate Insurance Co., Northbrook, IL 20590784

DIABETIC LIMB SALVAGE AND MAJOR AMPUTATION PREVENTION
Dr. Singh is the Only Foot and Ankle Surgeon in Illinois with the following training:



Duke University Flap Plastic Surgery; Columbia Presbyterian University Microvascular Surgery; Dr. Dellon's John Hopkins Diabetic Advanced Nerve Surgery; Russian Ilizarov Leg Lengthening and Deformity Correction Fellowship; Four Mini-Fellowships in Leg Lengthening and Deformity Correction from Russia and Greece; Double Board Certified in Foot and Ankle Surgery by the American Board of Foot and Ankle Surgery in Reconstructive Rearfoot, Ankle and Foot Surgery.
He has over 30 years of surgical experience.
HINDI, PUNJABI, ENGLISH AND SPANISH

847-310-1600
St Alexius Medical Center, 1555 Barrington Rd, Building 1,
Suite 235 (2nd floor) Hoffman Estates, IL 60169

# ਕੇਂਦਰ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ ਨੋਟੀਫਾਈ ਕੀਤਾ

**ਪੰਜਾਬੀ ਪਰਵਾਜ਼ ਬਿਊਰੋ**

ਭਾਰਤ ਸਰਕਾਰ ਨੇ ਬੀਤੇ ਦਿਨ (11 ਮਾਰਚ) ਨਾਗਰਿਕਤਾ ਸੋਧ ਕਾਨੂੰਨ (ਸੀ.ਏ.ਏ) ਨੋਟੀਫਾਈ ਕਰ ਦਿੱਤਾ ਹੈ। ਇਹ ਕਾਨੂਨ 2019 ਵਿੱਚ ਪਾਸ ਕਰ ਦਿੱਤਾ ਗਿਆ ਸੀ, ਪਰ ਇਸ ਦੇ ਖਿਲਾਫ ਉਠੇ ਵਿਆਪਕ ਵਿਰੋਧ ਕਾਰਨ ਇਹ ਲਾਗੂ ਨਹੀਂ ਸੀ ਕੀਤਾ ਜਾ ਸਕਿਆ। 11 ਮਾਰਚ ਨੂੰ ਜਦੋਂ ਸੁਪਰੀਮ ਕੋਰਟ ਨੇ ਐਸ.ਬੀ.ਆਈ. ਨੂੰ ਚੋਣ ਬਾਂਡਾਂ ਨਾਲ ਸੰਬੰਧ ਜਾਣਕਾਰੀ 24 ਘੰਟੇ ਦੇ ਅੰਦਰ ਚੋਣ ਕਮਿਸ਼ਨ ਨੂੰ ਸੌਂਪਣ ਦਾ ਹੁਕਮ ਜਾਰੀ ਕੀਤਾ ਤਾਂ ਇਸ ਮੁੱਦੇ 'ਤੇ ਬਣਨ ਵਾਲੀ ਮੀਡੀਆ ਮੁਹਿੰਮ ਨੂੰ ਠੱਲ੍ਹਣ ਲਈ ਭਾਜਪਾ ਦੀ ਸਰਕਾਰ ਨੇ ਉਪਰੋਕਤ ਕਾਨੂੰਨ ਨੋਟੀਫਾਈ ਕਰ ਦਿੱਤਾ। ਵਿਰੋਧੀ ਪਾਰਟੀਆਂ ਅਨੁਸਾਰ ਇਹ ਹੈਡਲਾਈਨ ਮੈਨੇਜਮੈਂਟ ਦਾ ਯਤਨ ਹੈ। ਉਂਝ ਮੋਦੀ ਸਰਕਾਰ ਅਤੇ ਭਾਜਪਾ ਵੱਲੋਂ ਇਹ ਪਹਿਲਾਂ ਹੀ ਕਿਹਾ ਜਾ ਰਿਹਾ ਸੀ ਕਿ ਨਾਗਰਿਕਤਾ ਸੋਧ ਕਾਨੂੰਨ ਲੋਕ ਸਭਾ ਚੋਣਾਂ ਤੋਂ ਪਹਿਲਾਂ ਲਾਗੂ ਕੀਤਾ ਜਾਵੇਗਾ। ਕੇਂਦਰ ਸਰਕਾਰ ਵੱਲੋਂ ਜਾਰੀ ਕੀਤੇ ਗਏ 39 ਪੇਜ ਦੇ ਇਸ ਨੋਟੀਫਿਕੇਸ਼ਨ ਅਨੁਸਾਰ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵਿੱਚ ਸਤਾਏ ਜਾਣ ਵਾਲੇ ਗੈਰ-ਮੁਸਲਿਮ ਘੱਟ ਗਿਣਤੀ ਤਬਕੇ ਭਾਰਤ ਵਿੱਚ ਨਾਗਰਿਕਤਾ ਹਾਸਲ ਕਰ ਸਕਦੇ ਹਨ। ਬਸ਼ਰਤੇ ਕਿ ਉਹ 31 ਦਸੰਬਰ 2014 ਤੋਂ ਪਹਿਲਾਂ ਦੇਸ਼ ਵਿੱਚ ਦਾਖਲ ਹੋਏ ਹੋਣ। ਇਹ ਵੀ ਸ਼ਰਤ ਰੱਖੀ ਗਈ ਹੈ ਕਿ ਅਰਜ਼ੀ ਕਰਤਾ ਜਾਂ ਉਸ ਦੇ ਮਾਂ-ਬਾਪ ਵਿੱਚੋਂ ਕੋਈ ਇਕ ਆਜ਼ਾਦ ਭਾਰਤ ਦਾ ਨਾਗਰਿਕ ਹੋਵੇ।

ਸੋਧੇ ਹੋਏ ਨਾਗਰਿਕ ਕਾਨੂੰਨ ਅਨੁਸਾਰ ਪਾਕਿਸਤਾਨ, ਬੰਗਲਾਦੇਸ਼ ਅਤੇ ਅਫਗਾਨਿਸਤਾਨ ਵਿੱਚੋਂ ਹਿਜ਼ਰਤ ਕਰਕੇ ਆਏ ਹਿੰਦੂ, ਸਿੱਖ, ਬੋਧੀ, ਜੈਨੀ, ਪਾਰਸੀ, ਇਸਾਈ ਭਾਰਤ ਵਿੱਚ ਨਾਗਰਿਕਤਾ ਹਾਸਲ ਕਰਨ ਦੇ ਹੱਕਦਾਰ ਹੋਣਗੇ। ਯਾਦ ਰਹੇ, ਜਦੋਂ ਇਹ ਕਾਨੂੰਨ ਪਾਸ ਕੀਤਾ ਗਿਆ ਸੀ ਤਾਂ ਸ਼ਾਹੀਨ ਬਾਗ ਅਤੇ ਜਾਮੀਆ ਯੂਨੀਵਰਸਿਟੀ ਵਿੱਚ ਜ਼ੋਰਦਾਰ ਪ੍ਰਦਰਸ਼ਨ ਹੋਏ ਸਨ। ਸ਼ਾਹੀਨ ਬਾਗ ਵਾਲਾ ਧਰਨਾ ਤਾਂ ਕਾਫੀ ਲੰਮੇ ਸਮੇਂ ਤੱਕ ਚੱਲਿਆ ਸੀ। ਕਾਂਗਰਸ ਸਮੇਤ ਕੁਝ ਪਾਰਟੀਆਂ ਦਾ ਕਹਿਣਾ ਹੈ ਕਿ ਇਹ ਕਾਨੂੰਨ ਮੁਸਲਮਾਨਾਂ ਨੂੰ ਦੂਜੇ ਦਰਜੇ ਦੇ ਸ਼ਹਿਰੀ ਕਰਾਰ ਦਿੰਦਾ ਹੈ। ਇਸ ਕਾਨੂੰਨ ਦੇ ਨਾਲ ਹੀ ਭਾਰਤੀ ਜਨਤਾ ਪਾਰਟੀ ਨੇ ਨੈਸ਼ਨਲ ਸਿਟੀਜਨ ਰਜ਼ਿਸਟਰ ਦੀ ਗੱਲ ਵੀ ਤੋਰੀ ਸੀ, ਜਿਸ ਵਿੱਚ ਭਾਰਤ ਦੇ ਹਰ ਸ਼ਹਿਰੀ ਨੂੰ ਦਰਜ ਕੀਤਾ ਜਾਣਾ ਹੈ। ਨੋਟੀਫਾਈ ਕੀਤੇ ਗਏ ਨੇਮਾਂ ਨੂੰ ਨਾਗਰਿਕਤਾ ਸੋਧ ਨੇਮ-2024 ਦਾ ਨਾਂ ਦਿੱਤਾ ਗਿਆ ਹੈ। ਇਸ ਤਰ੍ਹਾਂ ਸੀ.ਏ.ਏ-2019 ਤਹਿਤ ਉਪਰੋਕਤ ਧਰਮਾਂ ਦੇ ਯੋਗ ਵਿਅਕਤੀ ਭਾਰਤੀ ਨਾਗਰਿਕਤਾ ਹਾਸਲ ਕਰਨ ਲਈ ਅਰਜ਼ੀ ਦੇ ਸਕਣਗੇ।

ਉਪਰੋਕਤ ਕਾਨੂੰਨ ਸੰਬੰਧੀ ਨੋਟੀਫੀਕੇਸ਼ਨ ਜਾਰੀ ਹੋਣ ਦੇ ਨਾਲ ਹੀ ਇਸ ਦਾ ਵੱਖ-ਵੱਖ ਪਾਰਟੀਆਂ ਅਤੇ ਸ਼ਖਸੀਅਤਾਂ ਵਲੋਂ ਵਿਰੋਧ ਸ਼ੁਰੂ ਹੋ ਗਿਆ। ਇਸ ਖਿਲਾਫ ਉਠ ਰਹੀ ਆਵਾਜ਼ ਨੂੰ ਵੇਖਦਿਆਂ ਕੇਂਦਰ ਸਰਕਾਰ ਨੇ ਉਨ੍ਹਾਂ ਖੇਤਰਾਂ ਵਿੱਚ ਪੁਲਿਸ ਨੂੰ ਸਤਰਕ ਕਰ ਦਿੱਤਾ ਹੈ, ਜਿੱਥੇ ਜਿੱਥੇ ਵੀ ਪਹਿਲਾਂ ਇਸ ਦਾ ਵਿਰੋਧ ਹੋ ਚੁਕਾ ਹੈ। ਆਸਾਮ ਦਾ ਨੋਟੀਫਿਕੇਸ਼ਨ 9 ਵਾਰ ਅੱਗੇ ਪਾਇਆ ਗਿਆ ਹੈ, ਪਰ ਚੋਣਾਂ ਤੋਂ ਪਹਿਲਾਂ ਇਸ ਨੂੰ ਲਾਗੂ ਕਰਨਾ ਦੇਸ਼ ਵਿੱਚ ਨਫਰਤ ਫੈਲਾਉਣ ਅਤੇ ਧਰੁਵੀਕਰਨ ਕਰਨ ਦਾ ਯਤਨ ਹੈ; ਖਾਸ ਕਰਕੇ ਪੱਛਮੀ ਬੰਗਾਲ ਅਤੇ ਅਸਾਮ ਵਿੱਚ।

ਕੇਰਲਾ ਦੇ ਮੁੱਖ ਮੰਤਰੀ ਪਿਨਾਰਈ ਵਿਜਯਨ ਨੇ ਸੀ.ਏ.ਏ. ਨੂੰ ਫਿਰਕੂ ਵੰਡੀਆਂ ਪਾਉਣ ਵਾਲਾ ਕਾਨੂੰਨ ਕਰਾਰ ਦਿੰਦਿਆਂ ਕਿਹਾ ਕਿ ਇਸ ਨੂੰ ਸੂਬੇ ਵਿੱਚ ਲਾਗੂ ਨਹੀਂ ਕੀਤਾ ਜਾਵੇਗਾ। ਆਮ ਆਦਮੀ ਪਾਰਟੀ ਦੇ ਆਗੂ ਅਰਵਿੰਦ ਕੇਜਰੀਵਾਲ ਨੇ ਕਿਹਾ ਕਿ ਜਦੋਂ ਮੁਲਕ ਦੇ ਗਰੀਬ ਅਤੇ ਮੱਧਵਰਗੀ ਲੋਕ ਭਾਜਪਾ ਦੀਆਂ ਨੀਤੀਆਂ ਕਾਰਨ ਆਰਥਕ ਤੰਗੀਆਂ ਦਾ ਸਾਹਮਣਾ ਕਰ ਰਹੇ ਹਨ ਤਾਂ ਅਸਲ ਮੁੱਦਿਆਂ ਤੋਂ ਭਟਕਾਉਣ ਲਈ ਭਾਜਪਾ ਵਲੋਂ ਇਹ ਕਾਨੂੰਨ ਲਿਆਂਦਾ ਗਿਆ ਹੈ। ਏ.ਐਮ.ਆਈ.ਐਮ. ਦੇ ਆਗੂ ਅਸਦੂਦੀਨ ਉਵਾਇਸੀ ਨੇ ਕਿਹਾ ਕਿ ਨਾਗਰਿਕਤਾ ਕਾਨੂੰਨ ਫਿਰਕੂ ਵੰਡੀਆਂ ਪਾਉਣ ਵਾਲਾ ਹੈ। ਉਨ੍ਹਾਂ ਕਿਹਾ ਕਿ ਇਹ ਦੇਸ਼ ਵਿੱਚ ਮੁਸਲਮਾਨਾਂ ਨੂੰ ਦੂਸਰੇ ਦਰਜੇ ਦਾ ਸ਼ਹਿਰੀ ਰੱਖਣ ਦੀ ਕਵਾਇਦ ਹੈ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਵੀ ਕਿਹਾ ਕਿ ਜੇ ਇਹ ਕਾਨੂੰਨ ਆਮ ਲੋਕਾਂ ਵਿੱਚ ਪਾਟਕ ਪਾਉਂਦਾ ਹੋਇਆ ਤਾਂ ਉਹ ਇਸ ਦਾ ਵਿਰੋਧ ਕਰਨਗੇ।

***ਵਿਰੋਧੀ ਪਾਰਟੀਆਂ ਵਲੋਂ ਸਰਕਾਰ 'ਤੇ ਧਰੁਵੀਕਰਨ ਦਾ ਇਲਾਜ਼ਾਮ**
***ਅਸਾਮ ਵਿੱਚ ਤਲਖੀ, ਕਈ ਰਾਜਾਂ 'ਚ ਸੁਰੱਖਿਆ ਸਖਤ ਕੀਤੀ**




ਆਸਾਮ ਵਿੱਚ ਵਿਸ਼ੇਸ਼ ਤੌਰ 'ਤੇ ਵੱਡੇ ਵਿਰੋਧ ਦੇ ਖਦਸ਼ੇ ਖੜੇ ਹੋ ਗਏ ਹਨ। ਇੱਥੇ ਕਈ ਸਾਲ ਤੱਕ ਗੈਰ-ਆਸਾਮੀਆਂ ਨੂੰ ਵਾਪਸ ਭੇਜਣ ਲਈ ਸੰਘਰਸ਼ ਕਰਨ ਵਾਲੀ ਜਥੇਬੰਦੀ 'ਆਸੂ' ਨੇ ਵੀ ਇਸ ਕਾਨੂੰਨ ਦੇ ਵਿਰੋਧ ਲਈ ਸੜਕਾਂ 'ਤੇ ਉਤਰਨ ਦਾ ਐਲਾਨ ਕੀਤਾ ਹੈ। ਆਸੂ ਦਾ ਆਖਣਾ ਹੈ ਕਿ ਇਹ 15-20 ਲੱਖ ਬੰਗਲਾਦੇਸ਼ੀ ਹਿੰਦੂਆਂ ਨੂੰ ਨਾਗਰਿਕਤਾ ਦੇਣ ਦੀ ਕਵਾਇਦ ਹੈ, ਜੋ ਆਸਾਮ ਵਿੱਚ ਵਸੇ ਹੋਏ ਹਨ। ਆਸੂ ਇਨ੍ਹਾਂ ਗੈਰ-ਅਸਾਮੀਆਂ ਨੂੰ ਵੀ ਵਾਪਸ ਭੇਜਣ ਦੀ ਮੰਗ 'ਤੇ ਅੜੀ ਹੋਈ ਹੈ। ਇਸ ਵਿਰੋਧ ਨੂੰ ਵੇਖਦਿਆਂ ਅਸਾਮ ਵਿੱਚ ਸੁਰੱਖਿਆ ਪ੍ਰਬੰਧ ਸਖਤ ਕਰ ਦਿੱਤੇ ਗਏ ਹਨ। ਇਸ ਤੋਂ ਇਲਾਵਾ ਦਿੱਲੀ ਦੇ ਸ਼ਾਹੀਨ ਬਾਗ ਸਮੇਤ ਹੋਰ ਨਾਜ਼ੁਕ ਖੇਤਰਾਂ ਵਿੱਚ ਵੀ ਵਾਧੂ ਸੁਰੱਖਿਆ ਦਸਤੇ ਤਾਇਨਾਤ ਕੀਤੇ ਗਏ ਹਨ।

ਆਲ ਅਸਾਮ ਸਟੂਡੈਂਟਸ ਯੂਨੀਅਨ (ਆਸੂ) ਨੇ ਸੀ.ਏ.ਏ ਦੀਆਂ ਕਾਪੀਆਂ ਸਾੜਨ, ਮਿਸ਼ਾਲ ਮਾਰਚ ਕੱਢਣ ਅਤੇ ਸ਼ਾਂਤਮਈ ਸਤਿਆ ਗ੍ਰਹਿ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਅਸਾਮ ਕਾਂਗਰਸ ਨੇ ਵੀ ਇਸ ਕਾਨੂੰਨ ਨੂੰ ਨੋਟੀਫਾਈ ਕਰਨ ਦਾ ਵਿਰੋਧ ਕੀਤਾ ਹੈ। ਕਾਂਗਰਸ ਅਨੁਸਾਰ ਭਾਜਪਾ ਨੇ ਸਾਰੇ ਗੈਰ-ਆਸਾਮੀ ਬਾਸ਼ਿੰਦੇ ਵਾਪਸ ਨਾ ਭੇਜ ਕੇ ਆਸਾਮ ਨਾਲ ਧੋਖਾ ਕੀਤਾ ਹੈ। ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਜੈ ਰਾਮ ਰਮੇਸ਼ ਨੇ ਕਿਹਾ ਕਿ ਇਸ ਕਾਨੂੰਨ

ਉਧਰ ਭਾਜਪਾ ਅਤੇ ਕੇਂਦਰ ਸਰਕਾਰ ਦਾ ਆਖਣਾ ਹੈ ਕਿ ਇਹ ਕਾਨੂੰਨ ਤਿੰਨ ਦੇਸ਼ਾਂ ਵਿੱਚ ਸਤਾਈਆਂ ਗੈਰ-ਮੁਸਲਮਾਨ ਘੱਟਗਿਣਤੀਆਂ ਨੂੰ ਨਾਗਰਿਕਤਾ ਦੇਣ ਲਈ ਲਿਆਂਦਾ ਗਿਆ ਹੈ। ਕਿਸੇ ਦਾ ਵਿਰੋਧ ਕਰਨਾ ਇਸ ਦਾ ਮਕਸਦ ਨਹੀਂ ਹੈ। ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ ਇਸ ਕਾਨੂੰਨ ਨੂੰ ਲਾਗੂ ਕਰਕੇ ਮੋਦੀ ਸਰਕਾਰ ਨੇ ਆਪਣਾ ਇੱਕ ਹੋਰ ਵਾਅਦਾ ਪੂਰਾ ਕੀਤਾ ਹੈ। ਉਂਝ ਭਾਜਪਾ ਵੱਲੋਂ ਆਪਣੇ ਡਿਜ਼ੀਟਲ ਮੀਡੀਆ ਹੈਂਡਲਾਂ 'ਤੇ ਇਸ ਕਾਨੂੰਨ ਨੂੰ ਜ਼ੋਰਦਾਰ ਢੰਗ ਨਾਲ ਪ੍ਰਚਾਰਿਆ ਜਾ ਰਿਹਾ ਹੈ।

ਪਰ ਇਸ ਦੇ ਨਾਲ ਹੀ ਭਾਜਪਾ ਵੱਲੋਂ ਜਿਹੜੀ ਨੈਸ਼ਨਲ ਸਿਟੀਜ਼ਨ ਰਜ਼ਿਸਟਰ ਅਤੇ ਨੈਸ਼ਨਲ ਪਾਪੂਲੇਸ਼ਨ ਰਜਿਸਟਰ ਦੀ ਗੱਲ ਤੋਰੀ ਜਾ ਰਹੀ ਹੈ, ਉਹ ਨਾਜੀ ਜਰਮਨੀ ਦੇ ਤਜ਼ਰਬੇ ਤੋਂ ਪ੍ਰਭਾਵਤ ਹੈ। 1920 ਵਿੱਚ ਨਾਜੀ ਪਾਰਟੀ ਨੇ ਯਹੂਦੀਆਂ ਨੂੰ ਆਰੀਅਨ ਜਰਮਨ ਨਸਲ ਤੋਂ ਵੱਖ ਕਰਨ ਲਈ ਇੱਕ 25 ਨੁਕਾਤੀ ਏਜੰਡਾ ਲਿਆਂਦਾ ਸੀ। 1933 ਵਿੱਚ ਤਾਕਤ ਵਿੱਚ ਆਉਣ ਤੋਂ ਬਾਅਦ ਯਹੂਦੀਆਂ ਨੂੰ ਅਲੱਗ-ਥਲੱਗ ਕਰਨ ਲਈ ਤੇਜ਼ੀ ਨਾਲ ਕਾਨੂੰਨ ਬਣਾਉਣੇ ਸ਼ੁਰੂ ਕੀਤੇ। ਇੱਕ ਅੰਦਾਜ਼ੇ ਅਨੁਸਾਰ ਇਸ ਕਿਸਮ ਦੇ 2000 ਤੋਂ ਵੱਧ ਕਾਨੂੰਨ ਬਣਾਏ ਗਏ। ਇਨ੍ਹਾਂ ਕਾਨੂੰਨਾਂ ਤਹਿਤ ਯਹੂਦੀਆਂ ਨੂੰ ਵਕੀਲ ਬਣਨ, ਮੈਡੀਕਲ ਖੇਤਰ ਵਿੱਚ ਜਾਣ, ਯਹੂਦੀ ਔਰਤਾਂ ਨਾਲ ਜਿਣਸੀ ਰਿਸ਼ਤੇ ਰੱਖਣ, ਪਾਰਕਾਂ, ਰੈਸਟੋਰੈਂਟਾਂ ਅਤੇ ਸਵਿੰਮਿੰਗ ਪੂਲ ਜਾਣ ਵਗੈਰਾ ਤੋਂ ਰੋਕਿਆ ਗਿਆ।

ਭਾਰਤੀ ਜਨਤਾ ਪਾਰਟੀ ਦੀ ਮਾਂ ਜਥੇਬੰਦੀ, ਆਰ.ਐਸ.ਐਸ. ਦੇ ਮੁਖੀ ਐਮ.ਐਸ. ਗੋਲਵਾਲਕਰ ਨੇ ਆਪਣੀਆਂ ਲਿਖਤਾਂ ਵਿੱਚ ਨਾ ਸਿਰਫ ਨਾਜੀਆਂ ਦੀ ਸਿਫਤ ਕੀਤੀ ਹੈ, ਸਗੋਂ ਉਨ੍ਹਾਂ ਤੋਂ ਪ੍ਰੇਰਣਾ ਲੈਣ ਦੀ ਗੱਲ ਆਖੀ ਹੈ। ਆਪਣੀ ਕਿਤਾਬ 'ਆਵਰ ਨੇਸ਼ਨ ਡਿਫਾਈਂਡ' ਵਿੱਚ ਗੋਲਵਾਲਕਰ ਨੇ ਲਿਖਿਆ, "ਭਾਰਤ ਵਿੱਚ ਵੱਸਦੀਆਂ ਵਿਦੇਸ਼ੀ ਨਸਲਾਂ ਨੂੰ ਹਿੰਦੂ ਧਰਮ, ਨਸਲ, ਭਾਸ਼ਾ ਨੂੰ ਅਪਨਾਉਣਾ ਹੋਏਗਾ ਅਤੇ ਹਿੰਦੂ ਧਰਮ ਦੀ ਪਵਿੱਤਰਤਾ ਦੀ ਕਦਰ ਸਿੱਖਣੀ ਹੋਏਗੀ। ਉਨ੍ਹਾਂ ਨੂੰ ਹਿੰਦੂ ਨਸਲ ਅਤੇ ਧਰਮ ਦੀ ਮਹਾਨਤਾ ਨੂੰ ਵਡਿਆਉਣਾ (ਗਲੋਰੀਫਾਈ) ਹੋਏਗਾ ਅਤੇ ਆਪਣੀ ਵੱਖਰੀ ਪਛਾਣ ਨੂੰ ਲਾਜ਼ਮੀ ਹੀ ਹਿੰਦੂ ਨਸਲ ਵਿੱਚ ਆਤਮਸਾਤ ਕਰਨਾ ਹੋਏਗਾ। ਜਾਂ ਫਿਰ ਉਨ੍ਹਾਂ ਨੂੰ ਇਸ ਦੇਸ਼ ਵਿੱਚ ਦੂਜੇ ਦਰਜੇ ਦੇ ਸ਼ਹਿਰੀ ਬਣਕੇ ਰਹਿਣਾ ਹੋਏਗਾ (ਸਬਾਰਡੀਨੇਟ ਟੂ ਹਿੰਦੂ ਨੇਸ਼ਨ), ਬਿਨਾ ਕੋਈ ਦਾਅਵਾ ਜਤਾਏ, ਬਿਨਾ ਕਿਸੇ ਵਿਸ਼ੇਸ਼ ਸਹੂਲਤਾਂ ਦੇ; ਇੱਥੋਂ ਤੱਕ ਕਿ ਨਾਗਰਿਕਤਾ ਦੇ ਅਧਿਕਾਰ ਤੋਂ ਵੀ ਬਿਨਾ। (ਨਾਟ ਈਵਨ ਸਿਟੀਜਨਸ ਰਾਈਟ)।

ਹਾਲ ਦੀ ਘੜੀ ਭਾਵੇਂ ਪੱਛਮੀ ਦਬਾਅ ਕਾਰਨ ਭਾਰਤ ਸਰਕਾਰ ਨੇ ਨਾਗਰਿਕਤਾ ਸੋਧ ਕਾਨੂੰਨ ਵਿੱਚ ਇਸਾਈਆਂ (ਸਾਮੀ ਮੂਲ ਦਾ ਧਰਮ) ਨੂੰ ਨਾਗਿਰਕਤਾ ਦੇਣ ਦਾ ਫੈਸਲਾ ਕੀਤਾ ਹੈ, ਪਰ ਉਨ੍ਹਾਂ ਦੇ ਸਿਧਾਂਤਕਾਰਾਂ ਦੀ ਸੇਧ ਸਾਰੇ ਸਾਮੀ ਧਰਮਾਂ ਨੂੰ ਇੱਕੋ ਰੱਸੇ ਬੰਨ੍ਹਣ ਵਾਲੀ ਹੈ। ਪਤਾ ਨਹੀਂ ਕਦੋਂ ਇਹ ਇਸਾਈਆਂ ਖਿਲਾਫ ਵੀ ਝੰਡਾ ਚੁੱਕ ਲਏ। ਮਨੀਪੁਰ ਦਾ ਤਜ਼ਰਬਾ ਅਸੀਂ ਵੇਖ ਹੀ ਚੁੱਕੇ ਹਾਂ। ਅਸਲ ਵਿੱਚ ਭਾਰਤੀ ਜਨਤਾ ਪਾਰਟੀ ਜਿਹੜੀ ਸੇਧ ਅਪਨਾ ਰਹੀ ਹੈ, ਉਸ ਦੇ ਸਿੱਟੇ ਨਾਜੀਆਂ ਵਾਲੇ ਘ੍ਰਿਣਤ ਕਾਰਿਆਂ ਵੱਲ ਵੀ ਲਿਜਾ ਸਕਦੇ ਹਨ।


TASTE OF India FINE DINING BISTRO
17115 W. Bluemound Rd, Suite D1, Brookfield, WI 53005
We Do Catering
ਟੇਸਟ ਆਫ ਇੰਡੀਆ
ਮਸ਼ਹੂਰ ਨਾਮ ਅਤੇ ਮਸ਼ਹੂਰ ਖਾਣਾ
ਵਧੀਆ ਖਾਣਾ ਤੇ ਵਧੀਆ ਸਰਵਿਸ ਹੀ ਸਾਡੀ ਪਹਿਲ ਹੈ



ਵਿਆਹ ਸਮਾਗਮਾਂ, ਜਨਮ ਦਿਨ ਪਾਰਟੀਆਂ ਅਤੇ ਹੋਰ ਸਮਾਜਿਕ ਤੇ ਭਾਈਚਾਰਕ ਸਮਾਗਮਾਂ ਸਮੇਤ ਨਿੱਕੀਆਂ-ਵੱਡੀਆਂ ਪਾਰਟੀਆਂ ਮੌਕੇ ਸਵਾਦਿਸ਼ਟ ਤੇ ਤਾਜ਼ਾ ਖਾਣੇ ਲਈ ਸਾਨੂੰ ਸੇਵਾ ਦਾ ਮੌਕਾ ਦਿਓ
BOLLYWOOD Grill
Restaurant - Bar - Banquet
1038 N. Jackson St, Milwaukee, WI 53202
We Also Provide
Onsite Tandoor Service For Fresh Naan & KABABS and Onsite Fresh DOSA Service.
ਫੋਨ: 262-894-0913
ਜਾਂ 414-588-3325

ਜਾਣਕਾਰੀ

# ਵਿਲੱਖਣ ਦਾਸਤਾਨ ਹੈ 'ਬੰਦਾ ਬਣਨ' ਦੀ

ਡਾ. ਨਿਰਮਲ ਸਿੰਘ ਹਰੀ
ਫੋਨ: 1-204-391-3623



ਜਦ ਕੋਈ ਮਨਚਲਾ ਝੱਲ ਖਿਲਾਰਦੈ ਤਾਂ ਅਕਸਰ ਸਿਆਣੀ ਉਮਰ ਦੇ ਲੋਕ ਕਹਿ ਦਿੰਦੇ ਨੇ, 'ਬੰਦਾ ਬਣ ਜਾ ਬੰਦਾ।' ਅਸਲ ਵਿੱਚ 'ਬੰਦਾ ਬਣਨ' ਦੀ ਕਹਾਣੀ ਬਹੁਤ ਸੰਘਰਸ਼ਮਈ ਅਤੇ ਵਿਲੱਖਣ ਹੈ। ਅੱਜ ਮਨੁੱਖ ਜਾਤੀ ਧਰਤੀ 'ਤੇ ਮੌਜੂਦ ਲੱਖਾਂ ਜਾਨਵਰਾਂ ਦੀਆਂ ਪ੍ਰਜਾਤੀਆਂ 'ਤੇ ਰਾਜ ਕਰਦੀ ਹੈ। ਮਨੁੱਖ ਕੋਲ ਨਾ ਸਿਰਫ਼ ਦਿਮਾਗ਼ੀ ਸ਼ਕਤੀ ਹੈ, ਬਲਕਿ ਸਮਾਜਿਕ ਅਤੇ ਸੱਭਿਆਚਾਰਕ ਲਪੇਟ ਵਿੱਚ ਕਈ ਤਰ੍ਹਾਂ ਦੀਆਂ ਅਸੀਮ ਸ਼ਕਤੀਆਂ ਵੀ ਹਨ। ਇਹ ਸਭ ਕੁਝ ਜਾਦੂ ਦੀ ਛੜੀ ਨਾਲ ਜਾਂ ਅੱਖ ਦੇ ਝਪਕਾਰੇ ਵਿੱਚ ਨਹੀਂ ਹੋਇਆ। ਮਨੁੱਖੀ ਵਿਕਾਸ ਜਾਂ ਕਹਿ ਲਵੋ ਕਿ ਬਾਂਦਰਾਂ ਤੋਂ ਮਨੁੱਖ ਦੀ ਜੂਨ 'ਚ ਆਉਣ ਦੀ ਕਹਾਣੀ ਬਹੁਤ ਲੰਬੀ ਹੈ।

ਮਸ਼ਹੂਰ ਵਿਗਿਆਨੀ ਚਾਰਲਸ ਡਾਰਵਿਨ ਨੇ 1859 ਵਿੱਚ ਪਹਿਲੀ ਵਾਰੀ ਇਹ ਐਲਾਨ ਕੀਤਾ ਕਿ ਮਨੁੱਖ ਜਾਤ ਦਾ ਜਨਮ ਬਾਂਦਰਾਂ (Apes) ਤੋਂ ਹੋਇਆ ਹੈ। ਇਹ ਐਲਾਨ ਉਸ ਸਮੇਂ ਦੀ ਵਿਚਾਰਧਾਰਾ ਅਤੇ ਖ਼ਾਸ ਕਰਕੇ ਇਸਾਈ ਮੱਤ ਨਾਲ ਸਿੱਧਾ ਪੰਗਾ ਲੈਣ ਵਾਲੀ ਗੱਲ ਸੀ। ਕੁਝ ਧਾਰਮਿਕ ਖ਼ਿਆਲਾਂ ਵਾਲੇ ਲੋਕਾਂ ਨੇ ਡਾਰਵਿਨ ਨੂੰ ਨਿਹੋਰੇ ਵੀ ਮਾਰੇ ਕਿ 'ਪੂਰਵਜ ਬਾਂਦਰ ਤੇਰੇ ਨਾਨਕਿਆਂ ਵੱਲੋਂ ਸੀ ਜਾਂ ਦਾਦਕਿਆਂ ਵੱਲੋਂ?' ਹਾਲਾਂਕਿ ਡਾਰਵਿਨ ਮਨੁੱਖੀ ਵਿਕਾਸ ਬਾਰੇ ਦਿੱਤੀ ਆਪਣੀ ਨਵੀਂ ਥਿਊਰੀ 'ਤੇ ਅਟੱਲ ਰਿਹਾ, ਪਰ ਉਹ ਕੋਈ ਸਿੱਧਾ ਸਬੂਤ ਨਾ ਪੇਸ਼ ਕਰ ਸਕਿਆ।

ਜਦੋਂ ਅਸੀਂ ਬੀਤੇ ਵੱਲ ਝਾਕਦੇ ਹਾਂ ਤਾਂ ਸਾਡੇ ਕੋਲ ਸਬੂਤਾਂ ਵਜੋਂ ਲਿਖਿਆ ਸੁਣਿਆ ਇਤਿਹਾਸ ਹੁੰਦੈ, ਜੋ ਮਨੁੱਖ ਖ਼ੁਦ ਲਿਖਦੈ, ਅਸੀਂ ਤਾਂ ਇੱਥੇ ਖ਼ੁਦ ਮਨੁੱਖ ਬਣਨ ਦੀ ਕਹਾਣੀ ਸਮਝ ਰਹੇ ਹਾਂ। ਇਸ ਕਹਾਣੀ ਦੇ ਸਬੂਤ ਕਿੱਥੋਂ ਆਉਣ? ਪਰ ਕੁਦਰਤ ਕੁਝ ਸਬੂਤ ਸਦਾ ਸਾਂਭ ਕੇ ਰੱਖਦੀ ਹੈ। ਧਰਤੀ ਹੇਠੋਂ ਮਿਲਦੀਆਂ ਲੱਖਾਂ ਸਾਲ ਪਹਿਲਾਂ ਰਹਿੰਦੇ ਜਾਨਵਰਾਂ, ਮਨੁੱਖੀ ਪੂਰਵਜਾਂ ਦੀਆਂ ਹੱਡੀਆਂ, ਪੱਥਰਾਂ ਦੇ ਸੰਦ, ਕੁਦਰਤੀ ਗੁਫ਼ਾਵਾਂ ਵਿੱਚ ਕੀਤੀਆਂ ਚਿੱਤਰਕਾਰੀਆਂ ਮਨੁੱਖੀ ਵਿਕਾਸ ਦੀ ਕਹਾਣੀ 'ਤੇ ਚਾਨਣਾ ਪਾਉਂਦੀਆਂ ਹਨ। ਆਧੁਨਿਕ ਵਿਗਿਆਨ ਨੇ ਐਨੀ ਤਰੱਕੀ ਕਰ ਲਈ ਹੈ ਕਿ ਉਹ ਇਨ੍ਹਾਂ ਪੁਰਾਤਨ ਚੀਜ਼ਾਂ ਦੀ ਉਮਰ ਦੱਸ ਸਕਦੈ।

ਸੰਨ 1891 ਵਿੱਚ ਯੂਜੀਨ ਡੂਬੁਆਇਸ ਨੇ ਜਾਵਾ ਦੀ ਧਰਤੀ ਹੇਠੋਂ ਅਤੇ ਫਿਰ 1924 ਵਿੱਚ ਰੇਮੰਡ ਡਾਰਟ ਨੇ ਅਫ਼ਰੀਕਾ ਦੀ ਧਰਤੀ ਹੇਠੋਂ ਅਜਿਹੇ ਮਨੁੱਖੀ ਪੂਰਵਜਾਂ ਦੇ ਪਥਰਾਟ ਲੱਭੇ, ਜਿਨ੍ਹਾਂ ਨੇ ਮਨੁੱਖਾਂ ਅਤੇ ਬਾਂਦਰਾਂ ਵਿਚਕਾਰ ਇੱਕ ਤੰਦ ਜੋੜ ਦਿੱਤੀ। ਯੂਜੀਨ ਦੁਆਰਾ ਇਹ ਪਥਰਾਟ ਲੱਭਣ ਦੀ ਕਹਾਣੀ ਬਹੁਤ ਰੌਚਕ ਹੈ। ਹਾਲੈਂਡ ਦਾ ਇਹ ਡਾਕਟਰ ਡਾਰਵਿਨ ਦੀ ਥਿਊਰੀ ਵਿੱਚ ਵਿਸ਼ਵਾਸ ਰੱਖਦਾ ਸੀ ਅਤੇ ਇਸ ਨੇ ਆਪਣੇ ਹਿਸਾਬ ਕਿਤਾਬ ਨਾਲ ਇਹ ਅਨੁਮਾਨ ਲਾਇਆ ਕਿ ਮਨੁੱਖੀ ਪੂਰਵਜਾਂ ਦੇ ਪਥਰਾਟ ਇੰਡੋਨੇਸ਼ੀਆ ਵਿੱਚੋਂ ਲੱਭਣਗੇ। ਆਪਣਾ ਸਭ ਕੁਝ ਛੱਡ ਛਡਾ ਕੇ ਉਸ ਨੇ ਇੰਡੋਨੇਸ਼ੀਆ ਦੀ ਧਰਤੀ 'ਤੇ ਜਾ ਡੇਰੇ ਲਾਏ ਅਤੇ ਦੋ-ਤਿੰਨ ਸਾਲ ਖਾਕ ਛਾਨਣ ਤੋਂ ਬਾਅਦ ਆਖਰ 1891 ਵਿੱਚ ਇਹ ਪਥਰਾਟ ਲੱਭ ਹੀ ਲਏ।

ਇਹ ਪਥਰਾਟ 30-40 ਲੱਖ ਸਾਲ ਪਹਿਲਾਂ ਦੇ ਸਨ। ਇਨ੍ਹਾਂ ਤੋਂ ਇਹ ਗੱਲ ਸਪੱਸ਼ਟ ਸੀ ਕਿ ਇਹ ਨਾ ਤਾਂ ਮਨੁੱਖ ਦੇ ਪੂਰਵਜ ਬਾਂਦਰ ਦੇ ਸਨ ਅਤੇ ਨਾ ਹੀ ਆਧੁਨਿਕ ਮਨੁੱਖ ਦੇ। ਇਹ ਇੱਕ ਅਜਿਹੀ ਨਸਲ ਦੇ ਸਨ, ਜੋ ਬਾਂਦਰਾਂ ਅਤੇ ਮਨੁੱਖਾਂ ਦੇ ਵਿਚਕਾਰ ਸੀ। ਇਸ ਨਸਲ ਦੇ ਬਾਸ਼ਿੰਦੇ ਦੋ ਲੱਤਾਂ 'ਤੇ ਤੁਰ ਸਕਦੇ ਸਨ ਅਤੇ ਇਨ੍ਹਾਂ ਦੀਆਂ ਲੱਤਾਂ ਦੀਆਂ ਹੱਡੀਆਂ ਅਤੇ ਰੀੜ੍ਹ ਦੀ ਹੱਡੀ ਦੀ ਬਨਾਵਟ ਪੂਰਵਜ ਬਾਂਦਰਾਂ ਨਾਲੋਂ ਅਲੱਗ ਸੀ। ਇਹ ਨਵੀਂ ਬਣਤਰ ਇਨ੍ਹਾਂ ਨੂੰ ਦੋ ਲੱਤਾਂ 'ਤੇ ਖੜ੍ਹਾ ਕਰਨ ਵਿੱਚ ਮਦਦਗਾਰ ਸੀ। ਅੱਜ ਅਜਿਹੀ ਨਸਲ ਦੇ ਹੋਰ ਕਈ ਪਥਰਾਟ ਵੀ ਲੱਭ ਗਏ ਹਨ, ਜਿਨ੍ਹਾਂ ਤੋਂ ਮਨੁੱਖ ਅਤੇ ਬਾਂਦਰਾਂ ਦੀ ਸਾਂਝ ਸਪੱਸ਼ਟ ਪ੍ਰਤੀਤ ਹੁੰਦੀ ਹੈ। ਇਨ੍ਹਾਂ ਪਥਰਾਟਾਂ ਦੀ ਖੋਜ ਤੋਂ ਬਾਅਦ ਵਿਗਿਆਨੀਆਂ ਨੇ ਮਨੁੱਖੀ ਵਿਕਾਸ ਦੀ ਕਹਾਣੀ ਅੱਗੇ ਬਿਆਨ ਕੀਤੀ।

ਮਨੁੱਖ ਅਤੇ ਬਾਂਦਰਾਂ ਦੇ ਸਾਂਝੇ ਪੂਰਵਜ ਇਸ ਧਰਤੀ 'ਤੇ 70 ਕੁ ਲੱਖ ਸਾਲ ਪਹਿਲਾਂ ਰਹਿੰਦੇ ਸਨ। ਉਦੋਂ ਦੋ ਪੈਰਾਂ 'ਤੇ ਤੁਰਨ ਵਾਲੀ ਕੋਈ ਪ੍ਰਜਾਤੀ ਨਹੀਂ ਸੀ। ਅੱਜ ਵੀ ਮਨੁੱਖ ਅਤੇ ਚਿੰਪੈਂਜ਼ੀ (ਇੱਕ ਕਿਸਮ ਦਾ ਬਾਂਦਰ) ਦਾ 98 ਪ੍ਰਤੀਸ਼ਤ ਡੀ.ਐੱਨ.ਏ. (ਸ਼ਕਲ ਸੂਰਤ, ਸੁਭਾਅ ਅਤੇ ਗੁਣਾਂ ਨੂੰ ਕੰਟਰੋਲ ਕਰਨ ਵਾਲਾ ਤੱਤ) ਇੱਕੋ ਜਿਹਾ ਹੀ ਹੈ। ਲਗਭਗ 60 ਲੱਖ ਸਾਲ ਪਹਿਲਾਂ ਵਿਕਾਸ ਦੀ ਕੜੀ ਦੌਰਾਨ ਇੱਕ ਅਜਿਹੀ ਪ੍ਰਜਾਤੀ ਹੋਂਦ ਵਿੱਚ ਆਈ, ਜੋ ਸਿਰਫ਼ ਦੋ ਪੈਰਾਂ 'ਤੇ ਚੱਲਦੀ ਸੀ। ਇਸ ਬਦਲਾਅ ਦੇ ਸਬੂਤ ਵਿੱਚ ਕੁਝ ਪਥਰਾਟ ਮਿਲੇ ਹਨ। ਹਾਲਾਂਕਿ ਉਹ ਪ੍ਰਜਾਤੀ ਦਿਮਾਗ਼ ਅਤੇ ਸਰੀਰ ਦੇ ਆਕਾਰ ਪੱਖੋਂ ਪੂਰਵਜ ਬਾਂਦਰਾਂ ਵਰਗੀ ਹੀ ਸੀ ਪਰ ਚਾਰ ਪੈਰਾਂ ਦੀ ਬਜਾਏ ਸਿਰਫ਼ ਦੋ ਪੈਰਾਂ 'ਤੇ ਤੁਰਨਾ ਇੱਕ ਅਸਾਧਾਰਨ ਪ੍ਰਾਪਤੀ ਸੀ, ਕਿਉਂਕਿ ਹੁਣ ਦੋ ਮੂਹਰਲੇ ਪੈਰ ਹੱਥਾਂ ਦਾ ਕੰਮ ਦੇਣ ਲੱਗ ਪਏ ਸਨ। ਕਿਸੇ ਵੀ ਪ੍ਰਜਾਤੀ ਵਿੱਚ ਅਹਿਮ ਬਦਲਾਅ ਲਈ ਆਸ-ਪਾਸ ਦੇ ਹਾਲਾਤ ਜ਼ਿੰਮੇਵਾਰ ਹੁੰਦੇ ਹਨ। ਪ੍ਰਜਾਤੀਆਂ ਵਿੱਚ ਉਹੀ ਸਰੀਰਕ ਗੁਣ ਪੈਦਾ ਹੁੰਦੇ ਰਹਿੰਦੇ ਹਨ, ਜਿਨ੍ਹਾਂ ਨਾਲ ਉਹ ਬਦਲਵੇਂ ਵਾਤਾਵਰਨ ਵਿੱਚ ਜਿਊਂਦੀਆਂ ਰਹਿ ਸਕਣ। ਜੋ ਪ੍ਰਜਾਤੀਆਂ ਅਜਿਹਾ ਕਰਨ ਤੋਂ ਅਸਮਰੱਥ ਹੁੰਦੀਆਂ ਹਨ, ਉਹ ਧਰਤੀ ਤੋਂ ਲੋਪ ਹੋ ਜਾਂਦੀਆਂ ਹਨ। ਯਕੀਨਨ ਨਵੀਂ ਪ੍ਰਜਾਤੀ ਦੇ ਚਾਰ ਪੈਰਾਂ ਤੋਂ ਦੋ ਪੈਰਾਂ ਤੱਕ ਆਉਣ ਦੇ ਵੀ ਕੁਝ ਕਾਰਨ ਰਹੇ ਹੋਣਗੇ।



ਅਜਿਹੇ ਦੋ ਪੈਰਾਂ ਵਾਲੇ ਸ਼ੁਰੂਆਤੀ ਮਨੁੱਖ ਨਾਲ ਸਬੰਧਤ ਇੱਕ ਅਹਿਮ ਖੋਜ 1974 ਵਿੱਚ ਕੀਤੀ ਗਈ। ਵਿਗਿਆਨੀ ਡੌਨਲਡ ਜੌਹਨਸਨ ਨੇ ਇਥੋਪੀਆ ਵਿੱਚ 32 ਲੱਖ ਸਾਲ ਪੁਰਾਣਾ ਇੱਕ ਪਥਾਰਟ ਲੱਭਿਆ, ਜਿਸ ਦਾ ਨਾਂ 'ਲੂਸੀ' ਰੱਖਿਆ ਗਿਆ। ਇਸ ਪ੍ਰਜਾਤੀ ਦਾ ਵਿਗਿਆਨਕ ਨਾਂ 'ਔਸਟਰੇਲੋਪਿਥਿਕਸ ਅਫੇਰੈਨਸਿਸ' (Australopithecus afarensis) ਹੈ। ਇਹ ਇੱਕ ਮਾਦਾ ਦਾ ਪਥਰਾਟ ਸੀ, ਜਿਸ ਦੀ ਲੰਬਾਈ ਸਾਢੇ ਤਿੰਨ ਫੁੱਟ ਸੀ ਤੇ ਉਹ ਥੋੜ੍ਹਾ ਝੁਕ ਕੇ ਦੋ ਪੈਰਾਂ 'ਤੇ ਚੱਲ ਸਕਦੀ ਸੀ। ਲੂਸੀ ਦੇ ਪੱਟ ਅਤੇ ਚੂਲੇ ਦੀਆਂ ਹੱਡੀਆਂ ਦੀ ਬਣਤਰ ਆਧੁਨਿਕ ਮਨੁੱਖ ਵਰਗੀ ਹੋ ਚੁੱਕੀ ਸੀ, ਜਿਨ੍ਹਾਂ ਕਰਕੇ ਇਹ ਲਗਭਗ ਸਿੱਧਾ ਤੁਰਨ ਯੋਗ ਹੋਈ। ਰੀੜ੍ਹ ਦੀ ਹੱਡੀ ਦਿਮਾਗ਼ ਨਾਲ ਆਧੁਨਿਕ ਮਨੁੱਖੀ ਪ੍ਰਜਾਤੀ ਵਾਂਗ ਜੁੜੀ ਸੀ, ਜਿਹੜੀ ਸਿੱਧਾ ਤੁਰਨ ਵਿੱਚ ਮਦਦਗਾਰ ਸਾਬਤ ਹੋਈ। ਦੂਜੇ ਪਾਸੇ ਇਸ ਮਾਦਾ ਦੀਆਂ ਬਾਹਵਾਂ ਹਾਲੇ ਵੀ ਚਿੰਪੈਂਜ਼ੀ ਬਾਂਦਰਾਂ ਵਾਂਗ ਲੰਬੀਆਂ ਸਨ ਅਤੇ ਮੁੜੀਆਂ ਹੋਈਆਂ ਉਂਗਲਾਂ ਇਸ ਗੱਲ ਦਾ ਸਬੂਤ ਸਨ ਕਿ ਉਹ ਅਜੇ ਵੀ ਬਾਦਰਾਂ ਵਾਂਗ ਦਰੱਖਤਾਂ 'ਤੇ ਝੂਟ ਸਕਦੀ ਸੀ। ਇਸ ਪ੍ਰਜਾਤੀ ਦੇ ਦਿਮਾਗ਼ ਦਾ ਆਕਾਰ ਵੀ ਹਾਲੀਂ ਚਿੰਪੈਂਜ਼ੀਆਂ ਵਰਗਾ ਹੀ ਸੀ। ਕਹਿਣ ਦਾ ਮਤਲਬ ਕਿ 30-40 ਲੱਖ ਸਾਲ ਦਾ ਸਮਾਂ ਸਿਰਫ਼ ਸਿੱਧਾ ਖੜ੍ਹਾ ਹੋਣ ਵਾਲੀ ਪ੍ਰਜਾਤੀ ਬਣਨ ਨੂੰ ਹੀ ਲੱਗ ਗਏ, ਹਾਲੇ ਆਧੁਨਿਕ ਮਨੁੱਖ ਵਾਲਾ ਦਿਮਾਗ਼ ਅਤੇ ਹੋਰ ਕਈ ਲੱਛਣ ਬਣਨ ਨੂੰ ਹੋਰ ਕਈ ਲੱਖ ਸਾਲ ਲੱਗਣੇ ਸਨ। 'ਔਸਟਰੇਲੋਪਿਥਿਕਸ ਅਫੇਰੈਨਸਿਸ' ਵਰਗੇ ਇਸ ਪ੍ਰਜਾਤੀ ਦੇ 32-60 ਲੱਖ ਸਾਲ ਪੁਰਾਣੇ ਪਥਰਾਟ ਦੁਨੀਆ ਦੇ ਅਲੱਗ ਅਲੱਗ ਖਿੱਤਿਆਂ ਵਿੱਚੋਂ ਮਿਲੇ ਹਨ।

ਕਹਾਣੀ ਅੱਗੇ ਤੁਰਦੀ ਹੈ ਤਾਂ ਕਰੀਬ 24 ਲੱਖ ਸਾਲ ਪਹਿਲਾਂ 'ਔਸਟਰੇਲੋਪਿਥਿਕਸ ਅਫੇਰੈਨਸਿਸ' ਤੋਂ ਸੁਧਰਦਾ ਸੁਧਰਦਾ ਇੱਕ ਹੋਰ ਗਰੁੱਪ 'ਹੋਮੋ' (Homo) ਉਤਪੰਨ ਹੁੰਦਾ ਹੈ, ਜਿਸ ਵਿੱਚ ਮੌਜੂਦਾ ਮਨੁੱਖ ਜਾਤੀ (Homo sapiens) ਆਉਂਦੀ ਹੈ। ਇਸ ਗਰੁੱਪ ਦੀ ਜਿਹੜੀ ਪ੍ਰਜਾਤੀ ਪਥਰਾਟਾਂ 'ਚੋਂ ਮਿਲੀ, ਉਸ ਦਾ ਨਾਂ 'ਹੋਮੋ ਹਬੀਲਿਸ' (Homo habilis) ਸੀ। ਇਸ ਨਵੀਂ ਪ੍ਰਜਾਤੀ ਦੀ ਲੰਬਾਈ ਅੱਜ ਦੇ ਮਨੁੱਖ ਤੋਂ ਦੋ ਤਿਹਾਈ ਸੀ, ਪਰ ਇਸ ਦਾ ਦਿਮਾਗ਼ ਵੱਡਾ (600 ਘਣ ਸੈਂਟੀਮੀਟਰ) ਹੋ ਗਿਆ ਸੀ ਅਤੇ ਇਹ ਆਪਣੀਆਂ ਪੂਰਵਜ ਪ੍ਰਜਾਤੀਆਂ ਨਾਲੋਂ ਵਧੇਰੇ ਵਿਕਸਿਤ ਸੀ। ਇਸ ਪ੍ਰਜਾਤੀ ਦੇ ਸਮੇਂ ਦੌਰਾਨ ਪਾਏ ਜਾਣ ਵਾਲੇ ਕੁਝ ਪੱਥਰ ਦੇ ਔਜ਼ਾਰਾਂ ਤੋਂ ਸਿੱਧ ਹੁੰਦਾ ਹੈ ਕਿ ਇਸ ਨੂੰ ਔਜ਼ਾਰ ਬਣਾਉਣ ਦੀ ਸੋਝੀ ਸੀ। ਇਹ ਪ੍ਰਜਾਤੀ ਮੁੱਖ ਰੂਪ ਵਿੱਚ ਮਾਸਾਹਾਰੀ ਸੀ। ਇਹ ਲੋਕ ਪੱਥਰ ਦੇ ਔਜ਼ਾਰਾਂ ਨਾਲ ਜਾਨਵਰਾਂ ਨੂੰ ਮਾਰ ਵੀ ਸਕਦੇ ਸਨ ਅਤੇ ਇਨ੍ਹਾਂ ਦੀ ਖੱਲ ਵੀ ਕੱਟ ਸਕਦੇ ਸਨ। ਮਨੁੱਖੀ ਪੂਰਵਜਾਂ ਦੇ ਪਥਰਾਟਾਂ ਤੋਂ ਇੱਕ ਗੱਲ ਸਪੱਸ਼ਟ ਸਾਹਮਣੇ ਆ ਰਹੀ ਹੈ ਕਿ ਲਗਭਗ 25 ਲੱਖ ਸਾਲ ਤੋਂ ਪਹਿਲਾਂ ਦੇ ਲੋਕ ਸ਼ਿਕਾਰ ਕਰਨਾ ਨਹੀਂ ਜਾਣਦੇ ਸਨ ਅਤੇ ਉਹ ਸ਼ਾਕਾਹਾਰੀ ਸਨ।

ਇਸ ਪਿੱਛੋਂ ਵਿਕਾਸ ਹੁੰਦੇ ਹੁੰਦੇ ਕਰੀਬ 20 ਲੱਖ ਸਾਲ ਪਹਿਲਾਂ ਇੱਕ ਹੋਰ ਮਨੁੱਖ ਜਾਤੀ ਹੋਂਦ ਵਿੱਚ ਆਈ, ਜਿਸ ਦਾ ਨਾਂ ਸੀ 'ਹੋਮੋ ਅਗਾਸਟਰ' (Homo ergaster)। ਇਸ ਪ੍ਰਜਾਤੀ ਵਿੱਚ ਸੁਧਾਰ ਇਹ ਸੀ ਕਿ ਇਸ ਦੀਆਂ ਬਾਹਵਾਂ ਮੌਜੂਦਾ ਮਨੁੱਖ ਵਾਂਗ ਸਨ ਅਤੇ ਇਸ ਦੇ ਸਰੀਰ 'ਤੇ ਵਾਲ ਵੀ ਘੱਟ ਸਨ। ਸਿਰ ਦਾ ਆਕਾਰ ਹੋਰ ਵਧ ਗਿਆ ਸੀ ਅਤੇ ਇਹ ਪ੍ਰਜਾਤੀ ਪੱਥਰ ਦੇ ਹਥਿਆਰ ਬਣਾਉਣ ਵਿੱਚ ਜ਼ਿਆਦਾ ਮਾਹਿਰ ਸੀ। ਇਸ ਪ੍ਰਜਾਤੀ ਦਾ ਇੱਕ ਪਥਰਾਟ 'ਤੁਰਕਾਨਾ' ਅਫ਼ਰੀਕਾ ਦੇ ਦੇਸ਼ ਕੀਨੀਆ ਵਿੱਚੋਂ ਮਿਲਿਆ ਸੀ, ਜੋ ਕਿ 16 ਲੱਖ ਸਾਲ ਪੁਰਾਣਾ ਮੰਨਿਆ ਜਾਂਦਾ ਹੈ।

ਹੁਣ ਤੱਕ ਮਨੁੱਖੀ ਵਿਕਾਸ ਦੀ ਸਾਰੀ ਕਹਾਣੀ ਅਫ਼ਰੀਕਾ ਮਹਾਂਦੀਪ ਵਿੱਚ ਹੀ ਵਾਪਰ ਰਹੀ ਸੀ। ਵਿਗਿਆਨੀਆਂ ਅਨੁਸਾਰ 'ਹੋਮੋ ਅਗਾਸਟਰ' ਪਹਿਲੀ ਪ੍ਰਜਾਤੀ ਹੋ ਸਕਦੀ ਹੈ, ਜੋ ਅਫ਼ਰੀਕਾ ਤੋਂ ਬਾਹਰ ਨਿਕਲ ਕੇ ਦੂਜੇ ਮਹਾਦੀਪਾਂ ਤੱਕ ਪਹੁੰਚੀ ਹੋਵੇ। ਜਾਰਜੀਆ ਦੇਸ਼ ਵਿੱਚੋਂ ਇਸ ਪ੍ਰਜਾਤੀ ਨਾਲ ਸਬੰਧਤ ਲੱਖਾਂ ਸਾਲ ਪੁਰਾਣੀਆਂ ਹੱਡੀਆਂ ਮਿਲੀਆਂ ਹਨ। ਮਨੁੱਖੀ ਪ੍ਰਜਾਤੀ ਵਿੱਚ ਹੋਰ ਸੁਧਾਰ ਹੁੰਦਾ ਹੁੰਦਾ ਕਰੀਬ 15-17 ਲੱਖ ਸਾਲ ਪਹਿਲਾਂ ਇੱਕ ਹੋਰ ਪ੍ਰਜਾਤੀ 'ਹੋਮੋ ਅਰੈਕਟਿਸ' (Homo erectus) ਵਿਕਸਿਤ ਹੋ ਗਈ। ਇਹ ਪਹਿਲੀ ਮਨੁੱਖੀ ਪ੍ਰਜਾਤੀ ਸੀ, ਜਿਸ ਦੇ ਵੱਡੀ ਗਿਣਤੀ ਵਿੱਚੋਂ ਪਥਰਾਟ ਅਫ਼ਰੀਕਾ ਤੋਂ ਬਾਹਰ ਵੀ ਮਿਲੇ ਹਨ। ਇਸ ਪ੍ਰਜਾਤੀ ਵਿੱਚ ਦਿਮਾਗ਼ ਦਾ ਆਕਾਰ ਹੋਰ ਵਧ ਗਿਆ ਸੀ ਅਤੇ ਇਹ ਪ੍ਰਜਾਤੀ ਲਗਭਗ 27000 ਸਾਲ ਪਹਿਲਾਂ ਤੱਕ ਮੌਜੂਦ ਮੰਨੀ ਜਾਂਦੀ ਹੈ। ਹਾਲਾਂਕਿ ਇਨ੍ਹਾਂ ਸਮਿਆਂ ਦੌਰਾਨ ਮਨੁੱਖ ਦੀਆਂ ਕੁਝ ਹੋਰ ਪ੍ਰਜਾਤੀਆਂ ਵੀ ਵਿਗਿਆਨੀਆਂ ਨੇ ਦਰਸਾਈਆਂ ਹਨ, ਪਰ ਵਰਤਮਾਨ ਮਨੁੱਖ ਪ੍ਰਜਾਤੀ (Homo sapiens) ਅਫ਼ਰੀਕਾ ਵਿੱਚ ਸਿਰਫ਼ ਦੋ ਲੱਖ ਸਾਲ ਪਹਿਲਾਂ ਵਿਕਸਿਤ ਹੋਈ ਮੰਨੀ ਜਾਂਦੀ ਹੈ। ਮੌਜੂਦਾ ਮਨੁੱਖ ਦੇ ਸਭ ਤੋਂ ਪੁਰਾਣੇ ਪਥਰਾਟ ਇੱਕ ਲੱਖ 95 ਹਜ਼ਾਰ ਸਾਲ ਪੁਰਾਣੇ ਹਨ, ਜੋ ਕਿ ਇਥੋਪੀਆ ਵਿੱਚੋਂ ਮਿਲੇ ਹਨ। ਇਸ ਸਮੇਂ ਦੇ ਮਨੁੱਖ ਦੇ ਦਿਮਾਗ਼ ਦਾ ਆਕਾਰ ਮੌਜੂਦਾ ਮਨੁੱਖ ਜਿੰਨਾ (1350 ਘਣ ਸੈਂਟੀਮੀਟਰ) ਹੋ ਗਿਆ ਸੀ। ਇਸ ਉਪਰੰਤ ਇਹ ਆਧੁਨਿਕ ਮਨੁੱਖ ਪ੍ਰਜਾਤੀ ਕਰੀਬ 90,000 ਸਾਲ ਪਹਿਲਾਂ ਏਸ਼ੀਆ ਮਹਾਂਦੀਪ, 60,000 ਸਾਲ ਪਹਿਲਾਂ ਆਸਟਰੇਲੀਆ, 40,000 ਸਾਲ ਪਹਿਲਾਂ ਯੂਰਪ ਅਤੇ 12,000 ਸਾਲ ਪਹਿਲਾਂ ਅਮਰੀਕੀ ਮਹਾਂਦੀਪ ਵਿੱਚ ਫੈਲ ਗਈ।

ਸ਼ੁਰੂ ਸ਼ੁਰੂ ਵਿੱਚ ਇਹ ਆਧੁਨਿਕ ਮਨੁੱਖੀ ਪ੍ਰਜਾਤੀ ਜੰਗਲਾਂ ਵਿੱਚ ਵਾਸਾ ਕਰਦੀ ਸੀ ਅਤੇ ਸ਼ਿਕਾਰ ਢਿੱਡ ਭਰਨ ਦਾ ਮੁੱਖ ਸਰੋਤ ਸੀ। ਫੇਰ ਹੌਲੀ ਹੌਲੀ ਔਜ਼ਾਰਾਂ ਅਤੇ ਅੱਗ ਦੀ ਖੋਜ ਨੇ ਵਿਕਾਸ ਦੇ ਮਾਰਗ 'ਤੇ ਨਵੇਂ ਮੀਲ ਪੱਥਰ ਸਥਾਪਿਤ ਕੀਤੇ। ਮਨੁੱਖੀ ਸੱਭਿਅਕ ਸਮਾਜ ਦੀ ਸਥਾਪਤੀ ਕਰੀਬ 30,000 ਸਾਲ ਪਹਿਲਾਂ ਮੰਨੀ ਜਾਂਦੀ ਹੈ, ਜਦਕਿ ਖੇਤੀਬਾੜੀ ਅਤੇ ਜਾਨਵਰਾਂ ਨੂੰ ਪਾਲਤੂ ਬਣਾਉਣਾ ਸਿਰਫ਼ 10,000 ਸਾਲ ਪਹਿਲਾਂ ਦੀ ਗੱਲ ਹੈ। ਕਸਬਿਆਂ 'ਚ ਮਨੁੱਖ ਦਾ ਬਸੇਰਾ 4-5 ਹਜ਼ਾਰ ਸਾਲ ਪਹਿਲਾਂ ਹੀ ਸ਼ੁਰੂ ਹੋਇਆ ਹੈ। ਇੱਕ ਅਹਿਮ ਸੁਆਲ ਇਹ ਵੀ ਹੈ ਕਿ ਕੀ ਮਨੁੱਖ ਅੱਜ ਵੀ ਵਿਕਾਸ ਕਰ ਰਿਹਾ ਹੈ? ਜੇ ਵਿਕਾਸ ਦੀ ਥਿਊਰੀ ਨੂੰ ਦੇਖੀਏ ਤਾਂ ਜਵਾਬ ਹਾਂ ਵਿੱਚ ਹੀ ਆਉਂਦਾ ਹੈ। ਅੱਜ ਦਾ ਮਨੁੱਖ ਦਿਮਾਗ਼ ਦੀ ਜ਼ਿਆਦਾ ਵਰਤੋਂ ਕਰ ਰਿਹਾ ਹੈ, ਜਦਕਿ ਸਰੀਰਕ ਕੰਮ ਕਾਜ ਘਟ ਰਿਹਾ ਹੈ। ਹੋ ਸਕਦਾ ਹੈ ਕਿ ਅੱਜ ਤੋਂ ਹਜ਼ਾਰਾਂ ਲੱਖਾਂ ਸਾਲਾਂ ਬਾਅਦ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਸਿਰ ਹੋਰ ਵੱਡੇ ਹੋਣ ਤੇ ਹੱਥ-ਪੈਰ ਛੋਟੇ!

FOR SINGH LLC
COMMERCIAL PARKING
Grand Opening Special 20% Off First 3 Months
Daily / Weekly / Monthly
(630) 984-9401
1940 Wiesbrook Drive Oswego, IL 60543

ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

Punjabi Parwaz LLC
DBA Punjabi Parwaz

Address:
827 E. Kings Row, Unit# 7,
Palatine, IL 60074

Managed by:
Anureet Kaur
Kuljeet Singh

'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ

ਪੰਜਾਬੀ ਪਰਵਾਜ਼ Punjabi Parwaz ਬੋਰਡ ਮੈਂਬਰ

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਸੰਨੀ ਧੂੜ (ਮਿਸ਼ੀਗਨ)
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

# ਕਿਰਦਾਰ ਵਿਹੂਣੀ ਸਿਆਸਤ ਦਾ ਬੋਲ-ਬਾਲਾ

**ਸਿਆਸੀ ਚੁਟਕੀ**

**ਚੰਦਰਪਾਲ ਅੱਤਰੀ, ਲਾਲੜੂ**
ਫੋਨ:+91-7889111988



ਭਾਰਤ 'ਚ ਸਾਲ 2024 ਦੀਆਂ ਆਮ ਚੋਣਾਂ ਲਈ ਸਰਗਰਮੀਆਂ ਸ਼ੁਰੂ ਹੋ ਚੁੱਕੀਆਂ ਹਨ। ਸਭ ਸਿਆਸੀ ਪਾਰਟੀਆਂ ਆਪੋ-ਆਪਣੀ ਸਿਆਸੀ ਸਥਿਤੀ ਸੁਧਾਰਨ ਤੇ ਕਾਇਮ ਰੱਖਣ ਲਈ ਚਾਰਾਜੋਈਆਂ ਕਰ ਰਹੀਆਂ ਹਨ, ਪਰ ਇਸ ਸਾਰੇ ਅਮਲ ਦੌਰਾਨ ਕਿਰਦਾਰ ਹਰ ਪਾਸੇ ਗਾਇਬ ਹੈ। ਆਪਣੇ ਇਸ ਆਰਟੀਕਲ ਵਿੱਚ ਅਸੀਂ ਦੇਸ਼ ਦੀਆਂ ਪ੍ਰਮੁੱਖ ਸਿਆਸੀ ਪਾਰਟੀਆਂ ਦੇ ਕਿਰਦਾਰ ਵਿੱਚ ਆ ਰਹੇ ਨਿਘਾਰ ਅਤੇ ਪਾਏ ਜਾ ਰਹੇ ਭੰਬਲਭੂਸਿਆਂ ਬਾਰੇ ਗੱਲ ਕਰਾਂਗੇ। ਦੇਸ਼ ਵਿੱਚ ਇਸ ਸਮੇਂ ਭਾਜਪਾ ਦੀ ਤੂਤੀ ਬੋਲ ਰਹੀ ਹੈ। ਸਾਹਮਣੇ ਆ ਰਹੀਆਂ ਖ਼ਬਰਾਂ ਮੁਤਾਬਕ ਹਰ ਥਾਂ ਭਾਜਪਾ ਦੀ ਬਜਾਇ ਸਿਰਫ ਆਪਣਾ ਨਾਮ ਅੱਗੇ ਰੱਖਣ ਵਾਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤਾਂ ਇਸ ਵਾਰ ਇੱਕ ਪਲਾਨ ਵਿੱਚ ਤਿੰਨ ਵਾਰ ਗਠਜੋੜ ਬਦਲਣ ਵਾਲੇ ਮੁੱਖ ਮੰਤਰੀ ਨਿਤਿਸ਼ ਕੁਮਾਰ ਨੂੰ ਵੀ ਜੱਫੀ ਪਾ ਚੁੱਕੇ ਹਨ। ਕਿਰਦਾਰ ਵਿਹੂਣੇ ਕਾਂਗਰਸੀਆਂ ਨੂੰ ਆਪਣੇ ਵੱਲ ਖਿੱਚਣ ਵਿੱਚ ਵੀ ਭਾਜਪਾ ਕੋਈ ਕਿਰਦਾਰ ਕਾਇਮ ਨਹੀਂ ਰੱਖ ਰਹੀ, ਜਦਕਿ ਕਿਸੇ ਵੇਲੇ ਉਹ ਖੁਦ ਦੀ ਵੱਖਰੀ ਪਹਿਚਾਣ ਰੱਖਣ ਤੇ ਕਾਂਗਰਸੀਆਂ ਨੂੰ ਪਤਾ ਨਹੀਂ ਕੀ-ਕੀ ਆਖਦੀ ਨਹੀਂ ਥੱਕਦੀ ਸੀ।




ਭਾਜਪਾ ਦੀ ਹਾਲਤ ਇਸ ਸਮੇਂ ਇਹ ਹੈ ਕਿ ਉਸ ਕੋਲ ਜੋ ਮਰਜੀ ਆ ਜਾਵੇ, ਉਹ ਸਭ ਉਸ ਦੀ ਪਾਰਟੀ ਵਿੱਚ ਹਜਮ ਹੈ। ਰਾਮ ਰਾਜ ਦੇ ਦਾਅਵੇ ਕਰਨ ਵਾਲੀ ਪਾਰਟੀ ਨੇ ਚੰਡੀਗੜ੍ਹ ਮੇਅਰ ਚੋਣਾਂ ਵਿੱਚ ਤਾਂ ਧੱਕੇਸ਼ਾਹੀ ਦਾ ਰਿਕਾਰਡ ਹੀ ਤੋੜ ਦਿੱਤਾ ਸੀ। ਇਹ ਤਾਂ ਸੁਪਰੀਮ ਕੋਰਟ ਦਾ ਭਲਾ ਹੋਵੇ ਕਿ ਉਸ ਨੇ ਇਸ ਸਾਰੀ ਧੱਕੇਸ਼ਾਹੀ ਦੀਆਂ ਧੱਜੀਆਂ ਉਡਾ ਦਿੱਤੀਆਂ। ਭਾਜਪਾ ਵੱਲੋਂ ਸੰਵਿਧਾਨ ਦੀ ਉਲੰਘਣਾ ਦੇ ਮਾਮਲੇ ਵਿੱਚ ਵੀ ਰਿਕਾਰਡ ਦਰ ਰਿਕਾਰਡ ਤੋੜੇ ਜਾ ਰਹੇ ਹਨ। ਦੁਨੀਆ ਨੂੰ ਬਹੁਤ ਕੁਝ ਦੇਣ ਵਾਲੀ ਧਰਮ ਨਿਰਪੱਖਤਾ ਨੂੰ ਪੂਰੀ ਤਰ੍ਹਾਂ ਮਧੋਲਿਆ ਜਾ ਰਿਹਾ ਹੈ। ਇੱਕ ਰਾਜਾ, ਇੱਕ ਚੁਣਿਆ ਹੋਇਆ ਨੁਮਾਇੰਦਾ ਤੇ ਇੱਕ ਸਰਕਾਰੀ ਮੁਲਾਜ਼ਮ, ਜਿਸ ਨੇ ਸੰਵਿਧਾਨ ਦੀ ਪਾਲਣਾ ਦੀ ਸਹੁੰ ਖਾਧੀ ਹੈ, ਉਹ ਸਰਕਾਰੀ ਤੌਰ ਉਤੇ ਕਿਸੇ ਇੱਕ ਧਰਮ ਨਾਲ ਕਿਵੇਂ ਖੜ੍ਹ ਸਕਦਾ ਹੈ? ਹਾਲਾਂਕਿ ਅਸੀਂ ਇਹ ਵੀ ਨਹੀਂ ਕਹਿੰਦੇ ਕਿ ਉਹ ਧਰਮ ਨੂੰ ਮੰਨੇ ਹੀ ਨਾ। ਕੋਈ ਵੀ ਆਦਮੀ ਧਰਮ ਨੂੰ ਦਿਲ ਖੋਲ੍ਹ ਕੇ ਮੰਨ ਸਕਦਾ ਹੈ, ਕਿਉਂਕਿ ਇਹ ਉਸ ਦਾ ਨਿੱਜੀ ਮਾਮਲਾ ਹੈ, ਪਰ ਜੇ ਉਹ ਧਰਮ ਨੂੰ ਵੋਟਾਂ ਹਾਸਲ ਕਰਨ ਲਈ ਵਰਤੇ ਜਾਂ ਸਟੇਜ ਉਤੇ ਲਿਆਵੇ ਤਾਂ ਫਿਰ ਉਸ ਦਾ ਵਿਰੋਧ ਕਿਉਂ ਨਾ ਹੋਵੇ?

ਇਸ ਤੋਂ ਇਲਾਵਾ ਕੇਂਦਰ ਸਰਕਾਰ ਦੂਜੀ ਪਾਰਟੀ ਦੇ ਸੂਬਿਆਂ ਵਾਲੀਆਂ ਸਰਕਾਰਾਂ ਦੀ ਮਦਦ ਕਰਨ ਦੇ ਮਾਮਲੇ ਵਿੱਚ ਵੀ ਸਿਆਸਤ ਨੂੰ ਹੀ ਤਰਜੀਹ ਦੇ ਰਹੀ ਹੈ। ਜੇ ਕਿਸੇ ਸੂਬੇ ਵਿੱਚ ਉਨ੍ਹਾਂ ਦੀ ਆਪਣੀ ਪਾਰਟੀ ਵਾਲੀ ਸਰਕਾਰ ਹੈ ਤਾਂ ਦਿਲ ਖੋਲ੍ਹ ਕੇ ਫੰਡ ਦਿੱਤੇ ਜਾ ਰਹੇ ਹਨ, ਜਦਕਿ ਜੇ ਕਿਸੇ ਸੂਬੇ ਵਿੱਚ ਦੂਜੀ ਪਾਰਟੀ ਦੀ ਸਰਕਾਰ ਹੈ ਤਾਂ ਉਸ ਨੂੰ ਫੰਡਾਂ ਦੇ ਮਾਮਲੇ ਵਿੱਚ ਬਹੁਤ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇੱਕ ਪਾਸੇ 'ਸਭ ਕਾ ਸਾਥ, ਸਭ ਕਾ ਵਿਕਾਸ' ਦੇ ਫੋਕੇ ਦਾਅਵੇ ਹਨ ਤੇ ਦੂਜੇ ਪਾਸੇ ਐਨਾ ਵਿਤਕਰਾ ਕੀਤਾ ਜਾ ਰਿਹਾ ਹੈ ਕਿ ਆਪਣੇ ਹੀ ਲੋਕ ਪ੍ਰੇਸ਼ਾਨ ਹੋ ਰਹੇ ਹਨ। ਇਹ ਸਭ ਉਦੋਂ ਹੋ ਰਿਹਾ ਹੈ, ਜਦੋਂ ਭਾਜਪਾ ਖੁਦ ਨੂੰ ਰਾਸ਼ਟਰਵਾਦ ਦੀ ਚੈਂਪੀਅਨ ਐਲਾਨਦਿਆਂ ਨਹੀਂ ਥੱਕਦੀ। ਇੱਕ ਪਾਸੇ ਭਾਜਪਾ ਸਮੁੱਚੇ ਭਾਰਤ ਨੂੰ ਸਨਾਤਨ ਧਰਮ ਵਾਲੇ ਧਾਗੇ ਵਿੱਚ ਪਰੋਣਾ ਚਾਹੁੰਦੀ ਹੈ, ਜਦਕਿ ਦੂਜੇ ਪਾਸੇ ਜੇ ਕਿਸੇ ਸਨਾਤਨ ਬਹੁਗਿਣਤੀ ਆਬਾਦੀ ਵਾਲੇ ਸੂਬੇ ਵਿੱਚ ਦੂਜੀ ਪਾਰਟੀ ਦੀ ਸਰਕਾਰ ਬਣ ਜਾਵੇ ਤਾਂ ਉਸ ਨੂੰ ਸਹੂਲਤਾਂ ਤੱਕ ਵੀ ਦੇਣੀਆਂ ਬੰਦ ਕਰ ਦਿੰਦੀ ਹੈ। ਇਹ ਇੱਕ ਵੱਖਰੀ ਤਰ੍ਹਾਂ ਦਾ ਹੀ ਕਿਰਦਾਰ ਹੈ।

ਕਾਂਗਰਸ ਦੀ ਗੱਲ ਕਰੀਏ ਤਾਂ ਇਹ ਭਾਵੇਂ ਇਸ ਸਮੇਂ ਇੱਕ ਤਰ੍ਹਾਂ ਨਾਲ ਮੂਰਛਿਤ ਮੁਦਰਾ ਵਿੱਚ ਹੈ, ਪਰ ਉਸ ਵੱਲੋਂ ਵੀ ਇਤਿਹਾਸ ਵਿੱਚ ਇਸ ਤਰ੍ਹਾਂ ਦੀਆਂ ਸਾਰੀਆਂ ਕਾਰਵਾਈਆਂ ਕੀਤੀਆਂ ਜਾ ਚੁੱਕੀਆਂ ਹਨ। ਉਹ ਗੱਲ ਵੱਖਰੀ ਹੈ ਕਿ ਕਾਂਗਰਸ ਨੇ ਇਹ ਸਭ ਕੁਝ ਥੋੜ੍ਹਾ ਸੰਕੋਚ ਕਰਦਿਆਂ ਕੀਤਾ ਹੋਵੇ, ਜਦਕਿ ਹੁਣ ਵਾਲੇ ਖੁੱਲ੍ਹੇ ਦਿਲ ਨਾਲ ਇਹ ਸਭ ਕੁਝ ਕਰ ਰਹੇ ਹਨ। ਭਾਜਪਾ ਨੇ ਜਿੱਥੇ ਆਪਣੇ ਸਿਧਾਂਤਕ ਕਿਰਦਾਰ ਨੂੰ ਖੋਰਾ ਲਾਇਆ ਹੈ, ਉੱਥੇ ਹੀ ਕਾਂਗਰਸੀਆਂ ਨੇ ਤਾਂ ਸਿਧਾਂਤਕ ਤੇ ਵਿਅਕਤੀਗਤ- ਦੋਵੇਂ ਕਿਰਦਾਰ ਖੂਹ ਖਾਤੇ ਵਿੱਚ ਪਾ ਦਿੱਤੇ ਹਨ। ਪੁਰਾਣੇ ਕਾਂਗਰਸੀ ਨਵੇਂ ਕਾਂਗਰਸੀ ਵਰਕਰਾਂ ਲਈ ਥਾਂ ਛੱਡਣ ਨੂੰ ਤਿਆਰ ਹੀ ਨਹੀਂ ਹਨ। ਬਜ਼ੁਰਗ ਕਾਂਗਰਸੀ ਖੁਦ ਲਈ ਰਾਜ ਸਭਾ ਦੀ ਮੈਂਬਰੀ ਤੇ ਆਪਣੇ ਬੱਚਿਆਂ ਲਈ ਲੋਕ ਸਭਾ ਤੇ ਵਿਧਾਨ ਸਭਾ ਦੀਆਂ ਮੈਂਬਰੀਆਂ ਪੱਕੀ ਕਰ ਰਹੇ ਹਨ, ਜਦਕਿ ਸਰਗਰਮ ਤੇ ਮਿਹਨਤੀ ਨੌਜਵਾਨ ਵਰਕਰ ਦਰੀਆਂ ਵਿਛਾਉਣ ਜੋਗੇ ਹੀ ਰਹਿ ਗਏ ਹਨ। ਵੱਡੀ ਗਿਣਤੀ ਨੌਜਵਾਨ ਕਾਂਗਰਸੀ ਆਗੂ ਇਸ ਵਿਤਕਰੇ ਦੇ ਚੱਲਦਿਆਂ ਹੀ ਪਾਰਟੀ ਛੱਡ ਰਹੇ ਹਨ।

ਇਸ ਤੋਂ ਇਲਾਵਾ ਦੂਜੇ ਪਾਸੇ ਜੇ ਕਿਸੇ ਪੁਰਾਣੇ ਕਾਂਗਰਸੀ ਆਗੂ ਨੂੰ ਅਹੁਦਾ ਨਾ ਮਿਲੇ ਤਾਂ ਉਹ ਪਾਰਟੀ ਪ੍ਰਤੀ ਆਪਣੀ ਸਾਰੀ ਵਫਾਦਾਰੀ ਭੁੱਲ ਜਾਂਦਾ ਹੈ। ਹੋਰ ਤਾਂ ਹੋਰ ਉਹ ਪਾਰਟੀ ਨੂੰ ਛੱਡਦਾ ਤਾਂ ਹੈ ਹੀ, ਸਗੋਂ ਉਹ ਪਾਰਟੀ ਨੂੰ ਭਲਾ-ਬੁਰਾ ਕਹਿਣ ਵਿੱਚ ਵੀ ਗੁਰੇਜ ਨਹੀਂ ਕਰਦਾ। ਕਿਰਦਾਰ ਵਿਹੂਣਤਾ ਦੀ ਵੱਡੀ ਮਿਸਾਲ ਚੁਣੇ ਹੋਏ ਨੁਮਾਇੰਦਿਆਂ ਦਾ ਪਾਰਟੀ ਨੂੰ ਛੱਡਣਾ ਹੈ। ਇਸ ਤਰ੍ਹਾਂ ਉਹ ਨਾ ਸਿਰਫ ਆਪਣੀ ਪਾਰਟੀ ਨੂੰ ਧੋਖਾ ਦਿੰਦੇ ਹਨ, ਸਗੋਂ ਉਨ੍ਹਾਂ ਲੋਕਾਂ ਨੂੰ ਵੀ ਧੋਖਾ ਦਿੰਦੇ ਹਨ, ਜਿਨ੍ਹਾਂ ਨੇ ਉਨ੍ਹਾਂ ਨੂੰ ਵੋਟਾਂ ਪਾ ਕੇ ਜਿਤਾਇਆ ਹੈ। ਇਹ ਕਿਰਦਾਰ ਵਿਹੂਣੇ ਹੋਣ ਦਾ ਸਿਖਰ ਹੈ।

ਇਸੇ ਤਰ੍ਹਾਂ ਦਾ ਹਾਲ ਆਮ ਆਦਮੀ ਪਾਰਟੀ ਦਾ ਵੀ ਹੈ। ਇਸ ਪਾਰਟੀ ਨੇ ਸਭ ਤੋਂ ਵੱਧ ਕਿਰਦਾਰ ਕਾਇਮ ਰੱਖਣ ਦੇ ਵਾਅਦੇ ਕੀਤੇ ਸਨ। ਮਸ਼ਹੂਰ ਸਮਾਜ ਸੇਵੀ ਅੰਨਾ ਹਜ਼ਾਰੇ ਦੇ ਅੰਦੋਲਨ ਦੌਰਾਨ ਪੈਦਾ ਹੋਈ ਇਸ ਪਾਰਟੀ ਨੇ ਸਿਆਸਤ ਵਿੱਚ ਇਮਾਨਦਾਰੀ ਲਿਆਉਣ ਤੋਂ ਇਲਾਵਾ ਕਿਸੇ ਵੀ ਤਰ੍ਹਾਂ ਦੀਆਂ ਵਾਧੂ ਸੁੱਖ ਸਹੂਲਤਾਂ ਨਾ ਲੈਣ ਦੇ ਦਾਅਵੇ ਕੀਤੇ ਸਨ, ਪਰ ਸੱਤਾ ਵਿੱਚ ਆਉਣ ਉਪਰੰਤ ਜਿੰਨੀ ਤੇਜ਼ੀ ਨਾਲ ਇਹ ਪਾਰਟੀ ਬਦਲੀ, ਉਨੀ ਤੇਜ਼ੀ ਨਾਲ ਤਾਂ ਹੁਣ ਤੱਕ ਇਤਿਹਾਸ ਵਿੱਚ ਕੋਈ ਵੀ ਨਹੀਂ ਬਦਲਿਆ। ਇਸ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਤਾਂ ਦੂਜੀਆਂ ਪਾਰਟੀਆਂ ਨਾਲ ਚੋਣ ਸਮਝੌਤਾ ਨਾ ਕਰਨ ਦੇ ਮਾਮਲੇ ਵਿੱਚ ਆਪਣੇ ਬੱਚਿਆਂ ਤੱਕ ਦੀ ਸਹੁੰ ਖਾਧੀ ਸੀ, ਪਰ ਕਿਰਦਾਰ ਪੱਖੋਂ ਇਹ ਪਾਰਟੀ ਬੇਹੱਦ ਕਮਜ਼ੋਰ ਸਾਬਤ ਹੋਈ ਹੈ। ਪਾਰਟੀ ਦਾ ਚੰਡੀਗੜ੍ਹ ਤੇ ਦਿੱਲੀ ਵਿੱਚ ਕਾਂਗਰਸ ਨਾਲ ਸਮਝੌਤਾ ਹੋ ਚੁੱਕਿਆ ਹੈ ਅਤੇ ਪੰਜਾਬ ਵਿੱਚ ਵੱਡੀ ਧਿਰ ਦੀ ਦਾਅਵੇਦਾਰੀ ਕਾਰਨ ਉਨ੍ਹਾਂ ਦੀ ਗੱਲ ਨਹੀਂ ਬਣੀ ਹੈ। ਹਾਲਾਂਕਿ ਅਸੀਂ ਇਹ ਵੀ ਨਹੀਂ ਕਹਿੰਦੇ ਕਿ ਚੋਣ ਸਮਝੌਤਾ ਨਹੀਂ ਹੋਣਾ ਚਾਹੀਦਾ, ਪਰ ਬਿਆਨ ਦੇਣ ਸਮੇਂ ਤੇ ਸਮਝੌਤਾ ਕਰਨ ਸਮੇਂ ਅਸਲੀਅਤ ਤਾਂ ਮਹਿਸੂਸ ਕਰਨੀ ਚਾਹੀਦੀ ਹੈ।

ਕਿਰਦਾਰ ਦੇ ਮਾਮਲੇ ਵਿੱਚ ਸਭ ਤੋਂ ਗੰਭੀਰ ਹਾਲਤ ਸ਼੍ਰੋਮਣੀ ਅਕਾਲੀ ਦਲ (ਬ) ਦੀ ਹੈ। ਸ਼੍ਰੋਮਣੀ ਅਕਾਲੀ ਦਲ ਸੱਤਾ ਹਾਸਲ ਕਰਨ ਲਈ ਇਸ ਕਦਰ ਤਰਲੋਮੱਛੀ ਹੈ ਕਿ ਉਹ ਭਾਜਪਾ ਦੀਆਂ ਸਾਰੀਆਂ ਗੱਲਾਂ ਨੂੰ ਸਹੀ ਮੰਨਦਾ ਜਾਪ ਰਿਹਾ ਹੈ ਤੇ ਉਨ੍ਹਾਂ ਦੀ ਅਧੀਨਗੀ ਤੱਕ ਮੰਨਣ ਨੂੰ ਤਿਆਰ ਹੈ। ਇਸ ਪਾਰਟੀ ਦੇ ਆਗੂਆਂ ਦੇ ਕੈਬਨਿਟ ਵਿੱਚ ਹੁੰਦਿਆਂ ਹੀ ਤਿੰਨ ਖੇਤੀ ਕਾਨੂੰਨ ਪਾਸ ਹੋਏ ਤੇ ਇਨ੍ਹਾਂ ਨੇ ਉਨ੍ਹਾਂ ਕਾਨੂੰਨਾਂ ਨੂੰ ਉਦੋਂ ਤੱਕ ਸਹੀ ਐਲਾਨਿਆ ਸੀ, ਜਦੋਂ ਤੱਕ ਕਿਸਾਨ ਇਨ੍ਹਾਂ ਦੇ ਬੂਹੇ ਅੱਗੇ ਨਹੀਂ ਬੈਠ ਗਏ। ਸਿਤਮਜ਼ਰੀਫੀ ਇਹ ਸੀ ਕਿ ਜਿਨ੍ਹਾਂ ਕਾਨੂੰਨਾਂ ਨੂੰ ਸਾਧਾਰਨ ਕਿਸਾਨ ਤੱਕ ਸਮਝ ਗਏ, ਉਨ੍ਹਾਂ ਨੂੰ ਇਹ ਘਾਗ ਸਿਆਸਤਦਾਨ ਨਹੀਂ ਸਮਝ ਪਾਏ। ਇਹ ਸੱਤਾ ਦਾ ਲਾਲਚ ਤੇ ਉਨ੍ਹਾਂ ਦਾ ਕਿਰਦਾਰ ਹੀ ਸੀ, ਜਿਸ ਨੇ ਅੰਤ ਤੱਕ ਕਿਸਾਨਾਂ ਨੂੰ ਭੰਬਲਭੂਸੇ ਵਿੱਚ ਪਾਈ ਰੱਖਿਆ। ਭਾਜਪਾ ਨਾਲ ਸਮਝੌਤਾ ਤੋੜਨ ਉਪਰੰਤ ਇਸ ਪਾਰਟੀ ਨੇ ਬਹੁਜਨ ਸਮਾਜ ਪਾਰਟੀ (ਬਸਪਾ) ਨਾਲ ਸਮਝੌਤਾ ਕੀਤਾ, ਪਰ ਉਮੀਦ ਮੁਤਾਬਕ ਸਿਆਸੀ ਨਤੀਜੇ ਨਾ ਹਾਸਲ ਹੋਣ ਕਾਰਨ ਉਨ੍ਹਾਂ ਅੰਦਰਖਾਤੇ ਭਾਜਪਾ ਨਾਲ ਤੰਦਾਂ ਪਾਉਣੀਆਂ ਜਾਰੀ ਰੱਖੀਆਂ। ਅਖੀਰ ਬਸਪਾ ਹੀ ਅਕਾਲੀ ਦਲ ਦੇ ਕਿਰਦਾਰ ਨੂੰ ਸਮਝਦਿਆਂ ਉਸ ਤੋਂ ਪਾਸਾ ਵੱਟ ਗਈ। ਇਸ ਪਿੱਛੋਂ ਸ਼੍ਰੋਮਣੀ ਅਕਾਲੀ ਦਲ ਦਾ ਭਾਜਪਾ ਨਾਲ ਸਮਝੌਤਾ ਸਿਰੇ ਹੀ ਚੜ੍ਹਨ ਵਾਲਾ ਸੀ ਕਿ ਪੰਜਾਬ ਦੀਆਂ ਕਿਸਾਨ ਜਥੇਬੰਦੀਆਂ ਨੇ ਕੇਂਦਰ ਸਰਕਾਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਤੇ ਅੱਗੇ ਕੇਂਦਰ ਸਰਕਾਰ ਨੇ ਪੰਜਾਬ ਦੇ ਕਿਸਾਨਾਂ ਖ਼ਿਲਾਫ਼ ਅਜਿਹਾ ਰਵੱਈਆ ਅਪਨਾਇਆ ਕਿ ਅਕਾਲੀ ਲਾਜਵਾਬ ਹੋ ਗਏ।

ਸੋਚਣ ਵਾਲੀ ਗੱਲ ਇਹ ਹੈ ਕਿ ਭਾਜਪਾ ਨੇ ਅਜਿਹਾ ਕੀ ਕਰ ਦਿੱਤਾ ਕਿ ਅਕਾਲੀ ਦਲ ਵਾਲੇ ਉਸ ਪਾਰਟੀ ਨਾਲ ਸਮਝੌਤਾ ਕਰਨ ਲਈ ਤਿਆਰ ਬੈਠੇ ਹਨ? ਇਸੇ ਤਰ੍ਹਾਂ ਦੀ ਸਥਿਤੀ ਪੰਜਾਬ ਕਾਂਗਰਸ ਵਿੱਚੋਂ ਭਾਜਪਾ ਅੰਦਰ ਗਏ ਆਗੂਆਂ ਦੀ ਹੈ। ਕਿਸੇ ਵੇਲੇ ਇਹ ਆਗੂ ਭਾਜਪਾ ਦੇ ਕੱਟੜ ਵਿਰੋਧੀ ਸਨ ਤੇ ਕਿਸਾਨ ਅੰਦੋਲਨ ਦੌਰਾਨ ਇਨ੍ਹਾਂ ਆਗੂਆਂ ਦੇ ਹਮਾਇਤੀਆਂ ਨੇ ਇੱਕ ਭਾਜਪਾਈ ਆਗੂ ਨੂੰ ਅਲਫ ਨੰਗਾ ਕਰ ਦਿੱਤਾ ਸੀ ਤੇ ਉਸ ਸਮੇਂ ਇਨ੍ਹਾਂ ਦੇ ਵੱਖਰੇ ਵਿਚਾਰ ਤੇ ਕਿਰਦਾਰ ਸਨ, ਜਦਕਿ ਹੁਣ ਵਾਲੇ ਕਿਰਦਾਰ ਤਹਿਤ ਇਹ ਹਰ ਹਾਲ ਵਿੱਚ ਅਕਾਲੀ ਦਲ ਤੇ ਭਾਜਪਾ ਦਾ ਸਮਝੌਤਾ ਕਰਵਾਉਣ ਲਈ ਯਤਨਸ਼ੀਲ ਹਨ। ਹਰ ਸਾਧਾਰਨ ਪੰਜਾਬੀ ਜਾਣਦਾ ਹੈ ਕਿ ਉਹ ਇਹ ਸਮਝੌਤਾ ਪੰਜਾਬ ਲਈ ਨਹੀਂ, ਸਗੋਂ ਆਪਣੀ ਤੇ ਆਪਣੇ ਪਰਿਵਾਰ ਦੀ ਕੁਰਸੀ ਬਚਾਉਣ ਲਈ ਕਰਵਾ ਰਹੇ ਹਨ, ਕਿਉਂਕਿ ਅਜੇ ਤਾਂ ਕਿਸਾਨਾਂ ਦਾ ਕੋਈ ਮਸਲਾ ਹੱਲ ਹੀ ਨਹੀਂ ਹੋਇਆ ਹੈ।

ਇਸ ਉਪਰੰਤ ਕਿਰਦਾਰ ਸਬੰਧੀ ਇੱਕ ਜ਼ਿਕਰ ਸਾਬਕਾ ਜੱਜਾਂ ਤੇ ਅਧਿਕਾਰੀਆਂ ਦਾ ਵੀ ਬਣਦਾ ਹੈ। ਕਈ ਜੱਜ ਤੇ ਅਧਿਕਾਰੀ ਆਪਣੀ ਸੇਵਾਮੁਕਤੀ ਤੋਂ ਪਹਿਲਾਂ ਹੀ ਕਿਸੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕਰਨ ਲੱਗ ਪੈਂਦੇ ਹਨ। ਕਈ ਵਾਰ ਤਾਂ ਇਹ ਦੋਵੇਂ ਧਿਰਾਂ ਸਮੇਂ ਤੋਂ ਪਹਿਲਾਂ ਸੇਵਾਮੁਕਤੀ ਲੈ ਕੈ ਹੀ ਸਿਆਸਤ ਕਰਨ ਲੱਗ ਜਾਂਦੀਆਂ ਹਨ। ਸੋਚਣ ਵਾਲੀ ਗੱਲ ਇਹ ਹੈ ਕਿ ਜੇ ਇਹ ਧਿਰਾਂ ਸੇਵਾਮੁਕਤੀ ਤੋਂ ਤੁਰੰਤ ਬਾਅਦ ਇਸ ਤਰ੍ਹਾਂ ਪਾਰਟੀਆਂ ਦੀ ਹਮਾਇਤ ਕਰਦੀਆਂ ਹਨ ਤਾਂ ਸਰਵਿਸ ਦੌਰਾਨ ਵੀ ਉਨ੍ਹਾਂ ਦਾ ਕਿਰਦਾਰ ਸ਼ੱਕੀ ਹੀ ਹੋਣਾ ਹੈ।

ਕਿਰਦਾਰ ਵਿਹੂਣਤਾ ਦੇ ਮਸਲੇ ਇੱਥੇ ਹੀ ਖਤਮ ਨਹੀਂ ਹੁੰਦੇ। ਇਹ ਕਿਰਦਾਰ ਹੀ ਹੁੰਦੇ ਹਨ, ਜੋ ਸ਼ਖਸੀਅਤ ਨੂੰ ਸਿਰਦਾਰ ਬਣਾਉਂਦੇ ਹਨ। ਕਿਸੇ ਵੀ ਦੇਸ਼ ਦੇ ਵਿਕਾਸ ਲਈ ਕਿਰਦਾਰ ਦੀ ਬੇਹੱਦ ਅਹਿਮੀਅਤ ਹੁੰਦੀ ਹੈ ਤੇ ਕਿਰਦਾਰ ਵਿਹੂਣੇ ਲੋਕ ਥੋੜ੍ਹੇ ਸਮੇਂ ਲਈ ਤਰੱਕੀਆਂ ਜ਼ਰੂਰ ਮਾਣਦੇ ਹਨ, ਪਰ ਇੱਕ ਸਮੇਂ ਉਪਰੰਤ ਉਨ੍ਹਾਂ ਦਾ ਆਪਣਾ ਅੰਦਰਲਾ ਹੀ ਉਨ੍ਹਾਂ ਨੂੰ ਝੰਜੋੜਨ ਲੱਗਦਾ ਹੈ। ਇਸ ਦੇ ਨਾਲ ਹੀ ਚਾਲਾਕ ਕਾਰੋਬਾਰੀ ਸਿਆਸਤਦਾਨ ਆਪਣੀ ਸਿਆਸਤ ਤੇ ਕਾਰੋਬਾਰ ਚਲਾਉਣ ਲਈ ਨਿੱਤ ਕਿਰਦਾਰ ਬਦਲਦੇ ਹਨ। ਅਸੀਂ ਐੱਸ.ਵਾਈ.ਐੱਲ. ਤੇ ਦਸ਼ਮੇਸ਼ ਨਹਿਰ ਵਿੱਚ ਇਹ ਸਭ ਕੁਝ ਨੇੜਿਓਂ ਵੇਖਿਆ ਹੈ। ਕਿਰਦਾਰ ਵਿਹੂਣੀ ਸਿਆਸਤ ਨੂੰ ਨੱਥ ਪਾਉਣ ਲਈ ਸਮਾਜ ਦਾ ਆਪਣਾ ਕਿਰਦਾਰ ਹੋਣਾ ਵੀ ਅਹਿਮ ਹੈ ਤਾਂ ਜੋ ਕਿਰਦਾਰ ਵਿਹੂਣੇ ਸਿਆਸਤਦਾਨਾਂ, ਜੱਜਾਂ ਤੇ ਅਧਿਕਾਰੀਆਂ ਕੋਲੋਂ ਸਮਾਜ ਦੀ ਹੁੰਦੀ ਲੁੱਟ ਨੂੰ ਬਚਾਇਆ ਜਾ ਸਕੇ।

**DJ RJB Entertainment Inc.**
One of Chicagoland's leading Mobile DJ Companies.
We do all types of parties
*Weddings
*Private Parties
*Birthdays, Sweet 16's
*Engagements
*Retirement Parties
*Nightclubs
*Corporate Parties & much more!
Our company is located in Naperville, IL, but we travel nationwide.
We offer industry standard equipment, state of the art sound and lighting, and digital turntables. We will do all we can to make sure your party is one of the most memorable nights of your life
Social: Instagram
Facebook
Youtube: djrjbmusic
djrj
djrjbmusic
Website: djrjbmusic.com
Ph: 630-770-0007

**BHANGRA CLASSES**
Chicago & Milwaukee Area
ONLINE CLASSES AVAILABLE
For The Students of Canada & USA
Bhangra
Luddi
Malwai Giddha
Jhummer
Jindua
Weight Loss Bhangra
Learn From Professional Coach From Punjab
BHANGRA RHYMES
Call/Whtsapp us For More info
602-610-0001
WWW.BHANGRARHYMES.COM

# ਚੋਣ ਕਮਿਸ਼ਨਰ ਅਰੁਣ ਗੋਇਲ ਦੇ ਅਸਤੀਫੇ 'ਤੇ ਵਿਵਾਦ ਭਖਿਆ

## ਪੱਛਮੀ ਬੰਗਾਲ ਵਿੱਚ ਚੋਣ ਅਮਲ ਸੰਬੰਧੀ ਮੱਤਭੇਦ ਉਭਰਨ ਦੇ ਕਿਆਸ

ਪੰਜਾਬੀ ਪਰਵਾਜ਼ ਬਿਊਰੋ

ਲੋਕ ਸਭਾ ਚੋਣਾਂ ਦੀਆ ਤਰੀਕਾਂ ਦੇ ਐਲਾਨ ਤੋਂ ਐਨ ਪਹਿਲਾਂ ਤਿੰਨ ਮੈਂਬਰੀ ਭਾਰਤੀ ਚੋਣ ਕਮਿਸ਼ਨ ਦੇ ਇੱਕ ਮੈਂਬਰ ਅਰੁਣ ਗੋਇਲ ਨੇ ਅਸਤੀਫਾ ਦੇ ਦਿੱਤਾ ਹੈ। ਲੰਘੀ 9 ਮਾਰਚ ਨੂੰ ਦਿੱਤੇ ਗਏ ਇਸ ਅਸਤੀਫੇ ਨੂੰ ਭਾਰਤ ਦੀ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਸਵੀਕਾਰ ਵੀ ਕਰ ਲਿਆ ਹੈ। ਜਿਸ ਭੇਦ ਭਰੇ ਢੰਗ ਨਾਲ ਇਹ ਅਸਤੀਫਾ ਦਿੱਤਾ ਗਿਆ ਅਤੇ ਰਾਸ਼ਟਰਪਤੀ ਵੱਲੋਂ ਜਿਸ ਫੁਰਤੀ ਨਾਲ ਮਨਜ਼ੂਰ ਵੀ ਕਰ ਲਿਆ ਗਿਆ, ਉਸ ਨਾਲ ਬਹੁਤ ਸਾਰੀਆਂ ਕਿਆਸਅਰਾਈਆਂ ਦਾ ਬਾਜ਼ਾਰ ਗਰਮ ਹੋ ਗਿਆ ਹੈ।

ਵਿਰੋਧੀ ਧਿਰ ਅਨੁਸਾਰ ਸਰਕਾਰ ਦੇ ਦਬਾਅ ਕਾਰਨ ਇਹ ਅਸਤੀਫਾ ਦਿੱਤਾ ਗਿਆ ਹੈ; ਜਦਕਿ ਕੁਝ ਹੋਰ ਆਖ ਰਹੇ ਹਨ ਕਿ ਸ੍ਰੀ ਗੋਇਲ ਲੋਕ ਸਭਾ ਲਈ ਭਾਜਪਾ ਵੱਲੋਂ ਚੋਣ ਲੜ ਸਕਦੇ ਹਨ। ਅਜਿਹਾ ਇਸ ਕਰਕੇ ਵੀ ਹੈ ਕਿ ਅਰੁਣ ਗੋਇਲ ਆਪਣੇ ਅਸਤੀਫੇ ਦੇ ਕਾਰਨਾਂ ਬਾਰੇ ਖੁੱਲ੍ਹ ਕੇ ਨਹੀਂ ਬੋਲੇ। ਉਨ੍ਹਾਂ ਨੇ ਸਿਰਫ ਇੰਨਾ ਕਿਹਾ ਹੈ ਕਿ ਉਹ ਕੁਝ ਨਿੱਜੀ ਕਾਰਨਾਂ ਕਰਕੇ ਅਸਤੀਫਾ ਦੇ ਰਹੇ ਹਨ। ਅਸਲ ਵਿੱਚ ਆਪਣਾ ਅਸਤੀਫਾ ਉਨ੍ਹਾਂ ਨੇ ਪੱਛਮੀ ਬੰਗਾਲ ਵਿੱਚ ਚੋਣ ਪ੍ਰਕਿਰਿਆ ਸੰਬੰਧੀ ਆਪਣੇ ਦੌਰੇ ਤੋਂ ਬਾਅਦ ਦਿੱਤਾ। ਇਸ ਦੌਰੇ ਵੇਲੇ ਮੁੱਖ ਚੋਣ ਕਮਿਸ਼ਨਰ ਵੀ ਉਨ੍ਹਾਂ ਦੇ ਨਾਲ ਸਨ। ਸ੍ਰੀ ਗੋਇਲ ਨੇ ਆਪਣਾ ਅਸਤੀਫਾ ਮੁੱਖ ਚੋਣ ਕਮਿਸ਼ਨਰ ਨੂੰ ਭੇਜਣ ਦੀ ਥਾਂ ਰਾਸ਼ਟਰਪਤੀ ਨੂੰ ਭੇਜਿਆ ਹੈ। ਇਸ ਤੋਂ ਕਿਆਸ ਲਗਦੇ ਹਨ ਕਿ ਅਰੁਣ ਗੋਇਲ ਅਤੇ ਮੁੱਖ ਚੋਣ ਕਮਿਸ਼ਨਰ ਵਿਚਕਾਰ ਬੰਗਾਲ ਦੇ ਚੋਣ ਅਮਲ ਨੂੰ ਲੈ ਕੇ ਮੱਤਭੇਦ ਪੈਦਾ ਹੋ ਗਏ ਸਨ। ਮਮਤਾ ਬੈਨਰਜੀ ਨੇ ਵੀ ਅਰੁਣ ਗੋਇਲ ਦੀ ਸ਼ਲਾਘਾ ਕਰਦਿਆਂ ਆਖਿਆ ਹੈ ਕਿ ਭਾਜਪਾ ਪੱਛਮੀ ਬੰਗਾਲ ਵਿੱਚ ਚੋਣਾਂ ਲੁੱਟਣਾ ਚਾਹੁੰਦੀ ਹੈ। ਕੋਲਕਾਤਾ ਵਿੱਚ ਬੀਤੇ ਦਿਨੀਂ ਹੋਈ ਰੈਲੀ ਵਿੱਚ ਉਨ੍ਹਾਂ ਦੱਸਿਆ ਕਿ ਪਿਛਲੀ ਵਾਰ ਵੀ ਕੇਂਦਰੀ ਸੁਰੱਖਿਆ ਦਸਤਿਆਂ ਦੀ ਵਧਵੀਂ ਤਾਇਨਾਤੀ ਰਾਹੀਂ ਭਾਜਪਾ ਨੇ ਬੂਥਾਂ 'ਤੇ ਕਬਜੇ ਅਤੇ ਵੋਟਾਂ ਦੀ ਲੁੱਟਮਾਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਅਜਿਹਾ ਨਾ ਕੀਤਾ ਹੁੰਦਾ ਤਾਂ ਭਾਜਪਾ ਨੂੰ ਉਹ ਸੀਟਾਂ ਵੀ ਨਹੀਂ ਸਨ ਮਿਲਣੀਆਂ, ਜਿਹੜੀਆਂ ਉਹਦੀ ਝੋਲੀ ਪਈਆਂ ਸਨ।

ਯਾਦ ਰਹੇ, ਚੋਣ ਕਮਿਸ਼ਨ ਦੇ ਇੱਕ ਹੋਰ ਮੈਂਬਰ ਅਨੂਪ ਚੰਦਰ ਪਾਂਡੇ ਪਹਿਲਾਂ ਹੀ ਸੇਵਾ ਮੁਕਤ ਹੋ ਚੁੱਕੇ ਹਨ। ਇਸ ਤਰ੍ਹਾਂ ਚੋਣ ਕਮਿਸ਼ਨ ਵਿੱਚ ਹੁਣ ਸਿਰਫ ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਹੀ ਰਹਿ ਗਏ ਹਨ। ਭਾਰਤੀ ਜਨਤਾ ਪਾਰਟੀ ਇਸ ਮਾਮਲੇ ਨੂੰ ਲੈ ਕੇ ਪੂਰੀ ਤਰ੍ਹਾਂ ਖਾਮੋਸ਼ ਹੈ। ਉਂਝ ਕੇਂਦਰ ਸਰਕਾਰ ਐਲਾਨ ਕਰ ਚੁੱਕੀ ਹੈ ਕਿ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਲਈ 15 ਮਾਰਚ ਨੂੰ ਉੱਚ ਤਾਕਤੀ ਕਮੇਟੀ ਦੀ ਮੀਟਿੰਗ ਹੋਵੇਗੀ। ਕਾਨੂੰਨ ਮੰਤਰੀ ਅਰਜੁਨ ਰਾਮ ਮੇਘਵਾਲ, ਗ੍ਰਿਹ ਸਕੱਤਰ ਅਤੇ ਪ੍ਰਸੋਨਲ ਤੇ ਸਿਖਲਾਈ ਵਿਭਾਗ ਦੇ ਸਕੱਤਰ 'ਤੇ ਆਧਾਰਤ ਖੋਜ ਕਮੇਟੀ ਉਪਰੋਕਤ ਦੋ ਅਹੁਦਿਆਂ ਲਈ ਪੰਜ-ਪੰਜ ਨਾਵਾਂ ਦੇ ਦੋ ਵੱਖ-ਵੱਖ ਪੈਨਲ ਬਣਾਏਗੀ। ਬਾਅਦ ਵਿੱਚ ਨਵੇਂ ਕਾਨੂੰਨ ਮੁਤਾਬਕ ਪ੍ਰਧਾਨ ਮੰਤਰੀ, ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਆਗੂ ਅਤੇ ਪ੍ਰਧਾਨ ਮੰਤਰੀ ਵੱਲੋਂ ਨਾਮਜ਼ਦ ਇੱਕ ਮੰਤਰੀ ਨਵੇਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਕਰਨਗੇ।

ਯਾਦ ਰਹੇ, ਚੋਣ ਕਮਿਸ਼ਨਰਾਂ ਦੀ ਨਿਯੁਕਤੀ ਲਈ ਨਵੇਂ ਕਾਨੂੰਨ ਤੋਂ ਪਹਿਲਾਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਨਿਯੁਕਤੀ ਲਈ ਪੈਨਲ ਦਾ ਹਿੱਸਾ ਹੁੰਦੇ ਸਨ। ਹੁਣ ਵਾਲੇ ਕਾਨੂੰਨ ਵਿੱਚ ਉਨ੍ਹਾਂ ਦੀ ਥਾਂ ਪ੍ਰਧਾਨ ਮੰਤਰੀ ਵੱਲੋਂ ਨਾਮਜ਼ਦ ਇੱਕ ਕੇਂਦਰੀ ਮੰਤਰੀ ਨੂੰ ਲੈ ਲਿਆ ਗਿਆ ਹੈ। ਇਸ ਸੰਬੰਧ ਵਿੱਚ ਵਿਰੋਧੀ ਧਿਰ ਵੱਲੋਂ ਅਤੇ ਕਈ ਸੀਨੀਅਰ ਵਕੀਲਾਂ ਵੱਲੋਂ ਗੰਭੀਰ ਸੁਆਲ ਉਠਾਏ ਗਏ ਸਨ। ਉਨ੍ਹਾਂ ਦਾ ਆਖਣਾ ਹੈ ਕਿ ਚੋਣ ਕਮਿਸ਼ਨ ਇੱਕ ਸੰਵਿਧਾਨਕ ਸੰਸਥਾ ਹੈ ਅਤੇ ਚੁਣੇ ਜਾਣ ਤੋਂ ਬਾਅਦ ਉਸ ਤੋਂ ਆਸ ਕੀਤੀ ਜਾਂਦੀ ਹੈ ਕਿ ਉਹ ਨਿਰਪੱਖਤਾ ਨਾਲ ਕੰਮ ਕਰੇ, ਪਰ ਚੋਣ ਕਮੇਟੀ ਵਿੱਚੋਂ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਵੱਖ ਕੀਤੇ ਜਾਣ ਨਾਲ ਇਸ ਸੰਸਥਾ ਉਤੇ ਭਾਜਪਾ ਅਤੇ ਐਨ.ਡੀ.ਏ. ਸਰਕਾਰ ਦਾ ਦਬਦਬਾ ਵਧ ਗਿਆ ਹੈ।




ਮੁੱਖ ਚੋਣ ਕਮਿਸ਼ਨਰ ਰਾਜੀਵ ਕੁਮਾਰ ਅਤੇ ਅਰੁਣ ਗੋਇਲ

ਜਿਸ ਨਾਟਕੀ ਢੰਗ ਨਾਲ ਸ੍ਰੀ ਗੋਇਲ ਨੇ ਇਹ ਅਸਤੀਫਾ ਦਿੱਤਾ ਹੈ, ਉਨ੍ਹਾਂ ਦੀ ਨਿਯੁਕਤੀ ਵੀ ਤਕਰੀਬਨ ਇਸੇ ਢੰਗ ਨਾਲ ਹੋਈ ਸੀ। ਉਹ 1985 ਦੇ ਪੰਜਾਬ ਕੈਡਰ ਦੇ ਆਈ.ਏ.ਐਸ. ਅਧਿਕਾਰੀ ਹਨ। ਸ੍ਰੀ ਗੋਇਲ ਨੇ 18 ਨਵੰਬਰ 2022 ਨੂੰ ਸਵੈ-ਇਛੁਕ ਰਿਟਾਇਰਮੈਂਟ ਲੈ ਲਈ ਸੀ ਅਤੇ ਇਸ ਤੋਂ ਅਗਲੇ ਦਿਨ ਹੀ ਉਨ੍ਹਾਂ ਨੂੰ ਚੋਣ ਕਮਿਸ਼ਨਰ ਨਿਯੁਕਤ ਕਰ ਦਿੱਤਾ ਗਿਆ ਸੀ। ਇਸ ਨਿਯੁਕਤੀ ਨੂੰ ਲੈ ਕੇ ਵਿਵਾਦ ਛਿੜਿਆ ਅਤੇ ਮਾਮਲਾ ਸੁਪਰੀਮ ਕੋਰਟ ਵਿੱਚ ਪਹੁੰਚ ਗਿਆ ਸੀ। ਸੁਪਰੀਮ ਕੋਰਟ ਨੇ ਉਦੋਂ ਪੁੱਛਿਆ ਸੀ ਕਿ ਗੋਇਲ ਦੀ ਨਿਯੁਕਤੀ ਲਈ ਇੰਨੀ ਕਾਹਲੀ ਕਿਉਂ ਕੀਤੀ ਗਈ? ਸਰਬਉਚ ਅਦਾਲਤ ਨੇ ਇਹ ਵੀ ਕਿਹਾ ਸੀ ਕਿ ਚੋਣ ਕਮਿਸ਼ਨ ਅਜਿਹਾ ਹੋਣਾ ਚਾਹੀਦਾ ਹੈ, ਜੋ ਪ੍ਰਧਾਨ ਮੰਤਰੀ ਦੀਆਂ ਗਲਤੀਆਂ 'ਤੇ ਵੀ ਉਂਗਲ ਰੱਖ ਸਕੇ। ਇਸ ਮਾਮਲੇ ਵਿੱਚ ਫੈਸਲਾ ਦਿੰਦਿਆਂ ਸੁਪਰੀਮ ਕੋਰਟ ਨੇ ਚੋਣ ਕਮਿਸ਼ਨਰਾਂ ਦੀ ਨਿਯੁਕਤੀ ਲਈ ਪ੍ਰਕਿਰਿਆ ਤਹਿ ਕਰਨ ਦਾ ਆਦੇਸ਼ ਦਿੱਤਾ ਸੀ। ਪੰਜਾਬ ਕੇਡਰ ਦੇ ਆਈ.ਏ.ਐਸ. ਅਫਸਰ ਅਰੁਣ ਗੋਇਲ ਉਸ ਵੇਲੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਜ਼ਦੀਕ ਸਮਝੇ ਜਾਂਦੇ ਸਨ। ਉਨ੍ਹਾਂ ਦੀ ਅਚਾਨਕ ਚੋਣ ਕਮਿਸ਼ਨਰ ਵਜੋਂ ਨਿਯੁਕਤੀ ਉੱਪਰ ਬਹੁਤ ਸਾਰੀਆਂ ਸਿਆਸੀ ਧਿਰਾਂ ਵੱਲੋਂ ਵੀ ਸੁਆਲ ਉਠੇ ਸਨ। ਕਿਹਾ ਜਾ ਰਿਹਾ ਸੀ ਕਿ ਸਰਕਾਰ ਚੋਣ ਕਮਿਸ਼ਨ ਵਰਗੀ ਖੁਦਮੁਖਤਾਰ ਅਤੇ ਸੰਵਿਧਾਨਕ ਸੰਸਥਾ ਨੂੰ ਪੰਗੂ ਬਣਾਉਣ ਦਾ ਯਤਨ ਕਰ ਰਹੀ ਹੈ।

ਇਸ ਅਸਤੀਫੇ ਦੇ ਮਾਮਲੇ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ ਕਾਂਗਰਸ ਪਾਰਟੀ ਦੇ ਕੌਮੀ ਜਨਰਲ ਸਕੱਤਰ ਕੇ.ਸੀ. ਵੇਣੂਗੋਪਾਲ ਨੇ ਕਿਹਾ ਕਿ ਚੋਣ ਕਮਿਸ਼ਨ ਦੇ ਕੰਮਕਾਰ ਵਿੱਚ ਕੋਈ ਪਾਰਦਰਸ਼ਤਾ ਨਹੀਂ ਹੈ। ਇਹ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਲਈ ਚਿੰਤਾ ਦਾ ਵਿਸ਼ਾ ਹੈ ਕਿ ਚੋਣ ਕਮਿਸ਼ਨਰ ਨੇ ਚੋਣਾਂ ਤੋਂ ਪਹਿਲਾਂ ਅਸਤੀਫਾ ਦਿੱਤਾ ਹੈ, ਜਦਕਿ ਉਨ੍ਹਾਂ ਦਾ ਕਾਰਜਕਾਲ 2027 ਤੱਕ ਸੀ। ਉਹ ਮੁੱਖ ਚੋਣ ਕਮਿਸ਼ਨਰ ਬਣ ਸਕਦੇ ਸਨ। ਕਾਂਗਰਸ ਪਾਰਟੀ ਦੇ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ ਕਿ ਇਹ ਵੇਖਣ ਲਈ ਉਡੀਕ ਕਰਨੀ ਪਵੇਗੀ ਕਿ ਅਗਲੇ ਦਿਨਾਂ ਵਿੱਚ ਕੀ ਕਦਮ ਚੁੱਕੇ ਜਾਂਦੇ ਹਨ। ਉਨ੍ਹਾਂ ਆਖਿਆ ਕਿ ਕਲਕੱਤਾ ਹਾਈਕੋਰਟ ਦੇ ਇੱਕ ਜੱਜ ਨੇ ਅਸਤੀਫਾ ਦਿੱਤਾ ਅਤੇ ਅਗਲੇ ਦਿਨ ਉਹ ਭਾਜਪਾ ਵਿੱਚ ਸ਼ਾਮਲ ਹੋ ਗਏ। ਪ੍ਰਸਿੱਧ ਵਕੀਲ ਅਤੇ ਸੀਨੀਅਰ ਕਾਂਗਰਸੀ ਆਗੂ ਸ੍ਰੀ ਕਪਿਲ ਸਿੱਬਲ ਨੇ ਕਿਹਾ ਕਿ ਅਜਿਹੀ ਸੰਭਾਵਨਾ ਹੈ ਕਿ ਪੱਛਮੀ ਬੰਗਾਲ ਚੋਣਾਂ ਦੀਆਂ ਡੇਟਾਂ ਤੈਅ ਕਰਨ ਸੰਬੰਧੀ ਸ੍ਰੀ ਗੋਇਲ ਅਤੇ ਮੁੱਖ ਚੋਣ ਕਮਿਸ਼ਨਰ ਵਿੱਚ ਮੱਤਭੇਦ ਸਨ। ਭਾਜਪਾ ਇਹ ਤਰੀਕਾਂ ਆਪਣੇ ਅਨੁਸਾਰ ਤੈਅ ਕਰਵਾਉਣਾ ਚਾਹੁੰਦੀ ਸੀ। ਉਨ੍ਹਾਂ ਕਿਹਾ ਕਿ ਪਿਛਲੇ ਦਸ ਸਾਲਾਂ ਵਿੱਚ ਭਾਜਪਾ ਨੇ ਚੋਣ ਕਮਿਸ਼ਨ ਸਮੇਤ ਸਾਰੀਆਂ ਖੁਦਮੁਖਤਾਰ ਸੰਸਥਾਵਾਂ 'ਤੇ ਕਬਜਾ ਕਰ ਲਿਆ ਹੈ। ਇਸੇ ਦੌਰਾਨ ਸਮਾਜਵਾਦੀ ਪਾਰਟੀ ਦੇ ਮੁਖੀ ਅਖਿਲੇਸ਼ ਯਾਦਵ ਨੇ ਕਿਹਾ ਕਿ ਸ੍ਰੀ ਗੋਇਲ ਦਾ ਅਸਤੀਫਾ ਇਹ ਸਵਾਲ ਉਠਾਉਂਦਾ ਹੈ ਕਿ ਚੋਣ ਕਮਿਸ਼ਨ ਉੱਪਰ ਕਿਸ ਦਾ ਦਬਾਅ ਹੈ?

ਸ਼ਿਵ ਸੈਨਾ ਨੇ ਦੋਸ਼ ਲਾਇਆ ਕਿ ਚੋਣ ਕਮਿਸ਼ਨ ਭਾਜਪਾ ਦੀ ਇੱਕ ਸ਼ਾਖ ਬਣ ਗਿਆ ਹੈ। ਉਨ੍ਹਾਂ ਕਿਹਾ ਕਿ ਜਿਵੇਂ ਹਾਈ ਕੋਰਟ, ਸੁਪਰੀਮ ਕੋਰਟ ਅਤੇ ਰਾਜਪਾਲ ਭਵਨਾਂ ਵਿੱਚ ਆਪਣੇ ਬੰਦੇ ਨਿਯੁਕਤ ਕੀਤੇ ਗਏ ਹਨ, ਉਸੇ ਤਰ੍ਹਾਂ ਭਾਜਪਾ ਚੋਣ ਕਮਿਸ਼ਨ ਵਿੱਚ ਵੀ ਦੋ ਆਪਣੇ ਬੰਦੇ ਨਿਯੁਕਤ ਕਰੇਗੀ। ਯਾਦ ਰਹੇ, 2019 ਦੀਆਂ ਲੋਕ ਸਭਾ ਚੋਣਾਂ ਵੇਲੇ ਇੱਕ ਚੋਣ ਕਮਿਸ਼ਨਰ ਅਸ਼ੋਕ ਲਹਵਾਸਾ ਨੇ ਚੋਣ ਪ੍ਰਕਿਰਿਆ ਵਿੱਚ ਪ੍ਰਧਾਨ ਮੰਤਰੀ ਦੇ ਨੁਕਸਦਾਰ ਰਦੇਅਮਲ 'ਤੇ ਉਂਗਲ ਧਰੀ ਸੀ ਅਤੇ ਚਾਰ ਮਾਮਲਿਆਂ ਵਿੱਚ ਉਨ੍ਹਾਂ ਦੀ ਰਾਏ ਨੂੰ ਦਰਜ ਕਰਨ ਦੀ ਅਪੀਲ ਕੀਤੀ ਸੀ; ਪਰ ਉਨ੍ਹਾਂ ਦੀ ਰਾਏ ਸਵਿਕਾਰ ਨਹੀਂ ਸੀ ਕੀਤੀ ਗਈ। ਉਹ ਵੀ ਸੀਨੀਅਰ ਚੋਣ ਕਮਿਸ਼ਨਰ ਸਨ ਅਤੇ ਮੁੱਖ ਚੋਣ ਕਮਿਸ਼ਨਰ ਬਣ ਦੀ ਲਾਈਨ ਵਿਚ ਸਨ। ਇਸ ਵਿਰੋਧਾਭਾਸ ਕਾਰਨ ਉਨ੍ਹਾਂ ਨੇ ਵੀ ਆਪਣੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਸੀ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਕਥਿਤ ਭ੍ਰਿਸਟਾਚਾਰ ਦੇ ਵੱਖ ਵੱਖ ਕੇਸਾਂ ਵਿੱਚ ਉਲਝਾ ਲਿਆ ਗਿਆ ਸੀ।

# ਚੋਣਾਂ ਵਿੱਚ ਬੂਥ ਲੈਵਲ ਅਫ਼ਸਰਾਂ ਦੀ ਭੂਮਿਕਾ

ਗਹਿਰ-ਗੰਭੀਰ

ਤਰਲੋਚਨ ਸਿੰਘ ਭੱਟੀ
ਸੇਵਾ ਮੁਕਤ ਪੀ.ਸੀ.ਐਸ.
ਫੋਨ:91-9876502607



ਲੋਕਤੰਤਰ ਨੂੰ ਚਲਾਉਣ ਲਈ ਚੋਣਾਂ ਕਰਵਾਉਣੀਆਂ ਜ਼ਰੂਰੀ ਹਨ। ਚੋਣਾਂ ਦੀ ਮੁਢਲੀ ਇਕਾਈ ਮੱਤਦਾਨ ਕੇਂਦਰ, ਪੋਲਿੰਗ ਬੂਥ ਜਾਂ ਪੋਲਿੰਗ ਸਟੇਸ਼ਨ ਹਨ, ਜਿਸ ਦੀ ਦੇਖਭਾਲ ਲਈ ਭਾਰਤ ਦੇ ਚੋਣ ਕਮਿਸ਼ਨ ਵੱਲੋਂ ਸਾਰੇ ਪੋਲਿੰਗ ਬੂਥਾਂ ਉਤੇ ਬੀ.ਐਲ.ਓ. (ਬੂਥ ਲੈਵਲ ਅਫ਼ਸਰ) ਨਿਯੁਕਤ ਕੀਤੇ ਹਨ। ਬੀ.ਐਲ.ਓ. ਨੂੰ ਯੋਗ ਅਗਵਾਈ ਦੇਣ ਲਈ ਚੋਣ ਕਮਿਸ਼ਨ ਵੱਲੋਂ ਸਾਲ 2011 ਵਿੱਚ 'ਬੂਥ ਲੈਵਲ ਅਫ਼ਸਰਾਂ ਵਾਸਤੇ ਕਿਤਾਬਚਾ' ਪ੍ਰਕਾਸ਼ਤ ਕੀਤਾ ਗਿਆ ਹੈ ਅਤੇ 4 ਅਕਤੂਬਰ 2022 ਨੂੰ ਦੇਸ਼ ਦੇ ਸਾਰੇ ਰਾਜਾਂ ਦੇ ਮੁੱਖ ਚੋਣ ਅਫ਼ਸਰਾਂ ਨੂੰ ਸੰਬੋਧਤ ਸਮਝਣ ਯੋਗ ਹਦਾਇਤਾਂ ਦਾ ਸਰਕੂਲਰ ਵੀ ਜਾਰੀ ਕੀਤਾ ਹੈ। ਇਸ ਕਿਤਾਬਚੇ ਅਤੇ ਸਰਕੂਲਰ ਦੇ ਅਨੁਸਾਰ ਲੋਕ ਪ੍ਰਤੀਨਿਧਤਾ ਕਾਨੂੰਨ 1950 ਦੀ ਧਾਰਾ 13ਬੀ (2) ਅਧੀਨ ਜ਼ਿਲ੍ਹਾ ਚੋਣ ਅਫਸਰਾਂ ਦੀ ਪ੍ਰਵਾਨਗੀ ਨਾਲ ਹਰੇਕ ਅਸੈਂਬਲੀ ਹਲਕੇ ਦੇ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਵੱਲੋਂ ਬੀ.ਐਲ.ਓ. ਦੀ ਨਿਯੁਕਤੀ ਕੀਤੀ ਜਾਂਦੀ ਹੈ। ਨਿਯੁਕਤ ਕੀਤੇ ਗਏ ਬੀ.ਐਲ.ਓ. ਲੋਕ ਪ੍ਰਤੀਨਿਧਤਾ ਕਾਨੂੰਨ 1950 ਦੀ ਧਾਰਾ 13 ਸੀ ਅਨੁਸਾਰ ਚੋਣ ਕਮਿਸ਼ਨ ਪਾਸ ਡੈਪੂਟੇਸ਼ਨ ਉਤੇ ਸੇਵਾ ਕਰਨਗੇ।

ਹਦਾਇਤਾਂ ਰਾਹੀਂ ਵਿਵਸਥਾ ਕੀਤੀ ਗਈ ਹੈ ਕਿ ਸਰਕਾਰੀ/ਅਰਧ-ਸਰਕਾਰੀ ਖੇਤਰਾਂ ਵਿੱਚ ਸੇਵਾ ਕਰ ਰਹੇ ਕਰਮਚਾਰੀਆਂ ਜਿਵੇਂ ਅਧਿਆਪਕ, ਆਂਗਨਵਾੜੀ ਵਰਕਰ, ਪਟਵਾਰੀ, ਅਮੀਨ, ਲੇਖਾਕਾਰ, ਪਿੰਡ ਪੱਧਰੀ ਅਫ਼ਸਰ, ਪੰਚਾਇਤ ਸਕੱਤਰ, ਬਿਜਲੀ ਮੀਟਰ ਰੀਡਰ, ਪੋਸਟਮੈਨ, ਸਿਹਤ ਕਰਮੀ, ਮਿਡ-ਡੇ ਮੀਲ ਵਰਕਰ, ਠੇਕੇ ਉਤੇ ਰੱਖੇ ਗਏ ਅਧਿਆਪਕ ਤੇ ਹੋਰ ਕਰਮੀ, ਸਹਾਇਕ ਨਰਸਾਂ ਤੇ ਦਾਈਆਂ, ਕਾਰਪੋਰੇਸ਼ਨ ਟੈਕਸ ਕੁਲੈਕਟਰ, ਲੋਕਲ ਬਾਡੀ (ਮਿਉਂਸੀਪਲ ਕਮੇਟੀ/ਕਾਰਪੋਰੇਸ਼ਨ) ਦੇ ਕਲੈਰੀਕਲ ਕਰਮਚਾਰੀ ਆਦਿ ਵਿੱਚੋਂ ਬੀ.ਐਲ.ਓ. ਨਿਯੁਕਤ ਕੀਤੇ ਜਾ ਸਕਦੇ ਹਨ। ਲੋੜ ਪੈਣ ਤੇ ਮੌਕੇ ਅਨੁਸਾਰ ਕੇਂਦਰੀ ਸਰਕਾਰ ਦੇ ਮੁਲਾਜਮਾਂ ਨੂੰ ਵੀ ਬੀ.ਐਲ.ਓ. ਲਗਾਇਆ ਜਾ ਸਕਦਾ ਹੈ। ਜੇਕਰ ਪੋਲਿੰਗ ਸਟੇਸ਼ਨ ਏਰੀਆ ਵਿੱਚ ਸਰਕਾਰੀ ਕਰਮਚਾਰੀ ਉਪਲੱਬਧ ਨਹੀਂ ਤਾਂ ਕੇਂਦਰੀ ਸਰਕਾਰ/ਰਾਜ ਸਰਕਾਰ ਦੇ ਚਾਹਵਾਨ ਸੇਵਾ ਮੁਕਤ ਕਰਮਚਾਰੀਆਂ ਨੂੰ ਵੀ ਬੀ.ਐਲ.ਓ. ਲਗਾਇਆ ਜਾ ਸਕਦਾ ਹੈ।

ਜਿੱਥੋਂ ਤੱਕ ਸੰਭਵ ਹੋਵੇ ਨਿਯੁਕਤ ਬੀ.ਐਲ.ਓ. ਨੂੰ ਉਸੇ ਪੋਲਿੰਗ ਸਟੇਸ਼ਨ ਦਾ ਚਾਰਜ ਦਿੱਤਾ ਜਾਵੇ, ਜਿਸ ਏਰੀਆ ਦਾ ਉਹ ਵੋਟਰ ਹੈ ਅਤੇ ਉਸ ਨੂੰ ਪੋਲਿੰਗ ਏਰੀਆ ਦੀ ਉਹੀ ਵੋਟਰ ਸੂਚੀ ਦਾ ਭਾਗ ਦਿੱਤਾ ਜਾਵੇ ਜਿਸ ਏਰੀਆ ਵਿੱਚ ਉਹ ਸਰਵਿਸ ਕਰ ਰਿਹਾ ਹੋਵੇ। ਬੀ.ਐਲ.ਓ. ਦੇ ਕੰਮ ਕਾਰ ਨੂੰ ਇਸ ਢੰਗ ਨਾਲ ਆਯੋਜਿਤ ਕੀਤਾ ਜਾਵੇ ਤਾਂ ਕਿ ਉਸ ਦੇ ਸਰਵਿਸ ਵਿਭਾਗ ਨੂੰ ਕੋਈ ਕਠਿਨਾਈ ਨਾ ਆਵੇ ਅਤੇ ਉਹ ਆਪਣੀ ਸਰਕਾਰੀ ਡਿਊਟੀ ਦੇ ਨਾਲ ਨਾਲ ਆਪਣੀ ਬੀ.ਐਲ.ਓ. ਦੀ ਡੈਪੂਟੈਸ਼ਨ ਵਾਲੀ ਡਿਊਟੀ ਵੀ ਸਹੀ ਢੰਗ ਨਾਲ ਨਿਭਾ ਸਕੇ।

ਕਿਤਾਬਚੇ ਅਤੇ ਸਰਕੂਲਰ ਰਾਹੀਂ ਬੀ.ਐਲ.ਓ. ਦੀਆਂ ਡਿਊਟੀਆਂ ਅਤੇ ਜ਼ਿੰਮੇਵਾਰੀਆਂ ਨੂੰ ਵੀ ਨਿਰਧਾਰਤ ਕੀਤਾ ਗਿਆ ਹੈ, ਜਿਸ ਅਨੁਸਾਰ ਬੀ.ਐਲ.ਓ. ਦੀ ਮੁਢਲੀ ਜ਼ਿੰਮੇਵਾਰੀ ਵੋਟਰ ਏਰੀਏ ਨਾਲ ਸਬੰਧਤ ਵੋਟਰ ਸੂਚੀਆਂ ਦੀ ਤਿਆਰੀ ਅਤੇ ਸਮੇਂ ਸਮੇਂ ਲੋੜ ਅਨੁਸਾਰ ਵੋਟਰ ਸੂਚੀਆਂ ਵਿੱਚ ਸੋਧ ਕਰਨਾ ਹੈ। ਉਸ ਦੀ ਨਿਜੀ ਜੁੰਮੇਵਾਰੀ ਹੈ ਕਿ ਉਸ ਦੇ ਚੋਣ ਏਰੀਏ ਨਾਲ ਸਬੰਧਤ ਵੋਟਰ ਸੂਚੀ ਵਿੱਚ ਮਰ ਚੁੱਕਾ ਵਿਅਕਤੀ, ਪੱਕੇ ਤੌਰ 'ਤੇ ਛੱਡ ਕੇ ਜਾ ਚੁਕਾ ਵਿਅਕਤੀ, ਅਦਾਲਤ ਵੱਲੋਂ ਠਹਿਰਾਇਆ ਗਿਆ ਆਯੋਗ ਵਿਅਕਤੀ ਜਾਂ ਡੁਪਲੀਕੇਟ/ਫਰਜ਼ੀ ਨਾਮ ਦੇ ਵੋਟਰ ਸੂਚੀ ਵਿੱਚੋਂ ਖਾਰਜ ਕੀਤਾ ਜਾਵੇ। ਬੀ.ਐਲ.ਓ. ਦੀ ਜ਼ਿੰਮੇਵਾਰੀ ਹੈ ਕਿ ਉਸ ਦੇ ਵੋਟਿੰਗ ਏਰੀਏ ਜਾਂ ਬੂਥ ਨਾਲ ਸਬੰਧਤ ਸਾਰੇ ਯੋਗ ਵਿਅਕਤੀਆਂ ਦੀ ਰਜਿਸਟਰੇਸ਼ਨ ਯਕੀਨੀ ਬਣਾਈ ਜਾਵੇ ਅਤੇ ਉਨ੍ਹਾਂ ਦੇ ਸਹੀ ਨਾਮ ਤੇ ਹੋਰ ਸਬੰਧਤ ਵੇਰਵੇ ਵੋਟਰ ਸੂਚੀਆਂ ਵਿੱਚ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਦੀ ਪ੍ਰਵਾਨਗੀ ਨਾਲ ਜ਼ਰੂਰ ਦਰਜ ਹੋਣ।

ਬੀ.ਐਲ.ਓ. ਇਕ ਤਰ੍ਹਾਂ ਨਾਲ ਇਲਾਕੇ ਦੀ ਆਮ ਜਨਤਾ, ਵੋਟਰਾਂ ਅਤੇ ਚੋਣ ਕਮਿਸ਼ਨ ਵਿਚਾਲੇ ਇੱਕ ਪੁੱਲ ਜਾਂ ਸੂਤਰਧਾਰ ਹੈ, ਜੋ ਗਲਤੀ-ਰਹਿਤ ਅਤੇ ਸ਼ੁੱਧ ਵੋਟਰ ਸੂਚੀਆਂ ਨੂੰ ਯਕੀਨੀ ਬਣਾ ਸਕਦਾ ਹੈ। ਹਰੇਕ ਬੀ.ਐਲ.ਓ. ਨੂੰ ਚੋਣ ਕਮਿਸ਼ਨ ਵੱਲੋਂ ਬੀ.ਐਲ.ਓ. ਦੀ ਕਿੱਟ, ਬੀ.ਐਲ.ਓ. ਦਾ ਸ਼ਨਾਖਤੀ ਪੱਤਰ, ਰਜਿਸਟਰ ਅਤੇ ਹੋਰ ਲੋੜੀਂਦੀ ਸਮਗਰੀ ਉਪਲਬੱਧ ਕਰਵਾਈ ਜਾਂਦੀ ਹੈ। ਨਵੀਆਂ ਵੋਟਾਂ ਬਣਾਉਣ ਅਤੇ ਨਾਜਾਇਜ਼ ਬਣੀਆਂ ਜਾਂ ਕਲੈਰੀਕਲ ਗਲਤੀ ਨਾਲ ਬਣੀਆਂ ਵੋਟਾਂ ਨੂੰ ਸੋਧਣ/ਕੱਟਣ ਦੀ ਉਸ ਦੀ ਮੁਢਲੀ ਜ਼ਿੰਮੇਵਾਰੀ ਹੈ। ਅਣਗਹਿਲੀ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਕਾਨੂੰਨ 1950 ਦੀ ਧਾਰਾ 32 ਅਧੀਨ ਸਜ਼ਾ ਦੀ ਵਿਵਸਥਾ ਕੀਤੀ ਗਈ। ਰਜਿਸਟਰੇਸ਼ਨ ਆਫ ਇਲੈਕਟਰਜ਼ ਰੂਲਜ਼ 1960 ਦੇ ਰੂਲ 4 ਤੋਂ 22 ਤੱਕ ਵੋਟਰ ਸੂਚੀਆਂ ਨਾਲ ਸਬੰਧਤ ਹਨ। ਇਸ ਕੜੀ ਵਿੱਚ ਵੋਟਰ-ਸੂਚੀ ਅਬਜ਼ਰਵਜ਼ ਵੀ ਨਿਯੁਕਤ ਕੀਤੇ ਜਾਂਦੇ ਹਨ।

ਜ਼ਿਲ੍ਹਾ ਚੋਣ ਅਫ਼ਸਰ ਚੋਣਕਾਰ ਰਜਿਸਟਰੇਸ਼ਨ ਅਤੇ ਅਫ਼ਸਰਾਂ ਵੱਲੋਂ ਸਮੇਂ ਸਮੇਂ ਦਿੱਤੀ ਜਾਂਦੀ ਟਰੇਨਿੰਗ ਵਿੱਚ ਨਿੱਜੀ ਤੌਰ 'ਤੇ ਭਾਗ ਲੈਣਾ; ਚੋਣ ਕਮਿਸ਼ਨ ਵੱਲੋਂ ਦਿੱਤੇ ਗਏ ਹਦਾਇਤਾਂ ਦੇ ਕਿਤਾਬਚੇ ਤੇ ਹਦਾਇਤਾਂ ਨੂੰ ਚੰਗੀ ਤਰ੍ਹਾਂ ਪੜ੍ਹਨਾ ਅਤੇ ਪੜ੍ਹ ਕੇ ਉਸ 'ਤੇ ਅਮਲ ਕਰਨਾ ਵੀ ਜਰੂਰੀ ਹੈ। ਉਸ ਦੇ ਕੰਮਕਾਰ ਦੀ ਨਿਗਰਾਨੀ ਅਤੇ ਮੁਲੰਕਣ ਸਬੰਧਤ ਸੁਪਰਵਾਈਜ਼ਰ ਅਤੇ ਚੋਣਕਾਰ ਰਜਿਸਟਰੇਸ਼ਨ ਅਫ਼ਸਰ ਵੱਲੋਂ ਸਮੇਂ ਸਮੇਂ ਕੀਤਾ ਜਾਂਦਾ ਹੈ। ਵੋਟਰ ਸੂਚੀਆਂ ਅਤੇ ਚੋਣਾਂ ਨਾਲ ਸਬੰਧਤ ਹੋਰ ਗਤੀਵਿਧੀਆਂ ਅਤੇ ਸਰਗਰਮੀਆਂ ਵਿੱਚ ਉਸ ਦੀ ਸ਼ਮੂਲੀਅਤ ਬਣੀ ਰਹਿੰਦੀ ਹੈ, ਇਸ ਲਈ ਉਸ ਦਾ ਹਰੇਕ ਕੰਮ ਚੋਣ ਰਿਕਾਰਡ ਦਾ ਹਿੱਸਾ ਹੁੰਦਾ ਹੈ। ਵੋਟਰ ਸੂਚੀਆਂ ਦੀ ਤਿਆਰੀ, ਸੋਧ, ਅੰਤਿਮ ਪ੍ਰਕਾਸ਼ਨਾ, ਚੋਣਾਂ ਨਾਲ ਸਬੰਧਤ ਜਰੂਰੀ ਪ੍ਰਕ੍ਰਿਆਵਾਂ, ਪੜਾਵਾਂ ਅਤੇ ਚੋਣ ਨਤੀਜਿਆਂ ਦੇ ਐਲਾਨ ਨਾਲ ਵੀ ਬੀ.ਐਲ.ਓ. ਸਿੱਧੇ ਜਾਂ ਅਸਿੱਧੇ ਤੌਰ 'ਤੇ ਚੋਣਾਂ ਨਾਲ ਜੁੜਿਆ ਰਹਿੰਦਾ ਹੈ।

ਨਿਰਪੱਖ ਅਤੇ ਬਿਨਾ ਭੇਦਭਾਵ ਅਤੇ ਡਰ ਦੇ ਚੋਣ ਕਮਿਸ਼ਨ ਵੱਲੋਂ ਚੋਣਾਂ ਕਰਵਾਉਣ ਵਿੱਚ ਬੀ.ਐਲ.ਓ. ਮਹੱਤਵਪੂਰਨ ਭੂਮਿਕਾ ਨਿਭਾਅ ਸਕਦਾ ਹੈ- ਬਸ਼ਰਤੇ ਚੋਣ ਕਮਿਸ਼ਨ ਅਤੇ ਉਸ ਦੇ ਅਧਿਕਾਰੀਆਂ ਵੱਲੋਂ ਬੀ.ਐਲ.ਓ. ਦਾ ਸਹੀ ਮਾਰਗ ਦਰਸ਼ਨ ਕੀਤਾ ਜਾਵੇ, ਲੋੜੀਂਦੀ ਟਰੇਨਿੰਗ ਅਤੇ ਵੋਟਰ ਸੂਚੀਆਂ ਦੀ ਤਿਆਰੀ ਅਤੇ ਸੁਧਾਈ ਨਾਲ ਸਬੰਧਤ ਲੋੜੀਂਦੀ ਸਮੱਗਰੀ, ਸਟੇਸ਼ਨਰੀ ਅਤੇ ਹਦਾਇਤਾਂ ਬਾਰੇ ਉਨ੍ਹਾਂ ਨੂੰ ਸਹੀ ਅਤੇ ਵੇਰਵੇ ਸਹਿਤ ਜਾਣਕਾਰੀ ਦਿੱਤੀ ਜਾਵੇ। ਸਮੇਂ ਸਮੇਂ ਵੋਟਰ ਸੂਚੀਆਂ ਅਤੇ ਚੋਣਾਂ ਨਾਲ ਸਬੰਧਤ ਜਰੂਰੀ ਮਸਲਿਆਂ ਬਾਰੇ ਅਮਲੀ ਟਰੇਨਿੰਗ ਵੀ ਦਿੱਤੀ ਜਾਵੇ, ਕਿਉਂਕਿ ਚੋਣ ਪ੍ਰਕ੍ਰਿਆਵਾਂ ਵਿੱਚ ਬੀ.ਐਲ.ਓ. ਹੀ ਐਸਾ ਵਿਅਕਤੀ ਹੈ, ਜਿਸ ਨੂੰ ਪੋਲਿੰਗ ਏਰੀਆ ਦੀ ਭੂਗੋਲਿਕ ਸਥਿਤੀ, ਵਸਦੇ ਲੋਕਾਂ ਅਤੇ ਵੋਟਰਾਂ ਬਾਰੇ ਸਹੀ ਜਾਣਕਾਰੀ ਹੋਣੀ ਜਰੂਰੀ ਹੈ। ਉਸ ਦੇ ਕੰਮ ਕਾਰ ਦਾ ਮੁਲੰਕਣ ਨਿਰਧਾਰਤ ਚੈਕ ਲਿਸਟ ਅਨੁਸਾਰ ਸਹਾਇਕ ਚੋਣਕਾਰ ਰਜਿਸਟਰੇਸ਼ਨ ਅਫਸਰ, ਚੋਣਕਾਰ ਰਜਿਸਰਟਰੇਸ਼ਨ ਅਫ਼ਸਰ, ਜ਼ਿਲ੍ਹਾ ਚੋਣ ਅਫਸਰ ਅਤੇ ਰਾਜ ਦੇ ਮੁੱਖ ਚੋਣ ਅਫਸਰ ਵੱਲੋਂ ਕੀਤਾ ਜਾਂਦਾ ਹੈ। ਚੋਣਾਂ ਨਾਲ ਸਬੰਧਤ ਵੱਖ ਵੱਖ ਪੜਾਵਾਂ ਅਤੇ ਸਰਗਰਮੀਆਂ ਬਾਰੇ ਉਸ ਦੀ ਪੋਲਿੰਗ ਏਰੀਏ ਬਾਰੇ ਸਹੀ ਜਾਣਕਾਰੀ, ਗਿਆਨ ਤੇ ਅਨੁਭਵ, ਚੋਣਾਂ ਦੌਰਾਨ ਪੋਲਿੰਗ ਪਾਰਟੀਆਂ, ਹੋਰ ਅਮਲੇ ਅਤੇ ਧਿਰਾਂ ਲਈ ਸਹਾਇਕ ਸਿੱਧ ਹੋ ਸਕਦਾ ਹੈ। ਖਾਸ ਤੌਰ 'ਤੇ ਉਸ ਸਮੇਂ ਜਦੋਂ ਲੋਕ ਸਭਾ ਅਤੇ ਰਾਜ ਸਭਾਵਾਂ ਦੀਆਂ ਚੋਣਾਂ ਜ਼ਿਆਦਾਤਰ ਡਿਜ਼ੀਟਲ ਅਤੇ ਮੁਕਾਬਲੇ ਵਾਲੀਆਂ ਬਣ ਗਈਆਂ ਹਨ।

ਬੀ.ਐਲ.ਓ. ਚੋਣ ਕਮਿਸ਼ਨ ਦਾ ਗਰਾਊਂਡ ਜੀਰੋ 'ਤੇ ਸਹੀ ਸੂਚਨਾ ਦੇਣ ਵਾਲਾ, ਸਭ ਤੋਂ ਨੇੜਲਾ ਅਤੇ ਭਰੋਸੇਮੰਦ ਸਰੋਤ ਹੈ। ਜਰੂਰਤ ਹੈ ਕਿ ਬੀ.ਐਲ.ਓਜ਼ ਦੀ ਆਰਜ਼ੀ ਅਤੇ ਡੈਪੁਟੇਸ਼ਨ ਵਾਲੀ ਸੇਵਾ ਵਿੱਚ ਸੋਧ ਕਰਦੇ ਹੋਏ ਬੂਥ ਪੱਧਰ 'ਤੇ ਉਸ ਨੂੰ ਸਥਾਈ ਤੌਰ 'ਤੇ ਚੋਣ ਕਮਿਸ਼ਨ ਦਾ ਪੱਕਾ ਨੁਮਾਇੰਦਾ ਬਣਾਇਆ ਜਾਵੇ ਅਤੇ ਬੀ.ਐਲ.ਓ. ਦੀਆਂ ਰੈਗੂਲਰ ਸੇਵਾਵਾਂ ਸਬੰਧੀ ਨਵੇਂ ਨਿਯਮ ਬਣਾਏ ਜਾਣ, ਜਿਸ ਵਿੱਚ ਵਿਵਸਥਾ ਕੀਤੀ ਜਾ ਸਕਦੀ ਹੈ ਕਿ ਪੋਲਿੰਗ ਏਰੀਏ ਨਾਲ ਸਬੰਧਤ ਚਾਹਵਾਨ, ਅਨੁਭਵੀ ਕੇਂਦਰੀ/ਰਾਜ ਸੇਵਾ ਮੁਕਤ ਕਰਮਚਾਰੀਆਂ ਵਿੱਚੋਂ ਬੀ.ਐਲ.ਓ. ਲਾਗਏ ਜਾ ਸਕਣ, ਜੋ 65 ਸਾਲ ਦੀ ਉਮਰ ਤੱਕ ਸੇਵਾ ਕਰਦੇ ਰਹਿਣ, ਤਦੇ ਹੀ ਉਹ ਲੋਕਤੰਤਰ ਦੀ ਮਜਬੂਤੀ ਲਈ ਬਤੌਰ ਬੀ.ਐਲ.ਓ. ਆਪਣੀ ਭੂਮਿਕਾ ਨੂੰ ਸਾਰਥਕ ਬਣਾ ਸਕਣਗੇ।

## ਖਿਡਾਰੀ ਪੰਜ-ਆਬ ਦੇ (13)

ਨਵਦੀਪ ਸਿੰਘ ਗਿੱਲ
ਫੋਨ: +91-9780036216



# ਬਾਬਰ ਜਿਸ ਦਾ ਬੱਲਾ ਬੋਲਦਾ...

**ਖਿਡਾਰੀ ਹੱਦਾਂ-ਸਰਹੱਦਾਂ ਤੋਂ ਪਾਰ ਹੁੰਦੇ ਹਨ। ਪੰਜਾਬ ਦੀ ਧਰਤੀ ਨੇ ਵੱਡੇ-ਵੱਡੇ ਖਿਡਾਰੀ ਪੈਦਾ ਕੀਤੇ ਹਨ-ਚਾਹੇ ਇਹ ਚੜ੍ਹਦਾ ਪੰਜਾਬ ਹੋਵੇ ਜਾਂ ਫਿਰ ਲਹਿੰਦਾ ਪੰਜਾਬ। ਨਾਮੀ ਖੇਡ ਲੇਖਕ ਨਵਦੀਪ ਸਿੰਘ ਗਿੱਲ ਵੱਲੋਂ ਇਸ ਕਾਲਮ ਰਾਹੀਂ ਲੜੀਵਾਰ ਚੜ੍ਹਦੇ ਤੇ ਲਹਿੰਦੇ ਪੰਜਾਬ ਦੇ ਚੋਟੀ ਦੇ ਖਿਡਾਰੀਆਂ ਦੀ ਜੀਵਨੀ ਉਤੇ ਝਾਤ ਪਾਈ ਜਾ ਰਹੀ ਹੈ। ਹਥਲੇ ਲੇਖ ਵਿੱਚ ਦੁਨੀਆਂ ਦੇ ਚੋਟੀ ਦੇ ਬੱਲੇਬਾਜ਼ਾਂ ਵਿੱਚ ਇੱਕ ਬਾਬਰ ਆਜ਼ਮ ਦੇ ਖੇਡ ਜੀਵਨ ਦਾ ਸੰਖੇਪ ਵੇਰਵਾ ਹੈ। ਉਸ ਦੀ ਖੂਬੀ ਹੈ ਕਿ ਉਹ ਕ੍ਰਿਕਟ ਖੇਡ ਦੇ ਤਿੰਨੇ ਫਾਰਮੈਟਾਂ- ਟੈਸਟ, ਇੱਕ ਰੋਜ਼ਾ ਅਤੇ ਟਵੰਟੀ-20 ਵਿੱਚ ਸਿਖਰ ਉਤੇ ਕਾਬਜ਼ ਹੈ। ਪਾਕਿਸਤਾਨ ਦਾ ਤੀਜਾ ਸਰਵਉੱਚ ਨਾਗਰਿਕ ਸਨਮਾਨ 'ਸਿਤਾਰਾ-ਏ-ਇਮਤਿਆਜ਼' ਹਾਸਲ ਕਰਨ ਵਾਲਾ ਉਹ ਪਾਕਿਸਤਾਨ ਦਾ ਸਭ ਤੋਂ ਨੌਜਵਾਨ ਕ੍ਰਿਕਟਰ ਹੈ।**

ਬਾਬਰ ਆਜ਼ਮ ਮੌਜੂਦਾ ਦੌਰ ਵਿੱਚ ਦੁਨੀਆਂ ਦੇ ਚੋਟੀ ਦੇ ਬੱਲੇਬਾਜ਼ਾਂ ਵਿੱਚੋਂ ਇੱਕ ਹੈ। ਮੌਜੂਦਾ ਦੌਰ ਵਿੱਚ ਉਹ ਵਾਹਦ ਅਜਿਹਾ ਇਕਲੌਤਾ ਬੱਲੇਬਾਜ਼ ਹੈ, ਜਿਹੜਾ ਕ੍ਰਿਕਟ ਖੇਡ ਦੇ ਤਿੰਨੇ ਫਾਰਮੈਟਾਂ- ਟੈਸਟ, ਇੱਕ ਰੋਜ਼ਾ ਅਤੇ ਟਵੰਟੀ-20 ਵਿੱਚ ਸਿਖਰ ਉਤੇ ਕਾਬਜ਼ ਹੈ। ਮੌਜੂਦਾ ਸਮੇਂ ਹੋਰ ਕੋਈ ਵੀ ਬੱਲੇਬਾਜ਼ ਤਿੰਨੇ ਫਾਰਮੈਟਾਂ ਵਿੱਚ ਪਹਿਲੇ ਦਸਾਂ ਵਿੱਚ ਵੀ ਸ਼ਾਮਲ ਨਹੀਂ। ਵਿਸ਼ਵ ਰੈਂਕਿੰਗ ਵਿੱਚ ਬਾਬਰ ਇੱਕ ਰੋਜ਼ਾ ਵਿੱਚ ਪਹਿਲੇ, ਟਵੰਟੀ-20 ਵਿੱਚ ਚੌਥੇ ਤੇ ਟੈਸਟ ਵਿੱਚ ਪੰਜਵੇਂ ਨੰਬਰ ਉਤੇ ਹੈ। ਪਾਕਿਸਤਾਨ ਕ੍ਰਿਕਟ ਟੀਮ ਦੇ ਮਾੜੇ ਦੌਰ ਦੀ ਤਿੱਖੜ ਦੁਪਹਿਰ ਵਿੱਚ ਵੀ ਉਹ ਠੰਢੀ ਹਵਾ ਦਾ ਬੁੱਲ੍ਹਾ ਬਣ ਕੇ ਵਗਿਆ। ਸੋਸ਼ਲ ਮੀਡੀਆ ਉਪਰ ਬਾਬਰ ਆਜ਼ਮ ਦੀ ਤੁਲਨਾ ਵਿਰਾਟ ਕੋਹਲੀ ਦੇ ਬਰਾਬਰ ਹੁੰਦੀ ਹੈ ਅਤੇ ਕਈ ਮਾਹਿਰ ਉਸ ਨੂੰ ਵਿਰਾਟ ਨਾਲੋਂ ਵੀ ਬਿਹਤਰ ਮੰਨਦੇ ਹਨ। ਮੌਜੂਦਾ ਦੌਰ ਵਿੱਚ ਵਿਰਾਟ ਤੇ ਬਾਬਰ ਦੋ ਸਿਖਰਲੇ ਬੱਲੇਬਾਜ਼ ਹਨ, ਜਿਨ੍ਹਾਂ ਨੂੰ ਸਾਹਮਣੇ ਖੜ੍ਹਿਆ ਦੇਖ ਕੇ ਹਰ ਗੇਂਦਬਾਜ਼ ਇੱਕ ਵਾਰ ਸੋਚੀਂ ਪੈ ਜਾਂਦਾ ਹੈ।

ਬਾਬਰ ਆਜ਼ਮ ਦਾ ਜਨਮ 15 ਅਕਤੂਬਰ 1994 ਨੂੰ ਪਾਕਿਸਤਾਨ ਵਿੱਚ ਲਹਿੰਦੇ ਪੰਜਾਬ ਦੀ ਰਾਜਧਾਨੀ ਲਾਹੌਰ ਵਿਖੇ ਹੋਇਆ। ਕ੍ਰਿਕਟ ਖੇਡ ਦੀ ਚਿਣਗ ਉਸ ਨੂੰ ਪਰਿਵਾਰ ਵਿੱਚੋਂ ਹੀ ਲੱਗੀ। ਪਾਕਿਸਤਾਨ ਕ੍ਰਿਕਟ ਟੀਮ ਦੇ ਖਿਡਾਰੀ ਕਾਮਰਾਨ ਅਕਮਲ, ਉਮਰ ਅਕਮਲ ਤੇ ਅਦਨਾਨ ਅਕਮਲ, ਬਾਬਰ ਦੇ ਚਚੇਰੇ ਭਰਾ ਸਨ। ਆਪਣੇ ਤਾਏ ਦੇ ਮੁੰਡਿਆਂ ਨੂੰ ਖੇਡਦਾ ਦੇਖ ਕੇ ਬਾਬਰ ਇਸ ਖੇਡ ਵੱਲ ਖਿੱਚਿਆ ਆਇਆ। ਉਸ ਨੇ ਸ਼ੁਰੂਆਤ ਲਾਹੌਰ ਦੇ ਮਸ਼ਹੂਰ ਗੱਦਾਫੀ ਸਟੇਡੀਅਮ ਤੋਂ ਬਾਲ ਬੁਆਏ ਵਜੋਂ ਕੀਤੀ। 2006 ਤੇ 2008 ਵਿੱਚ ਪਾਕਿਸਤਾਨ ਵੱਲੋਂ ਖੇਡੀ ਗਈ ਘਰੇਲੂ ਲੜੀ ਦੇ ਮੈਚਾਂ ਵਿੱਚ 12-14 ਵਰ੍ਹਿਆਂ ਦੀ ਉਮਰੇ ਬਾਬਰ ਲਾਹੌਰ ਸਟੇਡੀਅਮ ਵਿੱਚ ਬਾਊਂਡਰੀ ਪਾਰ ਤੋਂ ਗੇਂਦਾਂ ਵਾਪਸ ਗਰਾਊਂਡ ਵਿੱਚ ਸੁੱਟਦਾ ਸੀ।

ਸਾਲ 2006 ਵਿੱਚ ਭਾਰਤੀ ਟੀਮ ਨੇ ਪਾਕਿਸਤਾਨ ਦਾ ਦੌਰਾ ਕੀਤਾ ਸੀ। ਉਸ ਵੇਲੇ ਪਾਕਿਸਤਾਨ ਕ੍ਰਿਕਟ ਟੀਮ ਵਿੱਚ ਸ਼ਾਹਿਦ ਅਫਰੀਦੀ, ਇੰਜ਼ਮਾਮ ਉਲ ਹੱਕ, ਮੁਹੰਮਦ ਯੂਸਫ (ਯੂਸਫ ਯੋਹਾਨਾ), ਸ਼ੋਇਬ ਮਲਿਕ, ਯੂਨਿਸ ਖਾਨ, ਕਾਮਰਾਨ ਅਕਮਲ (ਬਾਬਰ ਦਾ ਚਚੇਰਾ ਭਰਾ) ਜਿਹੇ ਧੱਕੜ ਬੱਲੇਬਾਜ਼ ਖੇਡਦੇ ਸਨ, ਪਰ ਉਸ ਵੇਲੇ ਕਿਸੇ ਦੇ ਚਿੱਤ ਚੇਤੇ ਵੀ ਨਹੀਂ ਹੋਣਾ ਕਿ ਬਾਲ ਬੁਆਏ ਬਾਬਰ ਕਿਸੇ ਵੇਲੇ ਵਿਸ਼ਵ ਕ੍ਰਿਕਟ ਦਾ ਅਜਿਹਾ ਬੱਲੇਬਾਜ਼ ਬਣੇਗਾ, ਜੋ ਗੇਂਦਬਾਜ਼ਾਂ ਦੀਆਂ ਬਾਲਾਂ ਨੂੰ ਬੱਲੇ ਨਾਲ ਬਾਊਂਡਰੀ ਪਾਰ ਕਰ-ਕਰ ਕੇ ਵਖਤ ਪਾ ਦਿਆ ਕਰੇਗਾ। ਬਾਬਰ ਨੇ ਇੰਨੀਆਂ ਬਾਲਾਂ ਬਾਲ ਬੁਆਏ ਵਜੋਂ ਬਾਊਂਡਰੀ ਤੋਂ ਵਾਪਸ ਨਹੀਂ ਸੁੱਟੀਆਂ ਹੋਣੀਆਂ, ਜਿੰਨੀਆਂ ਉਸ ਨੇ ਬਾਅਦ ਵਿੱਚ ਬੱਲੇਬਾਜ਼ ਵਜੋਂ ਬਾਊਂਡਰੀ ਪਾਰ ਕੀਤੀਆਂ।



ਕ੍ਰਿਕਟ ਕੋਚ ਰਾਣਾ ਸਦੀਕ ਕੋਲੋਂ ਕ੍ਰਿਕਟ ਖੇਡ ਦੀਆਂ ਬਾਰੀਕੀਆਂ ਸਿੱਖਣ ਤੋਂ ਬਾਅਦ ਬਾਬਰ ਨੇ ਪੱਕੇ ਪੈਰੀਂ ਖੇਡ ਵਿੱਚ ਦਾਖਲਾ ਪਾਇਆ ਅਤੇ ਪਾਕਿਸਾਨ ਦੀ ਅੰਡਰ-19 ਟੀਮ ਤੋਂ ਕੌਮਾਂਤਰੀ ਕਰੀਅਰ ਸ਼ੁਰੂ ਕੀਤਾ। ਮਈ 2015 ਵਿੱਚ ਬਾਬਰ ਨੇ ਜ਼ਿੰਬਾਬਵੇ ਖ਼ਿਲਾਫ ਆਪਣਾ ਪਹਿਲਾ ਕੌਮਾਂਤਰੀ ਇੱਕ ਰੋਜ਼ਾ ਮੈਚ ਖੇਡਿਆ ਅਤੇ ਪਲੇਠੇ ਹੀ ਮੈਚ ਵਿੱਚ ਅਰਧ ਸੈਂਕੜਾ ਜੜਿਆ। 2016 ਵਿੱਚ ਵੈਸਟ ਇੰਡੀਜ਼ ਟੀਮ ਖਿਲਾਫ ਤਿੰਨ ਮੈਚਾਂ ਦੀ ਇੱਕ ਰੋਜ਼ਾ ਲੜੀ ਵਿੱਚ ਬਾਬਰ ਦਾ ਬੱਲਾ ਖੂਬ ਬੋਲਿਆ। ਇਸ ਲੜੀ ਦੇ ਤਿੰਨੇ ਮੈਚਾਂ ਵਿੱਚ ਬਾਬਰ ਨੇ ਸੈਂਕੜੇ ਜੜੇ। ਤਿੰਨ ਸੈਂਕੜਿਆਂ ਦੀ ਮੱਦਦ ਨਾਲ ਉਸ ਨੇ ਲੜੀ ਵਿੱਚ 360 ਦੌੜਾਂ ਬਣਾਈਆਂ ਅਤੇ ਉਹ ਤਿੰਨ ਮੈਚਾਂ ਦੀ ਲੜੀ ਵਿੱਚ 350 ਤੋਂ ਵੱਧ ਦੌੜਾਂ ਬਣਾਉਣ ਵਾਲਾ ਇਕਲੌਤਾ ਬੱਲੇਬਾਜ਼ ਬਣ ਗਿਆ।

ਅਕਤੂਬਰ 2016 ਵਿੱਚ ਬਾਬਰ ਨੇ ਵੈਸਟ ਇੰਡੀਜ਼ ਖਿਲਾਫ ਆਪਣਾ ਪਹਿਲਾ ਟੈਸਟ ਖੇਡਿਆ ਅਤੇ ਪਹਿਲੀ ਪਾਰੀ ਵਿੱਚ 69 ਦੌੜਾਂ ਦੀ ਪਾਰੀ ਖੇਡੀ। 2017 ਵਿੱਚ ਬਾਬਰ ਨੇ ਇੱਕ ਰੋਜ਼ਾ ਕ੍ਰਿਕਟ ਵਿੱਚ ਕੁੱਲ 1000 ਦੌੜਾਂ ਪਾਰ ਕੀਤੀਆਂ ਅਤੇ ਉਹ ਸਭ ਤੋਂ ਤੇਜ਼ ਇੱਕ ਹਜ਼ਾਰ ਦੌੜਾਂ ਬਣਾਉਣ ਵਿੱਚ ਫਖ਼ਰ ਜ਼ਮਾਨ (21 ਪਾਰੀਆਂ) ਦੇ ਬਰਾਬਰ ਆ ਗਿਆ। 2019 ਵਿੱਚ ਬਾਬਰ ਨੇ ਆਪਣਾ ਪਹਿਲਾ ਵਿਸ਼ਵ ਕੱਪ ਖੇਡਿਆ। ਇਸ ਵਿਸ਼ਵ ਕੱਪ ਵਿੱਚ ਉਸ ਨੇ 8 ਮੈਚਾਂ ਵਿੱਚ ਕੁੱਲ 474 ਦੌੜਾਂ ਬਣਾਈਆਂ ਅਤੇ ਪਾਕਿਸਤਾਨ ਵੱਲੋਂ ਕਿਸੇ ਇੱਕ ਵਿਸ਼ਵ ਕੱਪ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਬੱਲੇਬਾਜ਼ ਬਣਿਆ। ਉਸ ਨੇ ਜਾਵੇਦ ਮਿਆਂਦਾਦ ਦਾ ਰਿਕਾਰਡ ਤੋੜਿਆ। ਬਾਬਰ ਲਗਾਤਾਰ ਦੋ ਸਾਲ ਇੱਕ ਰੋਜ਼ਾ ਵਿੱਚ ਆਈ.ਸੀ.ਸੀ. ਵਿਸ਼ਵ ਇਲੈਵਨ ਵਿੱਚ ਚੁਣਿਆ ਜਾਣ ਵਾਲਾ ਪਹਿਲਾ ਖਿਡਾਰੀ ਬਣਿਆ। 2020 ਵਿੱਚ ਬਾਬਰ ਨੂੰ ਬੰਗਲਾਦੇਸ਼ ਖਿਲਾਫ਼ ਕਪਤਾਨੀ ਮਿਲੀ।

ਸਾਲ 2021 ਵਿੱਚ ਬਾਬਰ ਨੇ 76ਵੀਂ ਪਾਰੀ ਖੇਡਦਿਆਂ 13ਵਾਂ ਸੈਂਕੜਾ ਜੜ ਕੇ ਸਭ ਤੋਂ ਤੇਜ਼ੀ ਨਾਲ 13 ਸੈਂਕੜੇ ਬਣਾਉਣ ਦਾ ਰਿਕਾਰਡ ਵੀ ਤੋੜਿਆ। ਇਸ ਦੇ ਨਾਲ ਹੀ ਉਹ ਵਿਰਾਟ ਕੋਹਲੀ ਨੂੰ ਪਛਾੜ ਕੇ ਵਿਸ਼ਵ ਦਾ ਨੰਬਰ ਇੱਕ, ਇੱਕ ਰੋਜ਼ਾ ਬੱਲੇਬਾਜ਼ ਬਣਿਆ। ਇਸੇ ਸਾਲ ਹੀ ਬਾਬਰ ਨੇ ਕ੍ਰਿਕਟ ਦੇ ਸਭ ਤੋਂ ਛੋਟੇ ਅਤੇ ਤੇਜ਼ ਫਾਰਮੈਟ ਟਵੰਟੀ-20 ਵਿੱਚ ਦੱਖਣੀ ਅਫਰੀਕਾ ਖਿਲਾਫ 122 ਦੌੜਾਂ ਦੀ ਪਾਰੀ ਨਾਲ ਟਵੰਟੀ-20 ਦਾ ਪਹਿਲਾ ਸੈਂਕੜਾ ਲਗਾਇਆ। ਇਸੇ ਸਾਲ ਟਵੰਟੀ-20 ਵਿਸ਼ਵ ਕੱਪ ਵਿੱਚ 303 ਦੌੜਾਂ ਬਣਾਈਆਂ। ਇੱਕ ਰੋਜ਼ਾ ਕ੍ਰਿਕਟ ਵਿੱਚ ਬਾਬਰ 18 ਸੈਂਕੜਿਆਂ ਤੱਕ ਸਭ ਤੋਂ ਤੇਜ਼ ਸੈਂਕੜੇ ਬਣਾਉਣ ਵਾਲਾ ਬੱਲੇਬਾਜ਼ ਹੈ। ਕਿਸੇ ਇੱਕ ਮੁਲਕ (ਯੂ.ਏ.ਈ.) ਵਿੱਚ ਲਗਾਤਾਰ ਪੰਜ ਸੈਂਕੜੇ ਲਗਾਉਣ ਵਾਲਾ ਉਹ ਇਕਲੌਤਾ ਬੱਲੇਬਾਜ਼ ਹੈ। ਦੋ ਵਾਰ ਲਗਾਤਾਰ ਤਿੰਨ ਸੈਂਕੜੇ ਬਣਾਉਣ ਵਾਲਾ ਵੀ ਪਹਿਲਾ ਬੱਲੇਬਾਜ਼ ਹੈ। ਤਿੰਨੇ ਫਾਰਮੈਟਾਂ ਵਿੱਚ ਸੈਂਕੜੇ ਲਗਾਉਣ ਵਾਲਾ ਉਹ ਤੀਜਾ ਪਾਕਿਸਤਾਨੀ ਹੈ। ਪਾਕਿਸਤਾਨ ਵੱਲੋਂ ਸਾਰੇ ਫਾਰਮੈਟ ਮਿਲਾ ਕੇ ਉਹ ਸਭ ਤੋਂ ਵੱਧ (31) ਸੈਂਕੜੇ ਲਗਾਉਣ ਵਾਲਾ ਬੱਲੇਬਾਜ਼ ਹੈ। ਟਵੰਟੀ-20 ਵਿੱਚ ਪਾਕਿਸਤਾਨ ਵੱਲੋਂ ਉਹ ਸਰਵੋਤਮ ਸਕੋਰ ਬਣਾਉਣ ਵਾਲਾ ਬੱਲੇਬਾਜ਼ ਹੈ।

ਬਾਬਰ ਨੇ ਕ੍ਰਿਕਟ ਦੇ ਤਿੰਨੇ ਫਾਰਮੈਟਾਂ ਵਿੱਚ ਪਾਕਿਸਤਾਨ ਦੀ ਕਪਤਾਨੀ ਵੀ ਕੀਤੀ। ਨਵੰਬਰ 2023 ਵਿੱਚ ਵਿਸ਼ਵ ਕੱਪ ਦੀ ਹਾਰ ਤੋਂ ਬਾਅਦ ਉਸ ਨੇ ਸਾਰੇ ਫਾਰਮੈਟਾਂ ਵਿੱਚ ਕਪਤਾਨੀ ਛੱਡ ਦਿੱਤੀ। ਹੁਣ ਉਹ ਬਤੌਰ ਬੱਲੇਬਾਜ਼ ਟੀਮ ਦਾ ਅਹਿਮ ਹਿੱਸਾ ਹੈ। ਬਾਬਰ ਨੇ ਆਪਣੇ ਇੱਕ ਦਹਾਕੇ ਦੇ ਖੇਡ ਕਰੀਅਰ ਵਿੱਚ ਹੁਣ ਤੱਕ 52 ਟੈਸਟ ਮੈਚਾਂ ਵਿੱਚ 45.85 ਦੀ ਔਸਤ ਨਾਲ 3898 ਦੌੜਾਂ ਬਣਾਈਆਂ ਹਨ, ਜਿਨ੍ਹਾਂ ਵਿੱਚ 9 ਸੈਂਕੜੇ ਅਤੇ 26 ਅਰਧ ਸੈਂਕੜੇ ਹਨ। ਇੱਕ ਰੋਜ਼ਾ ਕ੍ਰਿਕਟ ਵਿੱਚ 117 ਮੈਚਾਂ ਵਿੱਚ 56.72 ਦੀ ਔਸਤ ਨਾਲ ਕੁੱਲ 5729 ਦੌੜਾਂ ਬਣਾਈਆਂ ਹਨ ਅਤੇ 19 ਸੈਂਕੜੇ ਅਤੇ 32 ਅਰਧ ਸੈਂਕੜੇ ਲਗਾਏ ਹਨ। ਟਵੰਟੀ-20 ਵਿੱਚ 107 ਮੈਚਾਂ ਵਿੱਚ 42.13 ਦੀ ਔਸਤ ਨਾਲ ਕੁੱਲ 3666 ਦੌੜਾਂ ਬਣਾਈਆਂ ਹਨ ਅਤੇ 3 ਸੈਂਕੜੇ ਤੇ 33 ਅਰਧ ਸੈਂਕੜੇ ਜੜੇ ਹਨ। ਤਿੰਨੇ ਫਾਰਮੈਟਾਂ ਵਿੱਚ ਉਸ ਦਾ ਸਰਵੋਤਮ ਸਕੋਰ ਕ੍ਰਮਵਾਰ 196, 158 ਤੇ ਨਾਬਾਦ 122 ਹਨ।

ਆਪਣੇ ਖੇਡ ਕਰੀਅਰ ਵਿੱਚ ਇੱਕ ਰੋਜ਼ਾ ਕ੍ਰਿਕਟ ਵਿੱਚ ਬਾਬਰ ਪੰਜ ਸਾਲ ਪਾਕਿਸਤਾਨ ਵੱਲੋਂ ਇੱਕ ਕੈਲੰਡਰ ਸਾਲ ਵਿੱਚ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਅਤੇ ਟੈਸਟ ਵਿੱਚ ਤਿੰਨ ਸਾਲ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਪਾਕਿਸਤਾਨੀ ਬੱਲੇਬਾਜ਼ ਹੈ। 97 ਮੈਚਾਂ ਨਾਲ ਸਭ ਤੋਂ ਤੇਜ਼ 5000 ਦੌੜਾਂ ਬਣਾਈਆਂ। ਬਾਬਰ ਨੂੰ ਸਾਲ 2022 ਵਿੱਚ ਆਈ.ਸੀ.ਸੀ. ਦੀ ਇੱਕ ਰੋਜ਼ਾ ਟੀਮ ਦਾ ਕਪਤਾਨ ਚੁਣਿਆ ਗਿਆ। ਬਾਬਰ ਦੀਆਂ ਪ੍ਰਾਪਤੀਆਂ ਬਦਲੇ ਪਾਕਿਸਤਾਨ ਸਰਕਾਰ ਨੇ ਉਸ ਨੂੰ 'ਸਿਤਾਰਾ-ਏ-ਇਮਤਿਆਜ਼' ਦੇ ਖਿਤਾਬ ਨਾਲ ਸਨਮਾਨਿਆ, ਜੋ ਪਾਕਿਸਤਾਨ ਦਾ ਤੀਜਾ ਸਰਵਉੱਚ ਨਾਗਰਿਕ ਸਨਮਾਨ ਹੈ। 28 ਸਾਲ ਦੀ ਉਮਰੇ ਇਹ ਸਨਮਾਨ ਹਾਸਲ ਕਰਨ ਵਾਲਾ ਉਹ ਪਾਕਿਸਤਾਨ ਦਾ ਸਭ ਤੋਂ ਨੌਜਵਾਨ ਕ੍ਰਿਕਟਰ ਹੈ। ਬਾਬਰ ਨੂੰ ਰਿੱਕੀ ਪੌਂਟਿੰਗ ਜਿੱਥੇ ਵਿਸ਼ਵ ਦੇ ਸਰਵੋਤਮ ਬੱਲੇਬਾਜ਼ਾਂ ਵਿੱਚੋਂ ਇੱਕ ਮੰਨਦਾ ਹੈ, ਉਥੇ ਮਾਈਕਲ ਵੌਨ ਉਸ ਨੂੰ ਵਿਸ਼ਵ ਦਾ ਨੰਬਰ ਇੱਕ ਟੈਸਟ ਬੱਲੇਬਾਜ਼ ਮੰਨਦਾ ਹੈ। ਨਾਸਿਰ ਹੁਸੈਨ ਉਸ ਨੂੰ ਵਿਸ਼ਵ ਦੇ ਮੌਜੂਦਾ ਦੌਰ ਦੇ ਬੱਲੇਬਾਜ਼ਾਂ ਦੀ ਸੂਚੀ ਵਿੱਚ ਸ਼ੁਮਾਰ ਕਰਦਾ ਹੈ।

ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ




ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ -On Site Crematory
-ਅੰਤਿਮ ਦਰਸ਼ਨਾਂ ਲਈ ਕਮਰਾ -Viewing Room Available
-ਵੱਡਾ ਤੇ ਸੁੰਦਰ ਚੈਪਲ -Large, Beautiful Chapels
-ਘੱਟ ਖਰਚ ਉਤੇ ਸੇਵਾਵਾਂ -Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at
www.davenportfamily.com

Davenport
FAMILY FUNERAL HOMES AND CREMATORY

*ਅੰਤਰ-ਅਕਾਦਮੀ ਲੋਕ-ਨਾਚ ਮੁਕਾਬਲੇ*

# 'ਭੰਗੜਾ ਰਾਈਮਜ਼ ਸ਼ਿਕਾਗੋ' ਦੀਆਂ ਟੀਮਾਂ ਨੇ ਪਾਈਆਂ ਧਮਾਲਾਂ

## ਮੁਟਿਆਰਾਂ ਦੀ 'ਲੁੱਡੀ' ਅਤੇ 'ਮਲਵਈ ਗਿੱਧੇ' ਨੇ ਵੀ ਖ਼ੂਬ ਰੰਗ ਬੰਨ੍ਹੇ





**ਕੁਲਜੀਤ ਦਿਆਲਪੁਰੀ**


**ਸ਼ਿਕਾਗੋ:** ਬਚਪਨ ਦੀ ਇਹ ਖੇਡ 'ਭੰਡਾ ਭੰਡਾਰੀਆ ਕਿੰਨਾ ਕੁ ਭਾਰ, ਇੱਕ ਮੁੱਠੀ ਚੁੱਕ ਲੈ ਦੂਜੀ ਤਿਆਰ' ਖੇਡਦਿਆਂ ਪੁੱਛਦੇ ਸੀ ਬਈ ਤੇਰੇ ਸਿਰ 'ਤੇ ਕਿੰਨਾ ਭਾਰ ਹੋ ਗਿਆ ਹੈ! ਜੇ ਜ਼ਿਆਦਾ ਲੱਗਦਾ ਤਾਂ ਇੱਕ ਮੁੱਠੀ ਚੁੱਕ ਲਈਏ! ਹਾਲਾਂਕਿ ਦੂਜੀ ਮੁੱਠੀ ਵੀ ਤਿਆਰ ਈ ਕਰੀ ਬੈਠੇ ਹੁੰਦੇ ਸੀ। ਇਹ ਸਭ ਖੇਡ ਖੇਡ ਵਿੱਚ ਕਿਸੇ ਦੇ ਸਿਰ ਦਾ ਭਾਰ ਵੰਡਾਉਣ ਜਿਹੀ ਸਮਝਾਉਣੀ ਹੁੰਦੀ ਸੀ ਕਿ ਬਈ ਤੂੰ ਕਿੰਨਾ ਕੁ ਭਾਰ ਚੁੱਕੀ ਫਿਰਦੈਂ! ਜੇ ਲੋੜ ਹੈ ਤਾਂ ਤੇਰਾ ਭਾਰ ਵੰਡਾਅ ਲਾਂ...! ਪਰ ਇਸ ਖੇਡ ਦੇ ਬਿਲਕੁਲ ਉਲਟ ਭੰਗੜੇ ਨੂੰ ਸਮਰਪਿਤ ਅਕਾਦਮੀ 'ਭੰਗੜਾ ਰਾਈਮਜ਼ ਸ਼ਿਕਾਗੋ' ਦੇ 'ਵਿਰਸਾ ਨਾਈਟ-2024' ਸਮਾਗਮ ਵਿੱਚ ਬੱਚਿਆਂ ਦੀ ਮਹਿਮਾਨ ਟੀਮ ਦੀ ਪੇਸ਼ਕਾਰੀ ਉਪਰੰਤ ਇੱਕ ਟੀਮ ਦੂਜੀ ਟੀਮ ਦੇ ਸਿਰ ਮੁਕਾਬਲੇ ਦਾ ਭਾਰ ਪਾਉਂਦੀ ਰਹੀ ਅਤੇ ਰਿਦਮ ਭਰਪੂਰ ਪੇਸ਼ਕਾਰੀ ਕਰ ਕੇ ਜੇਤੂ ਟੀਮ ਬਣਨ ਵੱਲ ਨੂੰ ਪੁਲਾਂਘ ਪੁੱਟਦੀ ਰਹੀ।

ਟੀਮਾਂ ਦੇ ਆਪਸੀ ਲੋਕ ਨਾਚ ਮੁਕਾਬਲੇ ਸ਼ੁਰੂ ਹੋਣ ਤੋਂ ਬਾਅਦ ਇੱਕ ਪਿੱਛੋਂ ਇੱਕ ਟੀਮ ਦੀ ਪੇਸ਼ਕਾਰੀ ਬਿਨਾ ਸ਼ੱਕ ਆਪਣਾ ਵਜ਼ਨ ਵਧਾਉਂਦੀ ਗਈ। ਇੱਕ ਟੀਮ ਧਮਾਲਾਂ ਪਾ ਕੇ ਹਟਦੀ ਤਾਂ ਕਿਸੇ ਦੇਰੀ ਬਿਨਾ ਦੂਜੀ ਟੀਮ ਆਪਣੇ ਜੌਹਰ ਦਿਖਾਉਣ ਲਈ ਤਿਆਰ-ਬਰ-ਤਿਆਰ ਸਟੇਜ 'ਤੇ ਆ ਜਾਂਦੀ। ਕਰੀਬ ਦੋ ਘੰਟੇ ਸਟੇਜ ਉਤੇ ਭੜਥੂ ਪੈਂਦਾ ਰਿਹਾ ਤੇ ਹਾਲ ਅੰਦਰ ਉਤਸ਼ਾਹੀ ਹੋਏ ਬੱਚਿਆਂ ਦੇ ਮਾਪਿਆਂ ਅਤੇ ਦਰਸ਼ਕਾਂ ਦੀਆਂ ਕਿਲਕਾਰੀਆਂ ਤੇ ਸੀਟੀਆਂ ਦੀ ਗੂੰਜ ਵੀ ਨਾਲੋ ਨਾਲ ਪੈਂਦੀ ਰਹੀ।

'ਭੰਗੜਾ ਰਾਈਮਜ਼ ਸ਼ਿਕਾਗੋ' ਦਾ ਇਹ ਪਲੇਠਾ ਅੰਤਰ-ਅਕਾਦਮੀ ਲੋਕ ਨਾਚ ਮੁਕਾਬਲਾ ਸੀ, ਜਿਸ ਵਿੱਚ ਬੱਚਿਆਂ ਤੇ ਵੱਡਿਆਂ ਦੀਆਂ ਟੀਮਾਂ ਨੇ ਖ਼ੂਬ ਰੰਗ ਬੰਨ੍ਹੇ। ਉਨ੍ਹਾਂ ਦੀ ਮਿਹਨਤ ਤੇ ਕੋਚ ਅਮਨਦੀਪ ਸਿੰਘ ਕੁਲਾਰ ਦੀ ਦ੍ਰਿੜਤਾ ਦਾ ਅੰਦਾਜ਼ਾ ਇਹ ਸਮਾਗਮ ਦੇਖਣ ਵਾਲਿਆਂ ਨੇ ਆਪ ਹੀ ਲਾ ਲਿਆ ਹੋਣਾ ਹੈ। ਹਾਲਾਂਕਿ ਨਿੱਕੀਆਂ ਮੋਟੀਆਂ ਤਰੁੱਟੀਆਂ ਰਹਿ ਗਈਆਂ ਸਨ, ਖਾਸ ਕਰ ਸਾਊਂਡ ਸਿਸਟਮ ਦੀ, ਪਰ ਜਿਵੇਂ ਸਿਆਣੇ ਕਹਿੰਦੇ ਹੁੰਦੇ ਨੇ ਬਈ ਆਟੇ 'ਚ ਚੂੰਢੀ ਲੂਣ ਪੈ ਜਾਣ ਨਾਲ ਕੋਈ ਫਰਕ ਨਹੀਂ ਪੈਂਦਾ! ਇਸੇ ਤਰ੍ਹਾਂ ਇਹ ਸਮਾਗਮ ਮਨੋਰੰਜਨ ਭਰਪੂਰ ਰਿਹਾ ਅਤੇ ਭੰਗੜੇ ਦੇ ਸਿਖਾਂਦਰੂ ਬੱਚਿਆਂ ਤੇ ਵੱਡਿਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਮੰਚ ਮੁਹੱਈਆ ਕਰਨ ਦਾ ਇਹ ਇੱਕ ਖਾਸ ਮੌਕਾ ਵੀ ਸੀ।

ਪੈਲਾਟਾਈਨ ਦੇ ਕਟਿੰਗ ਹਾਲ ਵਿੱਚ ਕਰਵਾਏ ਗਏ ਭੰਗੜਾ ਮੁਕਾਬਲਿਆਂ ਪ੍ਰਤੀ ਭੰਗੜੇ ਦੇ ਸ਼ੌਕੀਨਾਂ ਵਿੱਚ ਡਾਹਢਾ ਉਤਸ਼ਾਹ ਸੀ ਅਤੇ ਇਸ ਲਈ ਸੀਟਾਂ ਧੜਾਧੜ ਵਿਕ ਚੁਕੀਆਂ ਸਨ। 'ਸੋਲਡ ਆਊਟ' ਹੋਣ ਕਾਰਨ ਬਹੁਤ ਸਾਰੇ ਦਰਸ਼ਕਾਂ ਨੇ ਹਾਲ ਵਿੱਚ ਪਿੱਛੇ ਖੜ੍ਹ ਕੇ ਲੋਕ ਨਾਚਾਂ ਦਾ ਲੁਤਫ ਲਿਆ। ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਦੇ ਮਾਪਿਆਂ ਨੂੰ ਵੀ ਇਸ ਦੀ ਬੇਸਬਰੀ ਨਾਲ ਉਡੀਕ ਸੀ। ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਬੱਚੇ ਸ਼ਿਕਾਗੋ ਤੋਂ ਇਲਾਵਾ ਮਿਲਵਾਕੀ ਤੋਂ ਵੀ ਸਨ, ਜਿਨ੍ਹਾਂ ਭੰਗੜਾ, ਲੁੱਡੀ ਤੇ ਝੂਮਰ ਪੇਸ਼ ਕੀਤਾ।







ਮੁਕਾਬਲਿਆਂ ਨੂੰ ਤਿੰਨ ਭਾਗਾਂ ਵਿੱਚ ਵੰਡਿਆ ਗਿਆ ਸੀ। ਪਹਿਲੇ ਗਰੁੱਪ ਵਿਚ 6 ਤੋਂ 10 ਸਾਲ ਦੀ ਉਮਰ ਦੇ ਬੱਚਿਆਂ ਦੀਆਂ ਤਿੰਨ ਟੀਮਾਂ- ਟੀਮ ਸਤਲੁਜ, ਟੀਮ ਬਿਆਸ ਤੇ ਟੀਮ ਰਾਵੀ ਸਨ। ਪੰਜਾਬ ਦੇ ਤਿੰਨ ਦਰਿਆਵਾਂ ਦੇ ਨਾਂ 'ਤੇ ਬਣਾਈਆ ਗਈਆਂ ਟੀਮਾਂ ਦੀ ਪੇਸ਼ਕਾਰੀ ਦੇਖਣਯੋਗ ਸੀ। ਇਸ ਗਰੁੱਪ ਵਿੱਚੋਂ ਟੀਮ ਸਤਲੁਜ ਪਹਿਲੇ ਸਥਾਨ 'ਤੇ ਰਹੀ। ਟੀਮ ਬਿਆਸ ਤੇ ਟੀਮ ਰਾਵੀ ਦਰਮਿਆਨ ਮੁਕਾਬਲਾ ਬਣ ਜਾਣ ਕਾਰਨ ਦੋਹਾਂ ਨੂੰ ਦੂਜੇ ਇਨਾਮ ਦੀ ਟਰਾਫੀ ਦੇ ਕੇ ਭੰਗੜੇ ਦਾ ਵਹਾਅ ਜਾਰੀ ਰੱਖਣ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਗਈਆਂ।

ਦੂਸਰੇ ਗਰੁੱਪ ਵਿੱਚ ਚਾਰ ਟੀਮਾਂ- ਟੀਮ ਪਟਿਆਲਾ, ਟੀਮ ਲਾਹੌਰ, ਟੀਮ ਮੁਲਤਾਨ ਅਤੇ ਟੀਮ ਸਿਆਲਕੋਟ ਸ਼ਾਮਲ ਸਨ। ਮੰਚ ਸੰਚਾਲਕ ਨੇ ਉਚੇਚਾ ਜ਼ਿਕਰ ਕੀਤਾ ਕਿ ਟੀਮਾਂ ਦੇ ਨਾਂ ਕਿਸੇ ਮਕਸਦ ਤਹਿਤ ਰੱਖੇ ਗਏ ਹਨ। ਇਸ ਗਰੁੱਪ ਦੇ 11 ਤੋਂ 18 ਸਾਲ ਦੇ ਭੰਗੜਚੀਆਂ ਦਾ ਜੋਸ਼ੀਲਾ ਭੰਗੜਾ ਅੱਡੀ ਖਿਰਕਾਉਣ ਨੂੰ ਉਕਸਾਉਂਦਾ ਸੀ। ਇਨ੍ਹਾਂ ਟੀਮਾਂ ਵਿੱਚੋਂ ਟੀਮ ਪਟਿਆਲਾ ਪਹਿਲੇ ਥਾਂ ਰਹੀ, ਜਦਕਿ ਟੀਮ ਮੁਲਤਾਨ ਦੂਜੇ ਅਤੇ ਟੀਮ ਲਾਹੌਰ ਤੀਜੇ ਥਾਂ ਰਹੀ। ਟੀਮ ਸਿਆਲਕੋਟ ਦੀ ਪੇਸ਼ਕਾਰੀ ਬਾਕਮਾਲ ਸੀ, ਇਸੇ ਕਰਕੇ ਇਸ ਟੀਮ ਨੂੰ ਸਾਰੇ ਮੁਕਾਬਲਿਆਂ ਤੋਂ ਉਤਾਂਹ ਰੱਖਿਆ ਗਿਆ ਤੇ ਇਸ ਨੂੰ 'ਵਿਰਸਾ ਨਾਈਟ-2024' ਸਮਾਗਮ ਦੀ ਬਿਹਤਰੀਨ ਟੀਮ ਐਲਾਨਿਆ ਗਿਆ।









ਤੀਜੇ ਗਰੁੱਪ ਵਿੱਚ 35 ਸਾਲ ਤੋਂ ਲੈ ਕੇ 55 ਸਾਲ ਦੇ ਗੱਭਰੂਆਂ ਤੇ ਮੁਟਿਆਰਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕਰ ਕੇ ਦੱਸ ਦਿੱਤਾ ਕਿ ਨੱਚ ਕੇ ਰੂਹ ਖੁਸ਼ ਕਰਨੀ ਤੇ ਦਰਸ਼ਕਾਂ ਦਾ ਮਨੋਰੰਜਨ ਕਰਨ ਦੀ ਕੋਈ ਉਮਰ ਨਹੀਂ ਹੁੰਦੀ। ਪੰਜਾਬ ਦੇ ਖਿੱਤਿਆਂ ਨੂੰ ਬਿਆਨ ਕਰਦੀਆਂ ਟੀਮ ਮਾਝਾ, ਟੀਮ ਮਾਲਵਾ ਤੇ ਟੀਮ ਦੁਆਬਾ ਦੇ ਭੰਗੜਚੀਆਂ ਦੇ ਪੋਲੇ ਪੋਲੇ ਪੱਬਾਂ ਤੇ ਅੱਡੀਆਂ ਦੀ ਧਮਕ ਦਾ ਅਨੰਦ ਸਭ ਨੇ ਖ਼ੂਬ ਮਾਣਿਆ। ਮਿਲਵਾਕੀ ਦੀਆਂ ਮੁਟਿਆਰਾਂ ਦੀ ਲੁੱਡੀ ਟੀਮ ਨੇ ਦਿਲਟੁੰਬਵੀਂ ਤੇ ਲੈਅਮਈ ਪੇਸ਼ਕਾਰੀ ਕੀਤੀ ਸੀ, ਪਰ ਜੱਜਾਂ ਵੱਲੋਂ ਤਕਨੀਕੀ ਨੁਕਤਿਆਂ ਦੇ ਆਧਾਰ 'ਤੇ ਦਿੱਤੇ ਫੈਸਲੇ ਕਾਰਨ ਇਨ੍ਹਾਂ ਵਿੱਚੋਂ ਟੀਮ ਮਾਲਵਾ ਨੂੰ ਜੇਤੂ ਟਰਾਫੀ ਪ੍ਰਾਪਤ ਕਰਨ ਦਾ ਸ਼ਰਫ ਹਾਸਲ ਹੋਇਆ।




ਮਹਿਮਾਨ ਮਲਵਈ ਗਿੱਧਾ ਟੀਮ ਦੀ ਪੇਸ਼ਕਾਰੀ ਨੇ ਵੀ ਲਾਈਵ ਬੋਲੀਆਂ ਪਾ ਕੇ ਜਲਵਾ ਦਿਖਾਇਆ। ਸ਼ਮਲੇ ਵਾਲੀਆਂ ਪੱਗਾਂ ਵਿੱਚ ਜੱਚਦੇ 'ਚਿੱਟੇ ਚੋਬਰਾਂ' ਦੇ ਹੱਥਾਂ ਵਿੱਚ ਫੜੀਆਂ ਕਾਟੋਆਂ, ਚਿਮਟਿਆਂ ਦੀ ਛਣ-ਛਣ, ਗੁਬਚੂਆਂ ਦੇ ਸੁਰ, ਢੋਲਕੀ ਤੇ ਸੱਪਾਂ (ਛਿੱਕਿਆਂ) ਦੀ ਲੈਅ-ਤਾਲ ਅਤੇ ਢੋਲ ਦੇ ਡੱਗੇ ਨੇ ਮਨਮੋਹਕ ਨਜ਼ਾਰਾ ਬੰਨ੍ਹ ਦਿੱਤਾ ਕਿ ਦਰਸ਼ਕਾਂ ਦੇ ਮੂੰਹੋਂ 'ਛਾ ਗਏ ਬਈ ਛਾ ਗਏ', 'ਵਾਹ ਬਈ ਵਾਹ!', 'ਕਮਾਲ ਬਈ ਮੁੰਡਿਓ ਕਮਾਲ' ਸਮੇਤ ਕਈ ਹੋਰ ਬੋਲ ਨਿਕਲ ਰਹੇ ਸਨ। ਇਸ ਟੀਮ ਦੀ ਪੇਸ਼ਕਾਰੀ ਦਾ ਨਜ਼ਾਰਾ ਕੁਝ ਵੱਖਰਾ ਹੀ ਸੀ, ਪਰ ਨਾਲ ਦੀ ਨਾਲ ਭੰਗੜੇ ਦੇ ਕੁਝ ਪਾਰਖੂਆਂ ਦੀ ਇਹ ਨਸੀਹਤ ਵੀ ਸੀ ਕਿ ਜੇ ਇਹ ਚੋਬਰ ਥੋੜ੍ਹਾ ਹੋਰ ਧਿਆਨ ਦੇਣ ਤਾਂ ਕਾਟੋ ਫੁੱਲਾਂ ਉਤੇ ਖੇਡਣ ਲਾ ਸਕਦੇ ਹਨ! ਢੋਲ 'ਤੇ ਡੱਗਾ ਮਨਮੀਤ ਸਿੰਘ ਨੇ ਲਾਇਆ।

ਇਸ ਮੌਕੇ ਭਾਈਚਾਰੇ ਦੇ ਮੁਅੱਜਜ਼ ਮਹਿਮਾਨਾਂ- ਹਰਦਿਆਲ ਸਿੰਘ ਦਿਓਲ, ਦਵਿੰਦਰ ਸਿੰਘ ਰੰਗੀ, ਡਾ.

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਸ਼ੇਰੇ ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦਾ ਕਬੱਡੀ ਕੱਪ 29 ਜੂਨ ਨੂੰ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦਾ ਕਬੱਡੀ ਕੱਪ ਸਨਿਚਰਵਾਰ, 29 ਜੂਨ 2024 ਨੂੰ ਐਲਕ ਗਰੋਵ ਵਿਲੇਜ ਦੇ ਬਸੀ ਵੂਡਜ਼ ਫਾਰੈਸਟ ਪ੍ਰੀਜ਼ਰਵ (ਨੰਬਰ 23 ਅਤੇ 24) ਵਿੱਚ ਹੋਵੇਗਾ। ਇਸ ਮੌਕੇ ਨਾਮੀ ਕਬੱਡੀ ਟੀਮਾਂ ਦੇ ਮੁਕਾਬਲੇ ਹੋਣਗੇ ਅਤੇ ਲੋਕਾਂ ਦਾ ਮਨੋਰੰਜਨ ਕਰਨ ਲਈ ਪ੍ਰਸਿੱਧ ਗਾਇਕ ਪਹੁੰਚ ਰਹੇ ਹਨ। ਇਸ ਤੋਂ ਇਲਾਵਾ ਵਾਲੀਬਾਲ ਦੇ ਮੁਕਾਬਲੇ ਵੀ ਹੋਣਗੇ।

ਇਸ ਸਬੰਧੀ ਕਲੱਬ ਦੀ ਇੱਕ ਮੀਟਿੰਗ ਲੰਘੇ ਐਤਵਾਰ ਨੂੰ ਗੁਰਦੁਆਰਾ ਪੈਲਾਟਾਈਨ ਵਿਖੇ ਹੋਈ। ਇਸ ਮੌਕੇ ਕਲੱਬ ਮੈਂਬਰਾਂ ਨੇ ਇਸ ਸਾਲ ਵਧੀਆ ਟੂਰਨਾਮੈਂਟ ਕਰਵਾਉਣ ਦਾ ਅਹਿਦ ਲਿਆ ਅਤੇ ਪ੍ਰਬੰਧਾਂ ਤੇ ਖੇਡਾਂ ਦੌਰਾਨ ਕੋਈ ਕਮੀ-ਪੇਸ਼ੀ ਨਾ ਰਹਿ ਜਾਣ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਕਲੱਬ ਮੈਂਬਰਾਂ ਅਨੁਸਾਰ ਮੇਲੇ ਦੀਆਂ ਤਿਆਰੀਆਂ ਹੁਣੇ ਤੋਂ ਵਿੱਢ ਦਿੱਤੀਆਂ ਗਈਆਂ ਹਨ।



ਲੋਕਾਂ ਲਈ ਖਾਣ-ਪੀਣ ਦਾ ਖੁੱਲ੍ਹਾ ਪ੍ਰਬੰਧ ਹੋਵੇਗਾ ਅਤੇ ਪਾਰਕਿੰਗ ਲਈ ਵੀ ਕੋਈ ਫੀਸ ਵਗੈਰਾ ਨਹੀਂ ਹੈ। ਕਬੱਡੀ ਤੇ ਵਾਲੀਬਾਲ ਦੀਆਂ ਜੇਤੂ ਟੀਮਾਂ ਨੂੰ ਇਨਾਮ ਦਿੱਤੇ ਜਾਣਗੇ। ਕਲੱਬ ਦੇ ਚੇਅਰਮੈਨ ਬੱਬੂ ਐਪਲਟਨ, ਕਲੱਬ ਦੇ ਪ੍ਰਧਾਨ ਹਨੀ ਖੰਗੂੜਾ ਅਤੇ ਮੀਤ ਪ੍ਰਧਾਨ ਕਮਲਜੀਤ ਸਿੰਘ ਘੁਮਾਣ ਹਨ। ਮੇਲੇ ਦੇ ਮੁੱਖ ਮਹਿਮਾਨ ਢੀਂਡਸਾ ਬ੍ਰਦਰਜ਼- ਅਮਰਜੀਤ ਸਿੰਘ ਤੇ ਲਖਬੀਰ ਸਿੰਘ ਹੋਣਗੇ। ਹੋਰ ਜਾਣਕਾਰੀ ਲਈ ਪ੍ਰਧਾਨ ਹਨੀ ਖੰਗੂੜਾ ਫੋਨ: 224-381-2830, ਮੀਤ ਪ੍ਰਧਾਨ ਕਮਲਜੀਤ ਸਿੰਘ ਘੁਮਾਣ ਫੋਨ: 847-830-9976, ਬਲਜੀਤ ਟਿਵਾਣਾ ਫੋਨ: 773-469-9384, ਦੀਪਾ ਵਿਰਕ ਫੋਨ: 847-668-8688, ਜੱਸੀ ਗਿੱਲ ਫੋਨ: 773-759-0433, ਜਿੰਦਰ ਬੈਨੀਪਾਲ ਫੋਨ: 312-608-9851, ਵਿੱਕੀ ਸੰਮੀਪੁਰੀਆ ਫੋਨ: 215-917-9885 ਅਤੇ ਓਂਕਾਰ ਸਹੋਤਾ ਫੋਨ: 708-745-1815 ਰਾਹੀਂ ਸੰਪਰਕ ਕੀਤਾ ਜਾ ਸਕਦਾ ਹੈ।

# ਪੀ. ਏ. ਓ. ਦਾ 'ਤੀਆਂ ਦਾ ਮੇਲਾ' 28 ਜੁਲਾਈ 2024 ਨੂੰ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ (ਪੀ.ਏ.ਓ.) ਦਾ 20ਵਾਂ ਸਾਲਾਨਾ ਰੰਗਾਰੰਗ ਪ੍ਰੋਗਰਾਮ 'ਤੀਆਂ ਦਾ ਮੇਲਾ' ਐਤਵਾਰ 28 ਜੁਲਾਈ 2024 ਨੂੰ ਕਰਵਾਇਆ ਜਾਵੇਗਾ। ਇਸ ਸਾਲ ਦੇ ਮੇਲੇ ਵਿੱਚ ਵੀ ਮਨੋਰੰਜਨ ਭਰਪੂਰ ਆਈਟਮਾਂ- ਫੈਸ਼ਨ ਸ਼ੋਅ, ਸ਼ੌਂਕਣ ਮੇਲੇ ਦੀ, ਗੀਤ, ਡਾਂਸ ਅਤੇ ਡੀ.ਜੇ. ਤੋਂ ਇਲਾਵਾ ਗਿੱਧਾ ਵੀ ਪੇਸ਼ ਕੀਤਾ ਜਾਵੇਗਾ।

'ਤੀਆਂ ਦੇ ਮੇਲੇ' ਦੀ ਮੁੱਖ ਕਰਤਾਧਰਤਾ ਮਿੰਨੀ ਮੁਲਤਾਨੀ, ਸੰਸਥਾ ਦੀ ਪ੍ਰਧਾਨ ਰਾਜਿੰਦਰ ਕੌਰ ਮਾਗੋ, ਮੈਨੇਜਿੰਗ ਡਾਇਰੈਕਟਰ ਗੁਲਜ਼ਾਰ ਸਿੰਘ ਮੁਲਤਾਨੀ ਤੇ ਬੋਰਡ ਮੈਂਬਰ ਸੁਖਵਿੰਦਰ ਸਿੰਘ ਹੁੰਜਣ ਨੇ ਦੱਸਿਆ ਕਿ ਇਸ ਸਾਲ ਵੀ 'ਤੀਆਂ ਦਾ ਮੇਲਾ' ਹਰ ਸਾਲ ਵਾਂਗ ਮਨੋਰੰਜਨ ਭਰਪੂਰ ਹੋਵੇਗਾ ਅਤੇ ਪ੍ਰਤਿਭਾਵਾਨ ਕਲਾਕਾਰਾਂ ਨੂੰ ਆਪਣੀ ਕਲਾਕਾਰੀ ਦੀ ਪੇਸ਼ਕਾਰੀ ਦਾ ਮੌਕਾ ਦਿੱਤਾ ਜਾਵੇਗਾ। ਉਨ੍ਹਾਂ ਬੀਬੀਆਂ-ਮੁਟਿਆਰਾਂ ਨੂੰ ਸੱਦਾ ਦਿੱਤਾ ਕਿ ਉਹ 'ਤੀਆਂ ਦੇ ਮੇਲੇ' ਵਿੱਚ ਪਰਿਵਾਰਾਂ ਸਮੇਤ ਸ਼ਾਮਲ ਹੋਣ ਅਤੇ ਪੇਸ਼ਕਾਰੀਆਂ ਵਿੱਚ ਹਿੱਸਾ ਲੈ ਕੇ ਆਪਣੇ ਵਲਵਲੇ ਸਾਂਝੇ ਕਰਨ। ਪ੍ਰਬੰਧਕਾਂ ਅਨੁਸਾਰ ਮੇਲੇ ਦੀਆਂ ਤਿਆਰੀਆਂ ਹੁਣੇ ਤੋਂ ਸ਼ੁਰੂ ਹੋ ਗਈਆਂ ਹਨ ਅਤੇ ਜਲਦ ਹੀ ਮੇਲੇ ਵਾਲੀ ਥਾਂ ਦਾ ਵੀ ਐਲਾਨ ਕਰ ਦਿੱਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਮੌਕੇ ਖਰੀਦੋ-ਫਰੋਖਤ ਦੇ ਸਟਾਲ ਵੀ ਲਾਏ ਜਾਣਗੇ, ਜਿੱਥੋਂ ਚਾਹਵਾਨ ਖਰੀਦਦਾਰ ਬੀਬੀਆਂ ਰਵਾਇਤੀ ਪੰਜਾਬੀ ਪਹਿਰਾਵਾ ਤੇ ਗਹਿਣੇ-ਗੱਟੇ ਖਰੀਦ ਸਕਦੀਆਂ ਹਨ।




ਪਿਛਲੇ ਸਾਲ ਦੇ ਤੀਆਂ ਦੇ ਮੇਲੇ ਦੀ ਇੱਕ ਝਲਕ

ਮੇਲੇ ਬਾਰੇ ਹੋਰ ਜਾਣਕਾਰੀ ਲਈ ਪੀ.ਏ.ਓ. ਦੇ ਕਿਸੇ ਵੀ ਬੋਰਡ ਮੈਂਬਰ ਜਾਂ ਫੋਨ: 630-935-5239, 312-909-5354 ਅਤੇ 708-774-2999 ਨਾਲ ਸੰਪਰਕ ਕੀਤਾ ਜਾ ਸਕਦਾ ਹੈ। ਇਸੇ ਦੌਰਾਨ ਸੰਸਥਾ ਨੇ ਆਪਣੇ ਸਪਾਂਸਰਾਂ ਦਾ ਧੰਨਵਾਦ ਕਰਦਿਆਂ 'ਤੀਆਂ ਦਾ ਮੇਲਾ-2024' ਲਈ ਸਪਾਂਸਰ ਬਣਨ ਅਤੇ ਵਾਲੰਟੀਅਰ ਲਈ ਸੱਦਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸੰਸਥਾ ਦੇ ਪਿਛਲੇ ਸਾਲਾਂ ਦੌਰਾਨ ਹੋਏ 'ਤੀਆਂ ਦੇ ਮੇਲੇ' ਖੂਬ ਭਰਦੇ ਰਹੇ ਹਨ ਅਤੇ ਨਾਮੀ ਗਾਇਕਾਵਾਂ ਉਚੇਚਾ ਸ਼ਿਰਕਤ ਕਰਕੇ ਮੇਲੇ ਨੂੰ ਚਾਰ ਚੰਨ ਲਾਉਂਦੀਆਂ ਰਹੀਆਂ ਹਨ। ਪਿਛਲੇ ਸਾਲ ਗਾਇਕਾ ਸਤਵਿੰਦਰ ਬਿੱਟੀ ਸਮੇਤ ਵੱਖ ਵੱਖ ਆਈਟਮਾਂ ਪੇਸ਼ ਕਰਨ ਵਾਲੇ ਕਲਾਕਾਰਾਂ ਨੇ ਮੇਲਾ ਲੁੱਟ ਲਿਆ ਸੀ।

## *'ਭੰਗੜਾ ਰਾਈਮਜ਼ ਸ਼ਿਕਾਗੋ' ਦੀਆਂ ਟੀਮਾਂ ਨੇ ਪਾਈਆਂ ਧਮਾਲਾਂ*

ਹਰਗੁਰਮੁਖਪਾਲ ਸਿੰਘ, ਪਰਸ਼ਨ ਸਿੰਘ ਮਾਨ, ਸੰਨੀ ਕੁਲਾਰ, ਰੌਨੀ ਕੁਲਾਰ, ਲੱਕੀ ਸਹੋਤਾ, ਡਾ. ਹਰਜਿੰਦਰ ਸਿੰਘ ਖਹਿਰਾ, ਨਿਰਭੈਅ ਸਿੰਘ ਧਨੋਆ ਸਮੇਤ ਹੋਰ ਭਾਈਚਾਰਕ ਸ਼ਖਸੀਅਤਾਂ ਨੇ ਮਲਵਈ ਗਿੱਧਾ ਟੀਮ ਦਾ ਸਨਮਾਨ ਕੀਤਾ। ਅਮਨਦੀਪ ਕੁਲਾਰ ਨੇ ਸਮਾਗਮ ਲਈ ਵਿਸ਼ੇਸ਼ ਸਹਿਯੋਗ ਦੇਣ ਲਈ ਅਮਰੀਕਪਾਲ ਸਿੰਘ ਦਾ ਉਚੇਚਾ ਧੰਨਵਾਦ ਕੀਤਾ। ਇਸ ਮੌਕੇ ਸਟੇਜ ਪੇਸ਼ਕਾਰੀ ਲਈ ਟੀਮਾਂ ਦੇ ਪ੍ਰਬੰਧਨ ਵਿੱਚ ਬਲਰਾਜ ਸੋਹੀ, ਜਿਗਰਦੀਪ ਢਿੱਲੋਂ ਤੇ ਇੰਦਰ ਵਿਰਕ ਨੇ ਵੀ ਸਹਿਯੋਗ ਦਿੱਤਾ।



ਮੁਕਾਬਲੇ ਦੇ ਜੱਜਾਂ- ਸੁਧਾਰ ਕਾਲਜ ਦੇ ਸਾਬਕਾ ਕੋਚ ਪ੍ਰਭਜੀਤ ਦਿਓਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਕੋਚ ਤੇ ਗਾਇਕ ਹਰਮਨ ਰਣਵਿਜੇ ਅਤੇ ਜੀ.ਐਨ.ਈ. ਕਾਲਜ ਲੁਧਿਆਣਾ ਦੇ ਕੋਚ ਰਹੇ ਅਕਾਸ਼ਦੀਪ ਆਸ਼ੀ ਬੁੱਟਰ ਨੇ ਆਪਣੇ ਜਜ਼ਬਾਤ ਸਾਂਝੇ ਕਰਦਿਆਂ 'ਭੰਗੜਾ ਰਾਈਮਜ਼' ਦੇ ਯਤਨਾਂ ਦੀ ਸ਼ਲਾਘਾ ਕੀਤੀ। ਇਸ ਤੋਂ ਇਲਾਵਾ ਭੰਗੜੇ ਦੇ ਕੋਚ ਹਰਦਿਲ ਸਿੰਘ, ਹਰਕਮਲ ਸਿੱਧੂ, ਅਰਮਾਨਜੀਤ ਸਿੱਧੂ, ਹਰਕੋਮਲ ਚਾਹਲ, ਹਰਦਿਲ ਸਿੰਘ ਤੇ ਪਰਮ ਧਾਲੀਵਾਲ ਕੈਨੇਡਾ ਤੋਂ ਵਿਸ਼ੇਸ਼ ਤੌਰ 'ਤੇ ਆਏ ਹੋਏ ਸਨ। ਸਮਾਗਮ ਦੇ ਅਖੀਰ ਵਿੱਚ ਜੱਜਾਂ, ਭੰਗੜਾ ਕੋਚ ਤੇ ਹੋਰਾਂ ਨੇ ਭੰਗੜਾ ਪੇਸ਼ ਕਰਕੇ ਕਾਲਜ ਦੇ ਦਿਨਾਂ ਦੀ ਯਾਦ ਤਾਜ਼ਾ ਕਰਵਾਈ।

ਲੋਕ ਨਾਚਾਂ ਦੀ ਛਹਿਬਰ ਨੂੰ ਸੁਰਾਂ ਦੀ ਛਹਿਬਰ ਬਣਾਉਂਦਿਆਂ ਸੁਖਪਾਲ ਗਿੱਲ ਨੇ ਇੱਕ ਗੀਤ ਪੇਸ਼ ਕੀਤਾ ਅਤੇ 'ਹੀਰ' ਦੇ ਕੁਝ ਬੰਦ ਸੁਣਾਏ। ਸ਼ਿਕਾਗੋ ਦੀ 'ਸੁਖਨਵਰ' ਸੰਸਥਾ ਦੇ ਨੁਮਾਇੰਦੇ ਤੇ ਪਾਕਿਸਤਾਨੀ ਮੂਲ ਦੇ ਸ਼ਾਇਰ ਜਨਾਬ ਆਬਿਦ ਰਸ਼ੀਦ ਨੇ ਚੜ੍ਹਦੇ ਤੇ ਲਹਿੰਦੇ ਪੰਜਾਬ ਦੀ ਸਾਂਝ ਦਾ ਜ਼ਿਕਰ ਕੀਤਾ ਅਤੇ ਆਪਣੀ ਇੱਕ ਕਵਿਤਾ ਪੜ੍ਹੀ।

ਮੰਚ ਸੰਚਾਲਕ ਗੁਰਮੁਖ ਸਿੰਘ ਭੁੱਲਰ ਨੇ ਦੱਸਿਆ ਕਿ ਨਿਰੋਲ ਲੋਕ ਨਾਚ ਸੰਸਥਾ- ਭੰਗੜਾ ਰਾਈਮਜ਼ ਸ਼ਿਕਾਗੋ ਦੀ ਸ਼ੁਰੂਆਤ ਅਮਨਦੀਪ ਸਿੰਘ ਕੁਲਾਰ ਨੇ ਸਾਲ 2021 'ਚ ਕੀਤੀ ਸੀ। ਅਮਨਦੀਪ ਪੰਜਾਬੀ ਲੋਕ ਨਾਚਾਂ ਨੂੰ ਪੂਰੀ ਤਰ੍ਹਾਂ ਸਮਰਪਿਤ ਹੈ ਅਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਯੂਥ ਫੈਸਟੀਵਲ, ਜੋਨ ਤੇ ਇੰਟਰ ਜੋਨ ਜਿੱਤ ਚੁਕਾ ਹੈ। ਮੰਚ ਸੰਚਾਲਕ ਨੇ ਸ਼ੇਅਰੋ-ਸ਼ਾਇਰੀ ਨਾਲ ਮੰਚ ਦੀ ਵਾਗਡੋਰ ਸੰਭਾਲੀ ਰੱਖੀ। ਹਰ ਟੀਮ ਦੀ ਪੇਸ਼ਕਾਰੀ ਤੋਂ ਪਹਿਲਾਂ ਉਹ ਟੀਮ ਨਾਲ ਤੁਆਰਫ ਕਰਵਾਉਂਦੇ ਅਤੇ ਫਿਰ ਸ਼ਾਇਰੀ 'ਚ ਭਿੱਜੇ ਬੋਲਾਂ ਰਾਹੀਂ ਕਾਰਵਾਈ ਅਗਾਂਹ ਤੋਰ ਦਿੰਦੇ। ਪੇਸ਼ ਹਨ, ਕੁਝ ਸ਼ੇਅਰਾਂ ਦੀਆਂ ਸਤਰਾਂ,

ਭਲਾ ਸਰਬੱਤ ਦਾ ਹੈ ਕੌਮ ਜਿਹੜੀ ਮੰਗਦੀ
ਉਹਦੇ ਵਿੱਚ ਤੁਸੀਂ ਜੰਮੇ ਜਾਏ ਹੋ ਪੰਜਾਬੀਓ,
ਦਿਲਾਂ ਦੀ ਫਕੀਰੀ ਤੁਹਾਨੂੰ ਮਿਲੀ ਬਾਬੇ ਨਾਨਕ ਤੋਂ
ਤੁਸੀਂ ਉਸੇ ਹੀ ਸਕੂਲ ਦੇ ਪੜ੍ਹਾਏ ਹੋ ਪੰਜਾਬੀਓ,
ਪੁੱਤਰਾਂ ਦਾ ਦਾਨੀ ਜਿਹਦੀ ਮਿਲੇ ਨਾ ਮਿਸਾਲ ਕਿਤੇ
ਤੁਸੀਂ ਉਹਦੇ ਹੱਥੀਂ ਬੂਟੇ ਲਾਏ ਹੋ ਪੰਜਾਬੀਓ।

---

ਸਾਨੂੰ ਪਰਦੇਸੀਆਂ ਨੂੰ ਹੀ ਆਉਂਦੈ ਹੁਣ ਹੇਜ ਪੰਜਾਬੀ ਦਾ
ਵਿੱਚ ਪੰਜਾਬ ਦੇ ਰਿਹਾ ਨਹੀਂ ਬਹੁਤਾ ਕਰੇਜ ਪੰਜਾਬੀ ਦਾ
ਬੱਚਿਆਂ ਨੂੰ ਉੱਥੇ ਇੰਗਲਿਸ਼ ਸਬਜੈਕਟ ਪੜ੍ਹਾਉਂਦੇ ਨੇ
ਹਿੰਦੀ ਬਣੀ ਸਟੇਟਸ ਅਤੇ ਪਰਹੇਜ਼ ਪੰਜਾਬੀ ਦਾ।

---

ਜੇ ਸ਼ੀਸ਼ਾ ਨਾਮ ਦੀ ਚੀਜ਼ ਨਾ ਹੁੰਦੀ
ਮੂੰਹ ਸਵਾਰਨ ਦੀ ਕੋਈ ਵੀ ਰੀਝ ਨਾ ਹੁੰਦੀ,
ਖੂਬਸੂਰਤੀ ਦੇ ਵੀ ਅਲੱਗ ਪੈਮਾਨੇ ਹੋਣੇ ਸੀ
ਲੋਕ ਸ਼ਕਲਾਂ ਦੇ ਨਹੀਂ ਰੂਹਾਂ ਦੇ ਦੀਵਾਨੇ ਹੋਣੇ ਸੀ।

ਭੰਗੜਾ ਕੋਚ ਅਮਨਦੀਪ ਸਿੰਘ ਕੁਲਾਰ ਨੇ ਹਾਜ਼ਰੀਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਮੁਕਾਬਲਿਆਂ ਦਾ ਸਾਰਾ ਜ਼ੋਰ ਲੋਕ ਨਾਚਾਂ ਦੀ ਪੇਸ਼ਕਾਰੀ 'ਤੇ ਲਾਇਆ ਗਿਆ ਹੈ। ਪ੍ਰੋਗਰਾਮ ਦਾ ਮਕਸਦ ਬੱਚਿਆਂ ਨੂੰ ਤਰਾਸ਼ਣਾ ਅਤੇ ਅਸਲ ਭੰਗੜੇ ਤੋਂ ਜਾਣੂੰ ਕਰਵਾਉਣਾ ਹੈ। ਅਮਨਦੀਪ ਨੇ ਭੰਗੜੇ ਦੇ ਇਤਿਹਾਸ ਬਾਰੇ ਸੰਖੇਪ ਜਾਣਕਾਰੀ ਦੇਣ ਤੋਂ ਇਲਾਵਾ ਦੱਸਿਆ ਕਿ ਸੰਸਥਾ ਦਾ ਮੁੱਖ ਮੰਤਵ ਬਾਹਰਲੇ ਮੁਲਕ 'ਚ ਜੰਮੇ ਬੱਚਿਆਂ ਨੂੰ ਆਪਣੇ ਅਮੀਰ ਸੱਭਿਆਚਾਰ ਤੇ ਲੋਕ ਨਾਚ ਨਾਲ ਜੋੜਨਾ ਹੈ। ਉਸ ਨੇ ਕਿਹਾ ਕਿ ਸਾਨੂੰ ਲੋੜ ਹੈ ਆਪਣੇ ਅਸਲੀ ਨਾਚਾਂ ਨੂੰ ਸਮਝਣ ਤੇ ਸਿੱਖਣ ਦੀ। ਉਸ ਦਾ ਦਾਅਵਾ ਹੈ ਕਿ ਆਪਣੇ ਅਸਲੀ ਪੰਜਾਬੀ ਸੱਭਿਆਚਾਰ ਤੇ ਨਾਚਾਂ ਨੂੰ ਲੋਕਾਂ ਤੱਕ ਲੈ ਕੇ ਆਉਣਾ ਹੀ ਭੰਗੜਾ ਰਾਈਮਜ਼ ਦਾ ਮੁੱਖ ਮੰਤਵ ਹੈ। ਉਸ ਨੇ ਆਸ ਪ੍ਰਗਟਾਈ ਕਿ ਭਵਿੱਖ ਵਿੱਚ ਉਹ ਹੋਰ ਵੀ ਵਧੀਆ ਟੀਮਾਂ ਲੈ ਕੇ ਭਾਈਚਾਰੇ ਦੇ ਰੂਬਰੂ ਹੋਵੇਗਾ। ਅਮਨਦੀਪ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਟੀਮਾਂ ਦੀ ਮੰਚ ਉਤੇ ਪੇਸ਼ਕਾਰੀ ਦੌਰਾਨ ਚੱਲਣ ਵਾਲੇ ਗੀਤਾਂ ਦੀ ਵੀ ਵਿਸ਼ੇਸ਼ ਚੋਣ ਕੀਤੀ ਗਈ। ਟੀਮਾਂ ਦੀ ਵਰਦੀ ਤੋਂ ਲੈ ਕੇ ਨਾਂਵਾਂ ਤੱਕ ਖਾਸ ਖਿਆਲ ਰੱਖਿਆ ਗਿਆ ਹੈ।





ਵਰਦੀਆਂ ਵਿੱਚ ਬੱਚੇ ਤੇ ਵੱਡੇ ਖੂਬ ਜਚ ਰਹੇ ਸਨ। ਮੁੰਡਿਆਂ ਦੀ ਵਰਦੀ 'ਚ ਕੁੜਤਾ, ਚਾਦਰਾ, ਪੱਗ, ਕੈਂਠਾ, ਤਵੀਤੜੀ, ਫੁੰਮਣ ਸ਼ਿੰਗਾਰ ਸਨ; ਜਦਕਿ ਕੁੜੀਆਂ ਦੀਆਂ ਵਰਦੀਆਂ ਦੀ ਖਿੱਚ ਵੀ ਵਿਸ਼ੇਸ਼ ਸੀ- ਕੁੜਤੀ, ਸਲਵਾਰ, ਟਿੱਕਾ, ਪਿੱਪਲ ਪੱਤੀਆਂ ਨੇ ਮੁਟਿਆਰਾਂ ਦੇ ਰੂਪ ਨੂੰ ਚਾਰ ਚੰਨ ਲਾਏ। ਇਸ ਮੌਕੇ ਪਹੁੰਚੀਆਂ ਕੁਝ ਬੀਬੀਆਂ ਨੇ ਬੱਚਿਆਂ ਦੀਆਂ ਵਰਦੀਆਂ ਦੀ ਉਚੇਚੀ ਤਾਰੀਫ ਵੀ ਕੀਤੀ।


ਇਸ ਮੌਕੇ ਹੋਰਨਾਂ ਤੋਂ ਇਲਾਵਾ ਸੋਨੀ ਜੱਜ, ਕਮਲਜੀਤ ਸਿੰਘ ਘੁਮਾਣ, ਹਰਵੀਰ ਸਿੰਘ ਵਿਰਕ, ਪੀਟ ਦਿਓਲ, ਬਿਕਰਮ ਚੌਹਾਨ, ਸੁਰਿੰਦਰ ਸਿੰਘ ਸੰਘਾ, ਬਲਜੀਤ ਟਿਵਾਣਾ, ਹਰਪ੍ਰੀਤ ਗਿੱਲ, ਯਾਦਵਿੰਦਰ ਗਿੱਲ, ਜਗਦੀਪ ਬਰਿਆਣਾ, ਮਨਦੀਪ ਨਿੱਜਰ, ਰਿਐਲਟਰ ਪ੍ਰਦੀਪ ਕਾਹਲੋਂ, ਰਿਐਲਟਰ ਕੁਲਜੀਤ ਸਿੰਘ, ਰਿਐਲਟਰ ਧਨਵੰਤ (ਡੈਨੀ) ਸਿੰਘ, ਗੁਰਲਾਭ ਸਿੰਘ, ਜਸਪਾਲ ਮਾਹਿਲਪੁਰੀਆ, ਅਵਤਾਰ ਸਿੰਘ ਔਲਖ, ਸਰਵਣ ਸਿੰਘ ਰਾਜੂ, ਜਸਪਾਲ ਸਿੰਘ ਕਲੇਰ, ਰਣਜੋਧ ਸਿੰਘ ਅਤੇ ਨਾਜ਼ਰ ਸਿੰਘ ਗਿੱਲ ਵਾਕੀਗਨ ਵੀ ਪਹੁੰਚੇ ਹੋਏ ਸਨ। ਇਸ ਤੋਂ ਇਲਾਵਾ ਮਿਲਵਾਕੀ ਤੋਂ ਜਸਵੰਤ ਸਿੰਘ, ਸਨੀ ਬਰਾੜ, ਦਿਲਜੀਤ ਬਰਾੜ, ਹਰਜਿੰਦਰ ਸਿੰਘ ਚਾਹਲ ਅਤੇ ਢਿੱਲੋਂ, ਹੰਸੀ, ਮਾਹਲ, ਗਿੱਲ, ਕਾਲੀਰਾਏ, ਸਿੱਧੂ, ਰੰਧਾਵਾ, ਚਾਹਲ ਤੇ ਗਰੇਵਾਲ ਪਰਿਵਾਰ ਵੀ ਪਹੁੰਚੇ ਹੋਏ ਸਨ।

⇒ ***ਹੋਰ ਤਸਵੀਰਾਂ ਅਗਲੇ ਸਫੇ ਉਤੇ ਦੇਖੋ***

# ਤਸਵੀਰਾਂ ਬੋਲਦੀਆਂ: 'ਭੰਗੜਾ ਰਾਈਮਜ਼ ਸ਼ਿਕਾਗੋ' ਦੀ 'ਵਿਰਸਾ ਨਾਈਟ-2024'







*ਸਮਾਗਮ ਨੂੰ ਕਾਮਯਾਬ ਕਰਨ ਲਈ ਸਭ ਦਾ ਬਹੁਤ ਬਹੁਤ ਧੰਨਵਾਦ। -ਅਮਨਦੀਪ ਸਿੰਘ ਕੁਲਾਰ*
























Sponsored Page

# ਮੁੜ ਆਵਣਗੇ ਉਹ ਨੀਂਦ ਦੇ ਹੁਲਾਰੇ

## ਜੁਗ ਜੁਗ ਜੀਓ... (10)

ਡਾ. ਹਰਬੰਸ ਕੌਰ ਦਿਓਲ

"ਦੀਦੀ, ਚੱਕ'ਤੇ ਫੱਟੇ।"

"ਅੱਛਾ! ਅਸੀਂ ਵੀ ਸੁਣੀਏ, ਕੀ ਮੱਲ ਮਾਰੀ ਐ।"

"ਆਪਾਂ ਨੇ ਇਮਤਿਹਾਨ ਵੀ ਪਾਸ ਕਰ ਲਿਆ ਅਤੇ ਨੌਕਰੀ ਵੀ ਪੱਕੀ।"

"ਅੱਛਾ! ਵਧਾਈਆਂ ਬਈ, ਫਿਰ ਪਾਰਟੀ ਕਦੋਂ ਹੋ ਰਹੀ ਐ।"

"ਜ਼ਰੂਰ, ਜਿੱਥੇ ਅਤੇ ਜਦੋਂ ਕਹੋਗੇ। ਕਿਉਂ ਨਾ ਆਪਾਂ ਟੌਪ ਦੇ ਰੈਸਟੋਰੈਂਟ ਜਾਣ ਦੀ ਤਿਆਰੀ ਕਰੀਏ। ਪਾਰਟੀ ਮੈਂ ਦਿਆਂਗੀ, ਸਾਰਾ ਬੰਦੋਬਸਤ, ਮੈਨਯੂ (menu) ਤੇ ਰਾਈਡ ਵਗੈਰਾ ਵੀ। ਤੁਸੀਂ ਬੱਸ ਜਾਣੈ, ਆਪਣਾ ਪਲਾਸਟਿਕ ਲੈ ਚੱਲਣਾ ਨਾਲ।"

"ਉਹ ਕਿਉਂ?"

"ਜ਼ਰੂਰਤ ਪਏਗੀ ਰੈਸਟੋਰੈਂਟ 'ਤੇ।"

"ਪਾਸ ਤੂੰ ਹੋਈ ਏਂ, ਨੌਕਰੀ ਤੈਨੂੰ ਮਿਲੀ ਏ, ਪਾਰਟੀ ਤੂੰ ਦੇ ਰਹੀ ਹੈਂ। ਪੇਅ (pay) ਮੈਂ ਕਰਾਂ?"

"ਤੁਸੀਂ ਮੇਰੇ ਦੀਦੀ ਹੋ, ਖੁਸ਼ ਵੀ ਬਹੁਤ ਹੋ। ਮੇਰੇ ਲਈ ਕੁਝ ਵੀ ਕਰ ਸਕਦੇ ਹੋ ਅਤੇ ਇਹ ਵੀ ਓਹਦੇ ਵਿੱਚ ਈ ਆ ਜਾਂਦੈ।"


"ਇਹ ਕਾਹਦੀ ਘੁਸਰ-ਮੁਸਰ ਹੋ ਰਹੀ ਐ?" ਚਾਚੀ ਨੇ ਅੰਦਰੋਂ ਬਾਹਰ ਨਿਕਲਦਿਆਂ ਕਿਹਾ।

"ਚਾਚੀ ਜੀ, ਪ੍ਰੀਤ ਪਾਸ ਹੋਣ ਦੀ ਅਤੇ ਨੌਕਰੀ ਲੱਗਣ ਦੀ ਪਾਰਟੀ ਦੇ ਰਹੀ ਏ, ਪਰ ਕਹਿੰਦੀ ਏ ਪੈਸੇ ਮੈਂ ਦੇਵਾਂ!"

"ਸੁੱਖੀ ਸਾਂਦੀ ਧੀਏ ਤੂੰ ਕਿਉਂ ਖਰਚਾ ਕਰਨੈ, ਮੈਂ ਜੋ ਹੈਗੀ ਅਤੇ ਮੇਰੇ ਕੋਲ ਇਸ ਦੇ ਪੈਸੇ ਪਏ ਹਨ। ਆਪਾਂ ਤਾਂ ਓਹਦੇ ਵਿੱਚੋਂ ਹੀ ਖਰਚਾ ਕੱਢ ਲੈਣਾ।" ਚਾਚੀ ਨੇ ਸੱਜੀ ਅੱਖ ਦੱਬਦੇ ਹੋਏ ਕਿਹਾ।

"ਓ ਨੋ! ਇਹ ਨਹੀਂ ਹੋ ਸਕਦਾ। ਮੈਂ ਉਸ ਦੀਆਂ ਕੁਝ ਜ਼ਰੂਰੀ ਚੀਜ਼ਾਂ ਖਰੀਦਣੀਆਂ ਹਨ।" ਪ੍ਰੀਤ ਨੇ ਰੋਣਹਾਕੀ ਹੋ ਕੇ ਕਿਹਾ।

"ਰੋਣੀ ਸੂਰਤ ਐ, ਮੈਂ ਤਾਂ ਤੈਨੂੰ ਪਰਤਿਆ ਰਹੀ ਸੀ। ਇਸ ਆਉਂਦੇ ਸ਼ਨੀ ਨੂੰ ਘਰ ਦੀ ਪਾਲਟੀ (ਪਾਰਟੀ) ਕਰਾਂਗੇ। ਮੈਂ ਤਿਆਰੀ ਕਰ ਰਹੀ ਆਂ, ਦੋਹਾਂ 'ਚੋਂ ਕਿਸੇ ਨੂੰ ਪੈਸੇ ਨਹੀਂ ਦੇਣੇ ਪੈਣੇ। ਤੂੰ ਅਰਾਮ ਨਾਲ ਰਾਤ ਨੂੰ ਬੇਫਿਕਰ ਹੋ ਕੇ ਸੌਂ ਜੀਂ।"



"ਮੇਰੀ ਪਿਆਰੀ ਚਾਚੀ, ਯੂ ਆਰ ਗਰੇਟ। ਸ਼ੁਕਰੀਆ ਬਹੁਤ ਬਹੁਤ।" ਪ੍ਰੀਤ ਨੇ ਚਾਚੀ ਨੂੰ ਗਲਵੱਕੜੀ ਪਾਉਂਦਿਆਂ ਕਿਹਾ।

"ਦੀਦੀ, ਮੈਨੂੰ ਸੌਣ ਦੀ ਗੱਲ ਤੋਂ ਯਾਦ ਆਇਆ, ਕਿਉਂ ਨਾ ਆਪਾਂ ਨੀਂਦ ਦੇ ਮਸਲੇ 'ਤੇ ਅੱਜ ਅੱਗੇ ਗੱਲ ਤੋਰੀਏ। ਤੁਹਾਡੇ ਕਹਿਣ ਮੁਤਾਬਕ ਨੀਂਦ ਆਪਣੀ ਦਿਮਾਗ ਅਤੇ ਸਰੀਰਕ ਤੰਦਰੁਸਤੀ ਨੂੰ ਕਾਇਮ ਰੱਖਣ ਲਈ ਲਾਜ਼ਮੀ ਹੈ। ਇਉਂ ਲੱਗਦੈ, ਇਸ ਦੀ ਘਾਟ ਸਿਹਤ ਦੇ ਚਾਰੇ ਥੰਮਾਂ ਵਿੱਚੋਂ ਜ਼ਿਆਦਾ ਅਤੇ ਜਲਦੀ ਨੁਕਸਾਨਦਾਇਕ ਹੈ। ਹੈਰਾਨੀ ਦੀ ਗੱਲ ਹੈ ਕਿ 1-2 ਰਾਤਾਂ ਦੇ ਉਨੀਂਦਰੇ ਨਾਲ ਹੀ ਆਪਣੇ ਨਜ਼ਾਰੇ ਦਿਖਾ ਦਿੰਦੀ ਏ।

ਦੀਦੀ, ਕਿਵੇਂ ਪਤਾ ਲੱਗਾ ਕਿ ਤੁਹਾਨੂੰ ਹੋਰ ਜ਼ਿਆਦਾ ਨੀਂਦ ਦੀ ਜ਼ਰੂਰਤ ਹੈ?"

"ਕੁੱਝ ਸਿੱਧੀਆਂ ਜਿਹੀਆਂ ਗੱਲਾਂ ਹਨ, ਜਿਵੇਂ:

-ਜੇ ਤੁਹਾਨੂੰ ਸਵੇਰੇ ਉੱਠਣ ਲਈ ਅਲਾਰਮ ਦੀ ਜ਼ਰੂਰਤ ਪੈਂਦੀ ਹੈ।

-ਜੇ ਸਵੇਰੇ ਮੰਜੇ 'ਚੋਂ ਬਾਹਰ ਨਿਕਲਣਾ ਮੁਸ਼ਕਿਲ ਲੱਗਦੈ।

-ਤੁਹਾਨੂੰ ਅਗਲੇ ਦਿਨ ਅੱਖਾਂ ਖੁੱਲ੍ਹੀਆਂ ਰੱਖਣ ਲਈ ਸਟਿਮੂਲੈਂਟ ਦੀ ਕੌਫੀ ਜਾਂ ਚਾਹ ਲੈਣ ਦੀ ਜ਼ਰੂਰਤ ਪੈਂਦੀ ਏ।

-ਤੁਹਾਨੂੰ ਲੋਕ ਦੱਸਦੇ ਹਨ ਕਿ ਤੁਸੀਂ ਥੱਕੇ ਥੱਕੇ ਲੱਗਦੇ ਹੋ।

-ਤੁਸੀਂ ਚਿੜਚਿੜੇ (grumpy, irritable) ਰਹਿੰਦੇ ਹੋ।

ਹੋਰ ਅਸਰ ਜਿਵੇਂ: ਸਹਿਣਸ਼ੀਲਤਾ ਅਤੇ ਦਯਾ ਕਰਨ ਦੀ ਸ਼ਕਤੀ ਦਾ ਘਟਣਾ; ਮਾੜੇ ਨਿਰਣੇ ਕਰਨ (poor judgment), ਉਲਝਣ, ਥਕਾਵਟ, ਪੇਟ ਦੀ ਚਰਬੀ ਦਾ ਵਧਣਾ, ਇਨਸੁਲਿਨ ਰਜਿਸਟੈਂਸ, ਸ਼ੂਗਰ ਦੀ ਬਿਮਾਰੀ ਅਤੇ ਵਜ਼ਨ ਵਧ ਜਾਂਦੈ।

ਇੱਥੋਂ ਤੱਕ ਕਿ ਪਿਛਲਾ ਹਿੱਸਾ ਜੀਭ ਦਾ ਵੀ ਚਰਬੀ ਕਰਕੇ ਮੋਟਾ ਹੋ ਜਾਂਦੈ, ਜਿਸ ਕਰਕੇ ਘੁਰਾੜਿਆਂ ਅਤੇ ਸਲੀਪ ਐਪਨੀਆ (sleep apnea) ਹੋਣ ਦਾ ਮੌਕਾ ਵਧ ਜਾਂਦੈ।"

"ਵਾਓ! ਇੱਕ ਹੋਰ ਗੱਲ ਦੱਸੋ। ਜੇ ਪਹਿਲੀ ਰਾਤ ਦੇ ਹਿੱਸੇ ਦੀ ਨੀਂਦ ਜਾਂ ਪਿਛਲੇ ਹਿੱਸੇ ਯਾਨਿ ਸਵੇਰੇ ਦੀ ਨੀਂਦ ਮਿਸ ਹੋ ਜਾਵੇ, ਦੋਹਾਂ ਵਿੱਚੋਂ ਕਿਹੜੀ ਜ਼ਿਆਦਾ ਨੁਕਸਾਨ ਕਰਦੀ ਹੈ?"

"ਦੋਵੇਂ ਹੀ ਨੁਕਸਾਨਦਾਇਕ ਹਨ। ਪਹਿਲੇ ਹਿੱਸੇ ਦੀ ਨੀਂਦ ਵੇਲੇ ਵਿਕਾਸ ਹਾਰਮੋਨ (growth hormone) ਦੀ ਉਤਪਤੀ ਹੁੰਦੀ ਏ, ਉਸ ਦੀ ਮਿਕਦਾਰ ਉਨੀਂਦਰੇ ਦੁਆਰੇ ਘਟਣ ਕਰਕੇ ਪੱਠਿਆਂ ਦੀ ਕਮਜ਼ੋਰੀ ਹੋ ਜਾਂਦੀ ਏ ਅਤੇ ਥਕਾਵਟ ਮਹਿਸੂਸ ਹੁੰਦੀ ਏ। ਸਵੇਰੇ ਦਾ ਉਨੀਂਦਰਾ ਯਾਦਦਾਸ਼ਤ ਅਤੇ ਜਜ਼ਬਾਤ (emotions) 'ਤੇ ਅਸਰ ਪਾਉਂਦਾ ਹੈ। ਇੱਕ ਰਾਤ ਦੇ ਉਨੀਂਦਰੇ ਦਾ ਅਸਰ ਅਗਲੀ ਰਾਤ ਜਾਂ ਵੀਕ ਐਂਡ 'ਤੇ ਜ਼ਿਆਦਾ ਸੌਣ ਨਾਲ ਮੁਆਵਜ਼ਾ (ਘਾਟਾ) ਪੂਰਾ ਨਹੀਂ ਹੁੰਦਾ। ਬੱਚਿਆਂ ਵਿੱਚ ਉਨੀਂਦਰੇ ਕਰਕੇ ਉਦਾਸੀ (depression), ਘੱਟ ਗਰੇਡਜ਼ (poor education) ਅਤੇ ਆਤਮ ਹੱਤਿਆ ਦੀ ਗਿਣਤੀ ਵਧ ਜਾਂਦੀ ਹੈ। ਸਾਰੇ ਹੀ ਦਿਮਾਗੀ ਬਿਮਾਰੀਆਂ ਦੇ ਮਰੀਜ਼ਾਂ ਨੂੰ ਉਨੀਂਦਰੇ ਦੀ ਬਿਮਾਰੀ ਵੀ ਹੁੰਦੀ ਹੈ। ਬੱਚਿਆਂ ਉਤੇ ਉਨੀਂਦਰੇ ਦਾ ਅਸਰ ਬਹੁਤ ਗੰਭੀਰ ਹੋ ਸਕਦਾ ਏ। ਮਾਪਿਆਂ ਵੱਲੋਂ ਬੱਚਿਆਂ ਦੀ ਨੀਂਦ ਵੱਲ ਬਹੁਤ ਧਿਆਨ ਦੇਣ ਦੀ ਜ਼ਰੂਰਤ ਹੈ।"

"ਦੀਦੀ, ਤੁਸੀਂ ਕੀ ਕਿਹਾ ਸੀ ਬੱਚਿਆਂ 'ਤੇ ਰੌਸ਼ਨੀ ਦੇ ਅਸਰ ਬਾਰੇ?"

"ਬੱਚੇ ਰੌਸ਼ਨੀ ਨੂੰ ਬਹੁਤ ਸੰਵੇਦਨਸ਼ੀਲ ਹੁੰਦੇ ਹਨ, ਖਾਸ ਤੌਰ 'ਤੇ ਨੀਲੀ ਰੌਸ਼ਨੀ (blue light)। ਵੱਖਰੇ ਵੱਖਰੇ ਡਿਜੀਟਲ ਤੰਤਰਾਂ ਤੋਂ ਜਿਵੇਂ ਸਮਾਰਟ ਫੋਨ, ਟੀ.ਵੀ., ਐੱਲ.ਡੀ. ਲਾਈਟ ਅਤੇ Fluorescent ਲਾਈਟ, ਕੰਪਿਊਟਰ ਵਗੈਰਾ। ਇਸ ਲਈ ਬਲੂ ਲਾਈਟ ਸਕਰੀਨ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਬਾਹਰ UV ਲਾਈਟ ਬਲੌਕ ਕਰਨ ਵਾਲੀਆਂ ਐਨਕਾਂ (sun glasses) ਦਾ ਇਸਤੇਮਾਲ ਵੀ ਕਰੋ। ਬਲੂ ਲਾਈਟ ਦੇ ਸਾਡੇ ਲਈ ਕੁਝ ਲਾਭ ਹਨ। ਇਹ ਯਾਦਦਾਸ਼ਤ, ਚੌਕਸੀ ਅਤੇ ਦਿਮਾਗ ਲਈ ਚੰਗੀ ਹੈ। ਇਸ ਦੇ ਨੁਕਸਾਨ ਜਿਵੇਂ ਉਨੀਂਦਰਾ, ਮੈਕੂਲਰ ਡੀਜਨਰੇਸ਼ਨ (macular degeneration), ਕੈਟਾਰੈਕਟ, ਅੱਖਾਂ ਦਾ ਕੈਂਸਰ ਹੋ ਸਕਦੇ ਨੇ।

ਜਦੋਂ ਕੰਪਿਊਟਰ 'ਤੇ ਕੰਮ ਕਰੋ ਤਾਂ 20-20-20 ਰੂਲ ਦਾ ਇਸਤੇਮਾਲ ਕਰੋ, ਆਪਣੀਆਂ ਅੱਖਾਂ ਬਚਾਉਣ ਲਈ। ਯਾਨਿ ਹਰ 20 ਕੁ ਮਿੰਟ ਬਾਅਦ 20 ਸਕਿੰਟ ਲਈ 20 ਫੁੱਟ ਦੀ ਦੂਰੀ 'ਤੇ ਆਪਣੀ ਨਜ਼ਰ ਲੈ ਜਾਵੋ, ਮਤਲਬ ਦੇਖੋ। ਬੱਚਿਆਂ ਦਾ ਸਕਰੀਨ ਵਕਤ ਘਟਾਉਣਾ ਬਹੁਤ ਜ਼ਰੂਰੀ ਹੈ, ਉਨ੍ਹਾਂ ਦੀ ਨੀਂਦ ਖਾਤਰ ਤੇ ਉਨ੍ਹਾਂ ਦੀਆਂ ਅੱਖਾਂ ਬਚਾਉਣ ਲਈ ਅਤੇ ਉਨ੍ਹਾਂ ਦੀ ਠੀਕ ਗਰੋਥ (growth) ਲਈ। ਬੱਚਿਆਂ ਲਈ ਬਾਹਰ ਦੀ ਰੌਸ਼ਨੀ ਵਿੱਚ ਘੱਟ ਤੋਂ ਘੱਟ ਦੋ ਘੰਟੇ ਲਈ ਰੋਜ਼ਾਨਾ ਜਾਣਾ ਬਹੁਤ ਜ਼ਰੂਰੀ ਹੈ। ਇਸ ਦੀ ਘਾਟ ਕਰਕੇ ਨਿਕਟ ਦ੍ਰਿਸ਼ਟੀ (myopia) ਅਤੇ ਅੱਖਾਂ ਦੀਆਂ ਹੋਰ ਬਿਮਾਰੀਆਂ ਵਧ ਰਹੀਆਂ ਹਨ।"

"ਦੀਦੀ, ਮਾਪਿਆਂ ਨੂੰ ਇਸ ਵੱਲ ਖਾਸ ਤਵੱਜੋ ਦੇਣੀ ਚਾਹੀਦੀ ਹੈ। ਜੀਹਦੇ ਨਾਲ ਗੱਲ ਕਰੋ, ਉਹ ਕਹਿੰਦਾ ਏ ਮੈਂ ਤਾਂ 5 ਘੰਟੇ ਜਾਂ 6 ਘੰਟੇ ਈ ਰਾਤ ਨੂੰ ਸੌਂਦਾ ਹਾਂ। ਕਈ ਲੋਕ ਤਾਂ ਇਸ ਦਾ ਮਾਣ ਕਰਦੇ ਨੇ। ਇਸ ਦੇ ਬਾਵਜੂਦ ਕਿ ਅੱਛੀ ਨੀਂਦ ਆਪਣੀ ਸਿਹਤ ਲਈ ਕਿੰਨੀ ਅਹਿਮੀਅਤ ਰੱਖਦੀ ਏ। ਲੱਗਦੈ ਕਿ ਉਨੀਂਦਰੇ ਦੀ ਮਹਾਂਮਾਰੀ (epidemic) ਚੱਲ ਰਹੀ ਹੈ।"


"ਪ੍ਰੀਤ, ਤੂੰ ਬਿਲਕੁਲ ਠੀਕ ਕਿਹੈ। ਇਹ ਵੱਡੀ ਬਦਕਿਸਮਤੀ ਦੀ ਗੱਲ ਹੈ ਕਿ ਲੋਕੀ ਅਹਿਸਾਸ ਨਹੀਂ ਕਰਦੇ ਕਿ ਅੱਛੀ ਨੀਂਦ ਕੁਸ਼ਲ ਸਮਰੱਥਾ ਲਈ ਕਿੰਨੀ ਜ਼ਰੂਰੀ ਹੈ ਅਤੇ ਨੀਂਦ ਦੇ ਦੌਰਾਨ ਆਪਣੀ ਤੰਦਰੁਸਤੀ ਲਈ ਕਿੰਨੀਆਂ ਮਹੱਤਵਪੂਰਨ ਤਬਦੀਲੀਆਂ ਹੁੰਦੀਆਂ ਨੇ।"

"ਦੀਦੀ, ਕਿਉਂ ਨਾ ਅੱਜ ਆਪਾਂ ਉਨੀਂਦਰੇ ਦੀ ਸਮੱਸਿਆ ਨੂੰ ਹੱਲ ਕਰਨ ਬਾਰੇ ਗੱਲ ਕਰੀਏ!"

"ਸਮਾਜ ਨੂੰ ਨੀਂਦ ਦੀ ਮਹੱਤਤਾ ਤੋਂ ਜਾਣੂ ਕਰਵਾਉਣ ਦੀ ਬਹੁਤ ਜ਼ਰੂਰਤ ਹੈ। ਆਮ ਤੌਰ 'ਤੇ ਸੌਣ ਨੂੰ ਆਲਸ, ਵਿਹਲੜਪਨ ਨਾਲ ਜੋੜਿਆ ਜਾਂਦੈ। ਸਮਝਿਆ ਜਾਂਦੈ ਕਿ ਸਮੇਂ ਦੀ ਬਰਬਾਦੀ ਹੈ, ਜਦਕਿ ਨੀਂਦ ਨੂੰ ਤਰਜੀਹ (priority) ਦੇਣ ਦੀ ਜ਼ਰੂਰਤ ਹੈ। ਰਾਤ ਨੂੰ ਅੱਛੀ ਤਰ੍ਹਾਂ ਸੌਣ ਤੋਂ ਬਾਅਦ, ਦਿਨ ਵੇਲੇ ਦੀ ਉਤਪਾਦਕਤਾ ਇੰਨੀ ਵਧ ਜਾਂਦੀ ਹੈ ਕਿ ਰਾਤ ਨੂੰ ਦੇਰ ਤੱਕ ਜਾਗਣ ਦੀ ਜ਼ਰੂਰਤ ਘਟ ਜਾਵੇਗੀ। ਕੁਝ ਤਬਦੀਲੀਆਂ ਕਰਨ ਨਾਲ ਮਹਾਨ ਸੁਧਾਰ ਹੋ ਸਕਦੈ। ਮੈਂ ਕੁਝ ਸੁਝਾਅ ਪੇਸ਼ ਕਰ ਰਹੀ ਹਾਂ, ਦੇਖ ਲੈਣਾ ਤੁਹਾਡੇ ਲਈ ਕਿਹੜੇ ਕਿਹੜੇ ਲਾਗੂ ਹੋ ਸਕਦੇ ਨੇ, ਤੁਹਾਡੇ ਉਨੀਂਦਰੇ ਦੇ ਮਦਦ ਲਈ।"

"ਦੀਦੀ, ਆਪਾਂ ਖੁਰਾਕ ਤੋਂ ਸ਼ੁਰੂ ਕਰੀਏ?"

1. "ਜ਼ਰੂਰ। ਆਪਾਂ ਕੁਝ ਚੀਜ਼ਾਂ ਆਪਣੀ ਖੁਰਾਕ ਵਿੱਚ ਸ਼ਾਮਲ ਕਰੀਏ, ਖਾਸ ਤੌਰ 'ਤੇ ਸ਼ਾਮ ਵੇਲੇ। ਇਨ੍ਹਾਂ ਵਿੱਚ ਟਰਿਪਟੋਫੈਨ (tryptophan), ਜੋ ਮੈਲਾਟੋਨਿਨ ਬਣਾਉਣ ਵਿੱਚ ਮਦਦ ਕਰਦੀ ਏ, ਵਿਟਾਮਨ 'ਬੀ' ਅਤੇ ਮੈਗਨੀਸ਼ੀਅਮ ਕਰਕੇ ਇਹ ਖੁਰਾਕ ਮਦਦਗਾਰ ਸਾਬਤ ਹੋ ਸਕਦੀ ਹੈ। ਇਹ ਹਨ- ਗਰੀਕ ਯੋਗਰਟ, ਅੰਡੇ, ਬੀਜ (ਖਾਸ ਕਰ ਪੰਪਕਿਨ), ਨਟਜ਼ (ਬਦਾਮ ਅਤੇ ਅਖਰੋਟ), ਕੇਲੇ, ਕੀਵੀ, ਟਾਰਟ ਚੈਰੀ ਜੂਸ, ਕੈਮਾਮਿਲ ਚਾਹ, ਵਲੇਰੀਅਨ ਰੂਟ ਟੀ, ਗਰਮ ਦੁੱਧ ਦਾਲ ਚੀਨੀ ਪਾ ਕੇ, ਗੋਲਡ ਮਿਲਕ, ਹੱਮਸ (hummus) ਗਾਜਰਾਂ ਨਾਲ ਅਤੇ ਪੌਪ ਕੌਰਨ ਨਿਊਟਰੀਸ਼ਨਲ ਜੀਸਟ (nutritional yeast) ਨਾਲ।"



"ਦੀਦੀ, ਇਹ ਤਾਂ ਬਹੁਤ ਸੌਖਾ ਅਤੇ ਵਧੀਆ ਤਰੀਕਾ ਏ। ਸੁਆਦ ਦਾ ਸੁਆਦ, ਸਿਹਤ ਅਤੇ ਨੀਂਦ ਲਈ ਮਦਦਗਾਰ ਵੀ। ਵਾਹ ਬਈ ਵਾਹ! ਖੁਸ਼ ਕੀਤਾ ਈ। ਚਲੋ ਅੱਗੇ ਦੱਸੋ।"

2. "ਕਾਗਜ਼ 'ਤੇ ਲਿਖ ਲਵੋ। ਤੁਹਾਡੇ ਹਿਸਾਬ ਨਾਲ ਕੀ ਕਾਰਨ ਹੋ ਸਕਦੇ ਨੇ ਨਾ ਸੌਣ ਦੇ? ਜਿਵੇਂ ਕੋਈ ਤਣਾਅ ਵਾਲੀ ਗੱਲ, ਦਰਦ, ਕੋਈ ਬਿਮਾਰੀ ਵਗੈਰਾ। ਉਸ ਦਾ ਹੱਲ ਜਿੰਨੀ ਜਲਦੀ ਹੋ ਸਕੇ ਕਰੋ, ਆਪਣੇ ਆਪ ਜਾਂ ਕਿਸੇ ਦੀ ਮਦਦ ਨਾਲ। ਜੇ ਤੁਹਾਡੇ ਵੱਸ ਦਾ ਰੋਗ ਨਹੀਂ, ਰੱਬ ਦੀ ਰਜ਼ਾ ਮੰਨ ਕੇ ਦਿਲ ਨੂੰ ਸਮਝਾ ਲਵੋ ਅਤੇ ਬਾਕੀ ਦੇ ਸੁਝਾਵਾਂ ਵਿੱਚੋਂ ਹੋਰ ਤਰੀਕਾ ਅਪਨਾ ਕੇ ਦੇਖੋ।

3. ਰਾਤ ਨੂੰ ਸੌਣ ਦਾ ਵੇਲਾ ਅਤੇ ਸਵੇਰੇ ਜਾਗਣ ਦਾ ਵੇਲਾ ਨਿਰਧਾਰਤ ਕਰੋ। ਹਫਤੇ ਦੇ ਦੌਰਾਨ ਅਤੇ ਅੰਤ ਵਿੱਚ ਵੀ ਯਾਨਿ ਵੀਕਐਂਡ 'ਤੇ ਵੀ ਬਿਲਕੁਲ ਬਦਲੋ ਨਾ।

4. ਸ਼ਾਮ ਦਾ ਨਿਤਨੇਮ ਮੁਕੱਰਰ ਕਰ ਲਵੋ, ਜਿਸ ਤਰ੍ਹਾਂ ਬੱਚਿਆਂ ਲਈ ਕਰਦੇ ਹਾਂ। ਸੌਣ ਤੋਂ ਇੱਕ ਘੰਟਾ ਪਹਿਲਾਂ ਵਾਈਂਡ ਡਾਊਨ (wind down time) ਜਿਸ ਵੇਲੇ ਬਲੂ ਲਾਈਟ ਸਕਰੀਨ, ਤੇਜ਼ ਰੌਸ਼ਨੀ ਅਤੇ ਉਚੀਆਂ ਲਾਈਟਾਂ ਬੰਦ ਕਰ ਦੇਵੋ। ਅਰਾਮਦਾਇਕ, ਐਕਟਿਵਿਟੀ, ਸੰਗੀਤ ਜਾਂ ਕਿਤਾਬ ਪੜ੍ਹਨੀ, ਯੋਗਾ ਜਾਂ ਮੈਡੀਟੇਸ਼ਨ ਵਗੈਰਾ ਕਰੋ। ਵਿੱਤੀ (finance) ਸਮੱਸਿਆ ਵਗੈਰਾ ਦੀਆਂ ਗੱਲਾਂ ਨਾ ਕਰੋ।

5. ਸ਼ਾਮ ਦਾ ਖਾਣਾ ਸੌਣ ਤੋਂ ਤਕਰੀਬਨ 3 ਘੰਟੇ ਪਹਿਲਾਂ ਖਾਣਾ ਚਾਹੀਦਾ ਹੈ ਤਾਂ ਕੇ ਸੌਣ ਵੇਲੇ ਤੁਹਾਡੇ ਸਰੀਰ ਨੂੰ ਖਾਣਾ ਹਜ਼ਮ ਕਰਨ ਦਾ ਕੰਮ ਨਾ ਕਰਨਾ ਪਵੇ, ਜਿਹੜਾ ਸੌਣ ਵਿੱਚ ਦਖਲਅੰਦਾਜ਼ੀ ਕਰੇਗਾ। ਦੰਦ ਬਰਸ਼ ਕਰਕੇ ਬਾਕੀ ਦਾ ਖਾਣਾ ਸਮੇਟ ਕੇ ਰੱਖ ਦੇਵੋ, ਉਸ ਨਾਲ ਹੋਰ ਖਾਣ ਦੀ ਤਮੰਨਾ ਘਟ ਜਾਂਦੀ ਹੈ।

6. ਜੇ ਸੌਣ ਦੀ ਸਮੱਸਿਆ ਹੈ ਤਾਂ ਦਿਨ ਨੂੰ ਝਪਕੀ (nap) ਨਾ ਲਵੋ।

7. ਸ਼ਾਮ ਨੂੰ ਐਲਕੋਹਲ, ਕੈਫੀਨ ਅਤੇ ਸ਼ੂਗਰੀ ਖੁਰਾਕ ਦਾ ਇਸਤੇਮਾਲ ਕਰਨ ਨਾਲ ਨੀਂਦ ਖਰਾਬ ਹੁੰਦੀ ਏ।

8. ਸ਼ਾਮ ਨੂੰ ਗਰਮ ਪਾਣੀ ਨਾਲ ਨਾਹੁਣ ਨਾਲ ਨੀਂਦ ਚੰਗੀ ਆਉਂਦੀ ਏ।

9. ਐਕਸਰਸਾਈਜ਼ ਦਿਨ ਦੇ ਪਹਿਲੇ ਹਿੱਸੇ ਵਿੱਚ ਹੀ ਕਰੋ।

10. ਆਪਾਂ ਹਨੇਰੇ ਤੋਂ ਵਾਂਝੇ ਸਮਾਜ ਵਿੱਚ ਰਹਿੰਦੇ ਹਾਂ, ਆਰਟੀਫੀਸ਼ਿਲ ਰੌਸ਼ਨੀ ਬਹੁਤ ਜ਼ਿਆਦਾ ਹੈ ਰਾਤ ਨੂੰ ਵੀ, ਜਿਹੜੀ ਨੀਂਦ ਨੂੰ ਖਰਾਬ ਕਰਦੀ ਏ

-ਸੌਣ ਵੇਲੇ ਅੱਖਾਂ 'ਤੇ ਮਾਸਕ ਲਗਾਉਣ ਨਾਲ ਸੌਣ ਵਿੱਚ ਮਦਦ ਹੋ ਸਕਦੀ ਏ।

-ਸੌਣ ਵਾਲਾ ਕਮਰਾ ਅਤਿਅੰਤ ਹਨੇਰਾ ਅਤੇ ਸ਼ਾਂਤ ਹੋਣਾ ਚਾਹੀਦਾ ਹੈ। ਪਲਾਸਟਿਕ ਬਲੈਕ ਆਊਟ ਸ਼ੀਟ ਤਾਕੀਆਂ ਲਈ ਐਮਾਜ਼ਾਨ ਜਾਂ ਆਕੀਆ ਤੋਂ ਮਿਲ ਜਾਂਦੀਆਂ ਨੇ, ਵੈਲਕਰੋ ਨਾਲ ਇਸਤੇਮਾਲ ਕਰਨ ਵਾਲੀਆਂ- ਕਮਰਾ ਹਨੇਰਾ ਕਰਨ ਲਈ ਕਾਫੀ ਸਹਾਇਕ ਹਨ।

11. ਸੌਣ ਵਾਲੇ ਕਮਰੇ ਦਾ ਤਾਪਮਾਨ ਰਾਤ ਨੂੰ 65 ਡਿਗਰੀ ਫਾਰਨਹੀਟ ਦੇ ਕਰੀਬ ਰੱਖੋ, ਆਪਣੇ ਅਰਾਮ ਮੁਤਾਬਕ ਕਵਰ ਲੈ ਸਕਦੇ ਹੋ।

12. ਸੌਣ ਵਾਲਾ ਕਮਰਾ ਸੌਣ ਲਈ ਹੀ ਇਸਤੇਮਾਲ ਕਰੋ, ਸਮਾਰਟ ਫੋਨ, ਕੰਪਿਊਟਰ ਜਾਂ ਟੈਬਲੈਟ ਵਗੈਰਾ ਲਈ ਨਹੀਂ। ਜੇ ਰਾਤ ਨੂੰ ਜਾਗ ਆ ਜਾਂਦੀ ਹੈ ਅਤੇ ਉਸ ਤੋਂ ਬਾਅਦ 20-25 ਮਿੰਟ ਤੱਕ ਨੀਂਦ ਨਹੀਂ ਆਉਂਦੀ, ਉਠ ਕੇ ਕਮਰੇ ਦੇ ਬਾਹਰ ਆ ਕੇ ਕਝ ਰੀਲੈਕਸਿੰਗ ਪੜ੍ਹਨਾ ਸ਼ੁਰੂ ਕਰੋ, ਨੀਂਦ ਆਉਣ 'ਤੇ ਹੀ ਵਾਪਸ ਕਮਰੇ ਵਿੱਚ ਜਾਵੋ। ਇਸ ਨਾਲ ਦਿਮਾਗ ਨੂੰ ਸਿਗਨਲ ਜਾਂਦੈ ਕਿ ਬੈਡ ਰੂਮ ਸੌਣ ਲਈ ਹੈ।"

"ਦੀਦੀ, ਤੁਸੀਂ ਦੱਸਿਆ ਸੀ ਕਿ ਸਾਹ ਲੈਣ ਦੇ ਕੁਝ ਤਰੀਕੇ ਵੀ ਸੌਣ ਵਿੱਚ ਮਦਦ ਕਰਦੇ ਹਨ। ਤੁਸੀਂ ਦੁਬਾਰਾ ਦੱਸੋਗੇ!"

13. "ਪ੍ਰੀਤ, ਬਹੁਤ ਵਾਰੀ ਜਦੋਂ ਤੁਸੀਂ ਸੌਂ ਨਹੀਂ ਸਕਦੇ ਜਾਂ ਤੁਹਾਡੀ ਨੀਂਦ ਜਲਦੀ ਸਵੇਰੇ ਖੁੱਲ੍ਹ ਜਾਂਦੀ ਹੈ, ਆਮ ਤੌਰ 'ਤੇ ਤੁਹਾਨੂੰ ਕਿਸੇ ਕਿਸਮ ਦਾ ਫਿਕਰ ਜਾਂ ਤਣਾਅ ਹੁੰਦਾ ਹੈ। ਇਸ ਲਈ ਸੌਣ ਤੋਂ ਪਹਿਲਾਂ ਸ਼ਾਂਤ (relax) ਹੋਣਾ ਅਤਿ ਜ਼ਰੂਰੀ ਹੈ। ਕਈ ਤਰ੍ਹਾਂ ਦੇ ਸਾਹ ਲੈਣ ਦੇ ਤਰੀਕੇ ਹਨ। ਸਾਰੇ ਹੀ ਬਹੁਤ ਲਾਭਦਾਇਕ ਅਤੇ ਸੌਖੇ ਹਨ। ਬੁਨਿਆਦੀ ਪ੍ਰਿੰਸੀਪਲ ਇੱਕੋ ਜਿਹੇ ਹਨ

-ਸਾਹ ਹੌਲੀ ਹੌਲੀ ਨੱਕ ਰਾਹੀਂ ਅੰਦਰ ਲੈ ਜਾਣੈ ਅਤੇ ਹੌਲੀ ਹੌਲੀ ਹੀ ਨੱਕ ਰਾਹੀਂ ਬਾਹਰ ਕੱਢਣਾ ਹੈ

-ਅੰਦਰ ਲੈ ਜਾਣ ਵਾਲੇ ਸਾਹ (inhale) ਨਾਲੋਂ ਬਾਹਰ ਕੱਢਣ ਵਾਲਾ ਸਾਹ (exhale) ਲੰਮਾ ਹੋਣਾ ਚਾਹੀਦੈ

-ਸਾਹ ਅੰਦਰ ਲੈਜਾਣ ਵੇਲੇ ਪੇਟ ਬਾਹਰ ਨੂੰ ਅਤੇ ਕੱਢਣ ਵੇਲੇ ਪੇਟ ਅੰਦਰ ਨੂੰ ਕਰਨਾ ਚਾਹੀਦਾ ਹੈ

-ਅੱਖਾਂ ਬੰਦ ਕਰਨੇ ਕੁਰਸੀ, ਮੰਜੇ 'ਤੇ ਬੈਠ ਕੇ ਜਾਂ ਲੰਮੇ ਪੈ ਕੇ ਇਹ ਕਰ ਸਕਦੇ ਹੋ।

ਇਨ੍ਹਾਂ ਦੇ ਨਾਮ ਵੱਖਰੇ ਵੱਖਰੇ ਹਨ, ਜਿਵੇਂ ਬੈਲੀ ਬਰੀਦਿੰਗ, ਬੌਕਸ ਬਰੀਦਿੰਗ, ਜਿਸ ਵਿੱਚ ਸਾਹ ਅੰਦਰ ਕਰੋ- ਚਾਰ ਗਿਣਨ ਤੱਕ, ਸਾਹ ਰੋਕੋ ਚਾਰ ਗਿਣਨ ਤੱਕ, ਸਾਹ ਕੱਢੋ ਚਾਰ ਗਿਣਨ ਤੱਕ, ਫਿਰ ਰੋਕੋ ਚਾਰ ਗਿਣਨ ਤੱਕ। ਇਸ ਤਰ੍ਹਾਂ ਕਰਦੇ ਜਾਵੋ 4-5 ਮਿੰਟ ਲਈ, ਜ਼ਿਆਦਾ ਦੇਰ ਵੀ ਕਰ ਸਕਦੇ ਹੋ। ਸੌਣ ਵੇਲੇ ਸਿਰਫ ਆਪਣੇ ਸਾਹ ਵੱਲ ਧਿਆਨ ਦੇਵੋ, ਹੋਰ ਕੁਝ ਨਹੀਂ ਸੋਚਣਾ ਚਾਹੀਦਾ।

ਕੁਝ ਪ੍ਰੈਕਟਿਸ ਦੀ ਜ਼ਰੂਰਤ ਹੁੰਦੀ ਏ। ਇਹ ਤੁਸੀਂ ਸੌਣ ਵੇਲੇ ਵੀ ਕਰ ਸਕਦੇ ਹੋ ਜਾਂ ਦਿਨ ਨੂੰ ਸਟਰੈਸ ਹੋਵੇ, ਉਹਦੇ ਲਈ ਵੀ ਮਦਦ ਕਰਦਾ ਏ।"

"ਦੀਦੀ, ਕੀ ਸੌਣ ਦੇ ਤਰੀਕੇ ਨਾਲ ਕੋਈ ਫਰਕ ਪੈਂਦਾ ਏ?"

14. "ਮੂੰਹ ਜਾਂ ਪੇਟ ਦੇ ਭਾਰ ਨਹੀਂ ਸੌਣਾ ਚਾਹੀਦਾ। ਬਹੁਤੇ ਲੋਕ ਖੱਬੇ ਪਾਸੇ ਨੂੰ ਸੌਣਾ ਪਸੰਦ ਕਰਦੇ ਨੇ। ਜੇ ਦਿਲ ਦੀ ਬਿਮਾਰੀ ਹੋਵੇ ਤਾਂ ਸੱਜੇ ਪਾਸੇ ਸੌਣਾ ਚਾਹੀਦਾ ਏ। ਤੁਸੀਂ ਫੈਸਲਾ ਕਰਨਾ ਕਿਸ ਪਾਸੇ ਤੁਹਾਨੂੰ ਜ਼ਿਆਦਾ ਅਰਾਮ ਮਿਲਦੈ। ਮਰੀਜ ਜਿਨ੍ਹਾਂ ਨੂੰ ਕਾਲਜੇ ਦੀ ਸੜਨ (GERD) ਦੀ ਬਿਮਾਰੀ ਹੈ, ਉਨ੍ਹਾਂ ਨੂੰ ਖੱਬੇ ਹੱਥ ਸੌਣਾ ਚਾਹੀਦੈ।

15. ਐਂਡਰੀਊ ਹੂਬਰਮਨ ਦਾ ਕਹਿਣਾ ਏ ਕਿ ਸਵੇਰੇ ਚੜ੍ਹਦੇ ਸੂਰਜ ਨੂੰ 5 ਮਿੰਟ ਵੇਖੀਏ, ਇਹ ਤੁਹਾਡੇ ਸੌਣ ਅਤੇ ਜਾਗਣ ਦੇ ਅੰਦਰਲੇ ਕਲੌਕ ਨੂੰ ਬਾਹਰਲੇ ਕਲੌਕ ਨਾਲ ਮੇਲਦਾ ਹੈ ਅਤੇ ਇਹ ਸੌਣ ਦੇ ਰੁਟੀਨ ਲਈ ਬਹੁਤ ਮਦਦਗਾਰ ਹੈ। ਜੇ ਸੂਰਜ ਦੀ ਰੌਸ਼ਨੀ ਤੇਜ਼ ਹੋਵੇ, ਸਿੱਧੇ ਸੂਰਜ ਵੱਲ ਕਦੇ ਵੀ ਨਾ ਦੇਖੋ, ਤੁਹਾਡੀਆਂ ਅੱਖਾਂ ਦਾ ਨੁਕਸਾਨ ਹੋ ਜਾਵੇਗਾ।

16. ਐਕੂਪ੍ਰੈਸ਼ਰ ਪੁਆਇੰਟਸ (acupressure points) ਵੀ ਸੌਣ ਵਿੱਚ ਮਦਦ ਕਰਦੇ ਨੇ।

17. ਕਈ ਤਰ੍ਹਾਂ ਦੇ ਸਪਲੀਮੈਂਟਸ ਕਾਫੀ ਮਦਦਗਾਰ ਸਾਬਤ ਹੋ ਸਕਦੇ ਨੇ- ਮੈਗਨੀਸ਼ੀਅਮ ਗਲੈਸੀਨੇਟ (magnesium glycenate), ਮੈਗਨੀਸ਼ੀਅਮ ਥੀਆਨੀਨ (magnesium theanine), ਮੈਗਨੀਸ਼ੀਅਮ ਥਰੀਓਨੇਟ (magnesium threonate), ਮੈਗਨੀਸ਼ੀਅਮ ਐਜੀਨੀਨ (magnesium eigenin)

18. ਮੈਂ ਨੀਂਦ ਵਾਲੀਆਂ ਗੋਲੀਆਂ ਦੇ ਹੱਕ ਵਿੱਚ ਨਹੀਂ,

-ਕਿਉਂਕਿ ਉਨ੍ਹਾਂ ਦੇ ਸਾਈਡ ਇਫੈਕਟਸ ਹੁੰਦੇ ਹਨ ਕਾਫੀ

-ਉਹ ਨੀਂਦ ਨਹੀਂ, ਸਡੇਸ਼ਨ ਕਰਦੇ ਨੇ

-ਉਨ੍ਹਾਂ ਨਾਲ ਨਸ਼ੇ ਦੀ ਤਕਲੀਫ ਹੋ ਜਾਂਦੀ ਏ।

19. ਜੇ ਮਿਹਦੇ ਦੀ ਸੜਨ ਜਾਂ ਸਲੀਪ ਐਪਨੀਆ ਕਰਕੇ ਤਹਾਨੂੰ ਉਨੀਂਦਰੇ ਦੀ ਤਕਲੀਫ ਹੈ ਤਾਂ ਉਸ ਦਾ ਇਲਾਜ ਕਰੋ।

ਪ੍ਰੀਤ, ਆਪਾਂ ਕਾਫੀ ਗੱਲਾਂ ਕਰ ਲਈਆਂ, ਬਾਕੀ ਅਗਲੀ ਵਾਰ ਸਹੀ।"

**ਨੋਟ: ਇਸ ਲੇਖ ਵਿਚਲੇ ਤੱਥ ਸਿਰਫ ਜਾਣਕਾਰੀ ਲਈ ਛਾਪੇ ਜਾ ਰਹੇ ਹਨ। ਕਿਸੇ ਵੀ ਤਰ੍ਹਾਂ ਦਾ ਘਰੇਲੂ ਆਹਾਰ-ਪਾਹਰ ਕਰਨ ਤੋਂ ਪਹਿਲਾਂ ਆਪਣੇ ਡਾਕਟਰ ਨਾਲ ਸਲਾਹ ਮਸ਼ਵਰਾ ਜ਼ਰੂਰ ਕਰੋ।**

# ਕੀ ਅਸੀਂ ਵਿਗਿਆਨ ਦੀ ਦੁਰਵਰਤੋਂ ਤਾਂ ਨਹੀਂ ਕਰ ਰਹੇ?



ਗਿਆਨ-ਵਿਗਿਆਨ

ਡਾ. ਪੀ.ਐਸ. ਤਿਆਗੀ
ਫੋਨ: +91-9855446519



ਕੁਝ ਹਫ਼ਤੇ ਪਹਿਲਾਂ ਅਸੀਂ ਰਾਸ਼ਟਰੀ ਵਿਗਿਆਨ ਦਿਵਸ ਮਨਾਇਆ ਹੈ। ਅਸੀਂ ਸਾਰੇ ਜਾਣਦੇ ਹਾਂ ਕਿ ਰਾਸ਼ਟਰੀ ਵਿਗਿਆਨ ਦਿਵਸ ਹਰ ਸਾਲ 28 ਫਰਵਰੀ ਨੂੰ ਸਰ ਸੀ.ਵੀ. ਰਮਨ ਦੀ ਇਤਿਹਾਸਕ ਖੋਜ ਦੀ ਯਾਦ ਵਿਚ ਮਨਾਇਆ ਜਾਂਦਾ ਹੈ, ਜਿਸ ਨੂੰ 'ਰਮਨ ਪ੍ਰਭਾਵ' ਵਜੋਂ ਜਾਣਿਆ ਜਾਂਦਾ ਹੈ। ਇਸ ਲਈ ਉਸ ਨੂੰ 1931 ਵਿੱਚ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਸਰ ਸੀ.ਵੀ. ਰਮਨ ਦਾ ਇਹ ਇਤਿਹਾਸਕ ਕਾਰਨਾਮਾ ਜੋ ਕਿ ਕੁਝ ਸੌ ਰੁਪਏ ਦੀ ਲਾਗਤ ਵਾਲੇ ਯੰਤਰਾਂ ਦੀ ਮਦਦ ਨਾਲ ਕੀਤਾ ਗਿਆ ਸੀ, ਕਿਸੇ ਵੀ ਭਾਰਤੀ ਵਿਗਿਆਨੀ ਦੁਆਰਾ ਵਿਗਿਆਨ ਦੇ ਖੇਤਰ ਵਿੱਚ ਆਧੁਨਿਕ ਮਹਿੰਗੇ ਯੰਤਰਾਂ ਦੀ ਉਪਲਬਧਤਾ ਦੇ ਬਾਵਜੂਦ ਦੁਹਰਾਇਆ ਨਹੀਂ ਜਾ ਸਕਿਆ।

ਵਿਗਿਆਨ ਕੀ ਹੈ? ਵਿਗਿਆਨ ਅਨੁਭਵ ਅਤੇ ਪ੍ਰਯੋਗਾਂ ਦੁਆਰਾ ਪ੍ਰਾਪਤ ਕੀਤਾ ਗਿਆ ਗਿਆਨ ਹੈ, ਨਾ ਕਿ ਸਿਰਫ਼ ਸੁਣਨ ਨਾਲ। ਪਿਛਲੀਆਂ ਕੁਝ ਸਦੀਆਂ ਵਿੱਚ ਵਿਗਿਆਨਕ ਖੋਜਾਂ ਨੇ ਸਾਡੇ ਜੀਵਨ ਨੂੰ ਹਰ ਪਹਿਲੂ ਤੋਂ ਬਹੁਤ ਆਸਾਨ ਬਣਾ ਦਿੱਤਾ ਹੈ। ਜੇਕਰ ਸਾਡੇ ਪੁਰਖੇ ਮੁੜ ਇਸ ਧਰਤੀ 'ਤੇ ਆ ਸਕਦੇ ਤਾਂ ਅਜੋਕੇ ਜੀਵਨ ਦੀਆਂ ਸੁੱਖ-ਸਹੂਲਤਾਂ ਨੂੰ ਦੇਖ ਕੇ ਇਹ ਕਹਿਣਗੇ ਕਿ ਮੌਜੂਦਾ ਸਮਾਂ ਸਵਰਗ ਵਰਗਾ ਹੈ। ਇਸ ਲਈ ਵਿਗਿਆਨ ਦੀ ਮਹੱਤਤਾ ਦਾ ਪ੍ਰਚਾਰ ਕਰਨ ਲਈ 10 ਨਵੰਬਰ ਨੂੰ ਵਿਸ਼ਵ ਵਿਗਿਆਨ ਦਿਵਸ ਅਤੇ 28 ਨਵੰਬਰ ਨੂੰ ਭਾਰਤ ਵਿੱਚ ਰਾਸ਼ਟਰੀ ਵਿਗਿਆਨ ਦਿਵਸ ਮਨਾਉਣਾ ਇੱਕ ਨੇਕ ਕਾਰਜ ਹੈ।

ਨਵੀਆਂ ਵਿਗਿਆਨਕ ਖੋਜਾਂ ਕੋਈ ਆਸਾਨ ਕੰਮ ਨਹੀਂ ਹੈ। ਅਤੀਤ ਵਿੱਚ ਕੁਝ ਖੋਜਾਂ ਸੰਜੋਗ ਨਾਲ ਹੋਈਆਂ ਸਨ, ਪਰ ਜ਼ਿਆਦਾਤਰ ਖੋਜਾਂ ਲਈ ਵਿਗਿਆਨੀਆਂ ਨੂੰ ਦਿਨ ਰਾਤ ਮਿਹਨਤ ਕਰਨੀ ਪੈਂਦੀ ਹੈ। ਨਿਊਟਨ ਦੇ ਮਨ ਵਿੱਚ ਗੁਰੂਤਾ ਦੇ ਨਿਯਮ ਦਾ ਵਿਚਾਰ ਉਦੋਂ ਆਇਆ, ਜਦੋਂ ਉਸ ਨੇ ਇੱਕ ਦਰੱਖਤ ਤੋਂ ਇੱਕ ਸੇਬ ਡਿੱਗਦਾ ਦੇਖਿਆ; ਤਰਲ ਪਦਾਰਥਾਂ ਦੇ ਤੈਰਨ ਦਾ ਨਿਯਮ ਆਰਕੀਮੀਡੀਜ਼ ਦੇ ਦਿਮਾਗ ਵਿੱਚ ਉਦੋਂ ਆਇਆ, ਜਦੋਂ ਉਸ ਨੇ ਨਹਾਉਣ ਲਈ ਟੱਬ ਵਿੱਚ ਦਾਖ਼ਲ ਹੋਣ ਵੇਲੇ ਪਾਣੀ ਨੂੰ ਟੱਬ ਵਿੱਚੋਂ ਵਗਦਾ ਦੇਖਿਆ।

ਇਸੇ ਤਰ੍ਹਾਂ ਅਤੀਤ ਵਿੱਚ ਕੁਝ ਹੋਰ ਖੋਜਾਂ 'ਮੌਕੇ ਨਾਲ' (By Chance) ਕੀਤੀਆਂ ਗਈਆਂ ਹਨ। ਅਲੈਗਜ਼ੈਂਡਰ ਫਲੇਮਿੰਗ ਦੁਆਰਾ ਪੈਨਿਸਿਲੀਨ ਦੀ ਖੋਜ ਇੱਕ ਮੌਕਾ ਖੋਜ ਸੀ। ਉਸ ਨੇ ਅਚਾਨਕ ਮਾਈਕ੍ਰੋਸਕੋਪ ਦੇ ਹੇਠਾਂ ਆਪਣੇ ਰੱਦ ਕੀਤੇ ਬੈਕਟੀਰੀਆ ਦੇ ਨਮੂਨੇ ਦੇਖੇ ਅਤੇ ਪਾਇਆ ਕਿ ਉਹ ਇੱਕ ਉੱਲੀ ਪੈਨਿਸਿਲੀਅਮ ਦੁਆਰਾ ਦੂਸ਼ਿਤ ਸਨ। ਭਾਫ਼ ਇੰਜਣ ਦੀ ਕਾਢ ਦਾ ਵਿਚਾਰ ਜੇਮਸ ਵਾਟ ਨੂੰ ਉਬਲਦੇ ਪਾਣੀ ਵਾਲੀ ਕੇਤਲੀ ਦੇ ਢੱਕਣ ਨੂੰ ਚੁੱਕਦੀ ਭਾਫ਼ ਦੇਖ ਕੇ ਆਇਆ। ਭਾਵੇਂ ਕੁਝ ਖੋਜਾਂ ਸੰਜੋਗ ਨਾਲ ਕੀਤੀਆਂ ਜਾ ਸਕਦੀਆਂ ਹਨ, ਪਰ ਜ਼ਿਆਦਾਤਰ ਖੋਜਾਂ ਲਈ ਵਿਗਿਆਨੀਆਂ ਨੂੰ ਸਖ਼ਤ ਮਿਹਨਤ ਕਰਨੀ ਪੈਂਦੀ ਹੈ ਅਤੇ ਕਈ ਵਾਰ ਵਿਗਿਆਨੀ ਆਪਣੀ ਉਮਰ ਭਰ ਦੀ ਕੋਸ਼ਿਸ਼ ਦੇ ਬਾਵਜੂਦ ਕੁਝ ਨਵਾਂ ਖੋਜਣ ਵਿੱਚ ਅਸਫਲ ਰਹਿੰਦੇ ਹਨ।

ਵਿਗਿਆਨੀਆਂ ਦੁਆਰਾ ਸਖ਼ਤ ਮਿਹਨਤ ਦੇ ਬਾਵਜੂਦ, ਉਸ ਨੂੰ ਅਤੀਤ ਵਿੱਚ ਲੋਕਾਂ ਅਤੇ ਸਰਕਾਰਾਂ ਦੁਆਰਾ ਉਚਿਤ ਸਨਮਾਨ ਤੇ ਮਾਨਤਾ ਨਹੀਂ ਦਿੱਤੀ ਗਈ ਸੀ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਸੀ ਕਿ ਵਿਗਿਆਨ ਲੋਕਾਂ ਨੂੰ ਰੱਬ ਤੋਂ ਦੂਰ ਕਰ ਰਿਹਾ ਹੈ। ਅਤੀਤ ਵਿੱਚ ਬਹੁਤ ਸਾਰੇ ਵਿਗਿਆਨੀਆਂ ਨਾਲ ਬੁਰਾ ਸਲੂਕ ਕੀਤਾ ਗਿਆ, ਕਈਆਂ ਨੂੰ ਜੇਲ੍ਹ ਵਿੱਚ ਬੰਦ ਕਰ ਦਿੱਤਾ ਗਿਆ ਅਤੇ ਕੁਝ ਨੂੰ ਮੌਤ ਦੀ ਸਜ਼ਾ ਦਿੱਤੀ ਗਈ। ਕੋਪਰਨਿਕਸ ਨੂੰ ਚਰਚ ਵਿੱਚ ਮੁਆਫ਼ੀ ਮੰਗਣ ਲਈ ਮਜਬੂਰ ਕੀਤਾ ਗਿਆ, ਕਿਉਂਕਿ ਉਸ ਨੇ ਕਿਹਾ ਸੀ ਕਿ ਸੂਰਜ ਸਥਿਰ ਹੈ ਅਤੇ ਧਰਤੀ ਸੂਰਜ ਦੁਆਲੇ ਘੁੰਮਦੀ ਹੈ। 1600 ਈਸਵੀ ਵਿੱਚ ਬਰੂਨੋ ਨੂੰ ਇਹ ਧਾਰਨਾ ਦੇਣ ਲਈ ਜ਼ਿੰਦਾ ਸਾੜ ਦਿੱਤਾ ਗਿਆ ਸੀ ਕਿ ਤਾਰੇ ਸਾਡੀ ਆਪਣੀ ਧਰਤੀ ਵਰਗੇ ਗ੍ਰਹਿਆਂ ਨਾਲ ਘਿਰੇ ਸੂਰਜ ਹਨ ਅਤੇ ਇਹ ਧਰਤੀ ਘੁੰਮਦੀ ਹੈ।

1633 ਵਿੱਚ ਟੈਲੀਸਕੋਪ ਦੀ ਖੋਜ ਕਰਨ ਵਾਲੇ ਗੈਲੀਲੋ ਨੂੰ ਘਰ ਵਿੱਚ ਨਜ਼ਰਬੰਦ ਕਰਨ ਦੀ ਸਜ਼ਾ ਸੁਣਾਈ ਗਈ ਸੀ, ਜਿੱਥੇ ਉਹ 1642 ਵਿੱਚ ਆਪਣੀ ਮੌਤ ਤੱਕ ਰਿਹਾ। ਇਹ ਸਜ਼ਾ ਸਿਰਫ਼ ਇਸ ਧਾਰਨਾ ਦਾ ਸਮਰਥਨ ਕਰਨ ਲਈ ਸੀ ਕਿ ਧਰਤੀ ਸੂਰਜ ਦੇ ਦੁਆਲੇ ਘੁੰਮਦੀ ਹੈ। ਇਸੇ ਤਰ੍ਹਾਂ ਨਿਕੋਲਸ ਵਾਵਿਲੋਵ, ਜਿਸ ਨੇ ਧਰਤੀ ਉੱਤੇ ਪੌਦਿਆਂ ਦੇ ਮੂਲ ਕੇਂਦਰਾਂ ਦੀ ਖੋਜ ਕੀਤੀ ਸੀ, ਨੂੰ ਮੌਤ ਦੀ ਸਜ਼ਾ ਸੁਣਾਈ ਗਈ ਸੀ। ਡਾਇਨਾਮਾਈਟ ਅਲਫਰੇਡ ਨੋਬਲ ਦੀਆਂ ਸਭ ਤੋਂ ਮਸ਼ਹੂਰ ਕਾਢਾਂ ਵਿੱਚੋਂ ਇੱਕ ਸੀ, ਪਰ ਇਸ ਕਾਢ ਨੇ ਉਸ ਨੂੰ 'ਮੌਤ ਦੇ ਵਪਾਰੀ' ਦਾ ਖਿਤਾਬ ਦਿੱਤਾ। ਉਸ ਦੇ ਖ਼ਿਲਾਫ਼ ਨਫ਼ਰਤ ਇਸ ਹੱਦ ਤੱਕ ਸੀ ਕਿ ਇੱਕ ਦਿਨ ਉਸ ਨੇ ਖ਼ੁਦ ਇੱਕ ਪੇਪਰ ਵਿੱਚ ਪੜ੍ਹਿਆ ਕਿ "ਡਾ. ਅਲਫਰੇਡ ਨੋਬਲ, ਜੋ ਪਹਿਲਾਂ ਨਾਲੋਂ ਵੱਧ ਤੇਜ਼ੀ ਨਾਲ ਲੋਕਾਂ ਨੂੰ ਮਾਰਨ ਦੇ ਤਰੀਕੇ ਲੱਭ ਕੇ ਅਮੀਰ ਬਣ ਗਿਆ ਸੀ, ਦੀ ਕੱਲ੍ਹ ਮੌਤ ਹੋ ਗਈ।"

ਹੌਲੀ-ਹੌਲੀ ਸਮਾਂ ਬਦਲਿਆ ਅਤੇ ਵਿਗਿਆਨੀਆਂ ਨੂੰ ਉਨ੍ਹਾਂ ਦੀਆਂ ਉਪਯੋਗੀ ਖੋਜਾਂ ਲਈ ਬਣਦਾ ਸਤਿਕਾਰ ਅਤੇ ਮਾਨਤਾ ਮਿਲਣੀ ਸ਼ੁਰੂ ਹੋ ਗਈ। ਭਾਰਤ ਵਿੱਚ ਵੀ ਸਰਕਾਰਾਂ ਅਤੇ ਲੋਕਾਂ ਨੇ ਵਿਗਿਆਨੀਆਂ ਨੂੰ ਸਤਿਕਾਰ ਦੇਣਾ ਸ਼ੁਰੂ ਕਰ ਦਿੱਤਾ ਤੇ ਉਨ੍ਹਾਂ ਨੂੰ ਮਨੁੱਖਤਾ ਦਾ ਰਖਵਾਲਾ ਵੀ ਕਹਿਣਾ ਸ਼ੁਰੂ ਕਰ ਦਿੱਤਾ। ਡਾਕਟਰਾਂ ਨੂੰ ਜੀਵਨ ਬਚਾਉਣ ਲਈ ਉਨ੍ਹਾਂ ਦੀ ਭੂਮਿਕਾ ਲਈ ਰੱਬ ਦਾ ਖਿਤਾਬ ਦਿੱਤਾ ਗਿਆ; ਖੇਤੀਬਾੜੀ ਵਿਗਿਆਨੀਆਂ ਨੂੰ ਭੋਜਨ ਸੁਰੱਖਿਆ ਪ੍ਰਦਾਨ ਕਰਨ ਲਈ ਅੰਨਦਾਤਾ ਦਾ ਖਿਤਾਬ ਦਿੱਤਾ ਗਿਆ; ਇੰਜੀਨੀਅਰਾਂ ਨੂੰ ਦੇਸ਼ ਦੇ ਨਿਰਮਾਤਾ ਕਿਹਾ ਗਿਆ। ਭਾਰਤ ਵਿੱਚ ਵਿਗਿਆਨੀਆਂ ਦੇ ਸਤਿਕਾਰ ਦਾ ਅੰਦਾਜ਼ਾ ਇਸ ਤੱਥ ਤੋਂ ਲਗਾਇਆ ਜਾ ਸਕਦਾ ਹੈ ਕਿ ਇੱਕ ਵਿਗਿਆਨੀ ਡਾ. ਅਬਦੁਲ ਕਲਾਮ ਨੂੰ ਭਾਰਤ ਦਾ ਰਾਸ਼ਟਰਪਤੀ ਬਣਾਇਆ ਗਿਆ ਸੀ।

ਵਿਗਿਆਨ ਮਨੁੱਖ ਨੂੰ ਵੱਧ ਤੋਂ ਵੱਧ ਸੁੱਖ-ਸਹੂਲਤਾਂ ਪ੍ਰਦਾਨ ਕਰਨ ਲਈ ਵਚਨਬੱਧ ਹੈ। ਪਰ ਜਿਵੇਂ ਹਰ ਸਿੱਕੇ ਦੇ ਦੋ ਚਿਹਰੇ ਹੁੰਦੇ ਹਨ, ਉਸੇ ਤਰ੍ਹਾਂ ਹਰ ਨਵੀਂ ਵਿਗਿਆਨਕ ਖੋਜ ਦੇ ਦੋ ਪਹਿਲੂ ਹੁੰਦੇ ਹਨ- ਇੱਕ ਚੰਗਾ ਅਤੇ ਦੂਜਾ ਮਾੜਾ। ਨਵੀਆਂ ਵਿਗਿਆਨਕ ਖੋਜਾਂ ਹਮੇਸ਼ਾ ਮਨੁੱਖਤਾ ਲਈ ਚੰਗੀਆਂ ਨਹੀਂ ਹੁੰਦੀਆਂ। ਇਹ ਨੋਟ ਕਰਨਾ ਮਹੱਤਵਪੂਰਨ ਹੈ ਕਿ ਨਵੀਆਂ ਵਿਗਿਆਨਕ ਖੋਜਾਂ ਕੁਦਰਤੀ ਤੌਰ 'ਤੇ ਚੰਗੀਆਂ ਜਾਂ ਮਾੜੀਆਂ ਨਹੀਂ ਹੁੰਦੀਆਂ ਹਨ, ਪਰ ਇੱਕ ਵਿਗਿਆਨਕ ਖੋਜ ਦਾ ਪ੍ਰਭਾਵ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਇਹ ਕਿਵੇਂ ਵਰਤੀ ਜਾਂਦੀ ਹੈ ਅਤੇ ਕਿਸ ਪ੍ਰਸੰਗ ਵਿੱਚ ਇਸ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਸਾਬਤ ਕਰਨ ਲਈ ਕਈ ਉਦਾਹਰਣਾਂ ਦਿੱਤੀਆਂ ਜਾ ਸਕਦੀਆਂ ਹਨ ਕਿ ਬਹੁਤ ਸਾਰੀਆਂ ਵਿਗਿਆਨਕ ਖੋਜਾਂ ਦੀ ਮਨੁੱਖ ਨੇ ਆਪਣੇ ਲਾਲਚ ਲਈ ਦੁਰਵਰਤੋਂ ਕੀਤੀ ਹੈ।

1867 ਵਿੱਚ ਐਲਫਰੇਡ ਨੋਬਲ ਨੇ ਲੋਕਾਂ ਨੂੰ ਬਿਲਡਿੰਗ ਅਤੇ ਮਾਈਨਿੰਗ ਵਿੱਚ ਮਦਦ ਕਰਨ ਲਈ ਡਾਇਨਾਮਾਈਟ ਦੀ ਖੋਜ ਕੀਤੀ, ਪਰ ਲੋਕਾਂ ਨੇ ਇਸ ਦੀ ਵਰਤੋਂ ਜੰਗਾਂ ਵਿੱਚ ਵਰਤੇ ਜਾਂਦੇ ਬੰਬ, ਤੋਪਾਂ ਅਤੇ ਰਾਕੇਟ ਬਣਾਉਣ ਲਈ ਵੀ ਸ਼ੁਰੂ ਕਰ ਦਿੱਤੀ। ਗ੍ਰਿਫਿਨ ਇੱਕ ਵਿਗਿਆਨੀ ਸੀ, ਜਿਸ ਨੇ ਇੱਕ ਖੋਜ ਕੀਤੀ ਸੀ ਕਿ ਕਿਵੇਂ ਇੱਕ ਮਨੁੱਖ ਕੱਚ ਦੀ ਪਤਲੀ ਚਾਦਰ ਵਾਂਗ ਅਦਿੱਖ, ਪਾਰਦਰਸ਼ੀ ਬਣ ਸਕਦਾ ਹੈ; ਪਰ ਉਸ ਨੇ ਗੈਰ-ਕਾਨੂੰਨੀ ਗਤੀਵਿਧੀਆਂ ਲਈ ਇਸ ਖੋਜ ਦੀ ਦੁਰਵਰਤੋਂ ਕੀਤੀ। ਇਹ ਖੋਜ ਮਨੁੱਖ ਜਾਤੀ ਲਈ ਬਹੁਤ ਸਾਰੇ ਵਿਗਿਆਨਕ ਉਦੇਸ਼ਾਂ ਲਈ ਲਾਹੇਵੰਦ ਹੋ ਸਕਦੀ ਸੀ, ਪਰ ਇਸ ਦੀ ਦੁਰਵਰਤੋਂ ਨੇ ਵਰਦਾਨ ਨੂੰ ਨੁਕਸਾਨ ਵਿੱਚ ਬਦਲ ਦਿੱਤਾ।

ਜੀਵ-ਵਿਗਿਆਨ ਦੇ ਵੱਖ-ਵੱਖ ਖੇਤਰਾਂ ਵਿੱਚ ਵਿਕਸਿਤ ਕੀਤੇ ਯੰਤਰ ਅਤੇ ਤਕਨੀਕਾਂ ਜਿਵੇਂ ਕਿ ਪੈਥੋਲੋਜੀਕਲ ਬਿਮਾਰੀਆਂ ਜਾਂ ਜੈਨੇਟਿਕ ਵਿਗਾੜਾਂ ਦਾ ਪਤਾ ਲਗਾਉਣ ਦੀਆਂ ਤਕਨੀਕਾਂ, ਫਸਲਾਂ ਦੀ ਸੁਰੱਖਿਆ ਲਈ ਕੈਮੀਕਲਾਂ ਅਤੇ ਕੀਟਨਾਸ਼ਕਾਂ ਦਾ ਉਤਪਾਦਨ, ਜੈਨੇਟਿਕ ਤੌਰ 'ਤੇ ਸੋਧੇ ਭੋਜਨ (GM Food) ਦਾ ਉਤਪਾਦਨ, ਟਰਾਂਸਜੇਨਿਕ ਫਸਲਾਂ (Transgenic Crops), ਐਮਨੀਓਸੈਂਟੇਸਿਸ (Amniocentesis) ਆਦਿ ਮੁੱਖ ਤੌਰ 'ਤੇ ਮਨੁੱਖੀ ਭਲਾਈ ਅਤੇ ਖੁਸ਼ਹਾਲੀ ਨਾਲ ਸਬੰਧਤ ਹਨ। ਹਾਲਾਂਕਿ ਕੁਝ ਜੀਵ-ਵਿਗਿਆਨਕ ਖੋਜਾਂ ਅਤੇ ਤਕਨਾਲੋਜੀਆਂ, ਜੋ ਕਿ ਮਨੁੱਖਤਾ ਦੀ ਭਲਾਈ ਲਈ ਵਿਕਸਿਤ ਕੀਤੀਆਂ ਗਈਆਂ ਸਨ, ਨੂੰ ਵੱਖ-ਵੱਖ ਏਜੰਸੀਆਂ ਦੁਆਰਾ ਗਲਤ ਤਰੀਕੇ ਨਾਲ ਮਨੁੱਖ ਜਾਤੀ ਦੇ ਵਿਰੁੱਧ ਵਰਤਿਆ ਜਾਂਦਾ ਹੈ।

ਜੈਨੇਟਿਕ ਇੰਜੀਨੀਅਰਿੰਗ ਇੱਕ ਉਪਯੋਗੀ ਤਕਨੀਕ ਹੈ, ਪਰ ਕੁਝ ਸੁਪਰ ਰਾਸ਼ਟਰਾਂ ਦੁਆਰਾ ਜੀਵ-ਵਿਗਿਆਨਕ ਯੁੱਧ (Biological Warfare) ਵਿਕਸਿਤ ਕਰਨ ਲਈ ਇਸ ਦੀ ਦੁਰਵਰਤੋਂ ਕੀਤੀ ਗਈ ਹੈ। ਇਹ ਜੀਵਤ ਜੀਵ ਜਾਂ ਉਨ੍ਹਾਂ ਦੇ ਉਤਪਾਦ ਹਨ, ਜੋ ਦੁਸ਼ਮਣ ਆਬਾਦੀ ਵਿੱਚ ਬਿਮਾਰੀਆਂ ਜਾਂ ਦੁੱਖ ਪੈਦਾ ਕਰਨ ਲਈ ਯੁੱਧ ਦੇ ਹਥਿਆਰ ਵਜੋਂ ਵਰਤੇ ਜਾਂਦੇ ਹਨ। ਐਮਨੀਓਸੈਂਟੇਸਿਸ ਤਕਨੀਕ ਨੂੰ ਗਰੱਭਸਥ ਸ਼ੀਸ਼ੂ (Foetus) ਦੇ ਕ੍ਰੋਮੋਸੋਮ ਦਾ ਵਿਸ਼ਲੇਸ਼ਣ ਕਰਨ ਲਈ ਵਿਕਸਿਤ ਕੀਤਾ ਗਿਆ ਸੀ ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਵਿਕਾਸਸ਼ੀਲ ਬੱਚਾ (Developing child) ਕਿਸੇ ਵਿਕਾਸ ਸਬੰਧੀ ਨੁਕਸ ਤੋਂ ਪੀੜਤ ਹੈ ਜਾਂ ਨਹੀਂ! ਪਰ ਅਣਜੰਮੇ ਬੱਚੇ ਦਾ ਲਿੰਗ ਨਿਰਧਾਰਤ ਕਰਨ ਲਈ ਇਸ ਤਕਨੀਕ ਦੀ ਦੁਰਵਰਤੋਂ ਕੀਤੀ ਗਈ ਸੀ। ਜੇਕਰ ਲਿੰਗ ਔਰਤ ਦਾ ਹੁੰਦਾ ਹੈ ਤਾਂ ਭਰੂਣ ਦਾ ਗਰਭਪਾਤ ਕਰ ਦਿੱਤਾ ਜਾਂਦਾ ਸੀ (ਮਾਦਾ ਭਰੂਣ ਹੱਤਿਆ)। ਇਸ ਦੇ ਨਤੀਜੇ ਵਜੋਂ ਮਨੁੱਖੀ ਆਬਾਦੀ ਵਿੱਚ ਮਰਦ-ਔਰਤ ਅਨੁਪਾਤ ਦੀ ਅਸਮਾਨਤਾ ਹੋਈ।

1993 ਵਿੱਚ ਭਾਰਤ ਦੇ ਇੱਕ ਪਿੰਡ ਲਈ ਇਹ ਅੰਦਾਜ਼ਾ ਲਗਾਇਆ ਗਿਆ ਸੀ ਕਿ 10 ਵਿੱਚੋਂ ਚਾਰ ਕੁੜੀਆਂ ਨੂੰ ਜਨਮ ਵੇਲੇ ਮਾਰ ਦਿੱਤਾ ਗਿਆ ਸੀ। ਕੰਨਿਆ ਭਰੂਣ ਹੱਤਿਆ ਮੈਡੀਕਲ ਡਾਕਟਰਾਂ ਲਈ ਇੱਕ ਲਾਹੇਵੰਦ ਅਭਿਆਸ ਹੈ। ਕੀਟਨਾਸ਼ਕ ਅਤੇ ਖਾਦ ਬਣਾਉਣ ਵਾਲੀਆਂ ਕੰਪਨੀਆਂ ਨੇ ਆਕਰਸ਼ਕ ਇਸ਼ਤਿਹਾਰਾਂ ਰਾਹੀਂ ਕਿਸਾਨਾਂ ਨੂੰ ਵੱਧ ਤੋਂ ਵੱਧ ਕੀਟਨਾਸ਼ਕਾਂ ਅਤੇ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਇਸ ਦੇ ਸਿੱਟੇ ਵਜੋਂ ਮਿੱਟੀ ਦੀ ਕੁਦਰਤੀ ਉਪਜਾਊ ਸ਼ਕਤੀ ਖਤਮ ਹੋ ਗਈ ਅਤੇ ਕੀੜਿਆਂ ਵਿੱਚ ਰਸਾਇਣਕ ਕੀਟਨਾਸ਼ਕਾਂ ਦੇ ਵਿਰੁੱਧ ਪ੍ਰਤੀਰੋਧ ਪੈਦਾ ਹੋ ਗਿਆ। ਇਹ ਸਾਬਤ ਕਰਨ ਲਈ ਕਈ ਹੋਰ ਉਦਾਹਰਣ ਹਨ ਕਿ ਮਨੁੱਖ ਨੇ ਆਪਣੇ ਨਿੱਜੀ ਲਾਲਚ ਲਈ ਵਿਗਿਆਨਕ ਤਰੱਕੀ ਦੀ ਦੁਰਵਰਤੋਂ ਕੀਤੀ ਹੈ।

ਆਓ! ਵਿਗਿਆਨ ਬਾਰੇ ਗਲਤ ਧਾਰਨਾਵਾਂ ਨੂੰ ਦੂਰ ਕਰਨ ਲਈ ਇਕੱਠੇ ਹੋਈਏ। ਹਰ ਸਾਲ ਵਿਸ਼ਵ ਵਿਗਿਆਨ ਦਿਵਸ ਜਾਂ ਰਾਸ਼ਟਰੀ ਵਿਗਿਆਨ ਦਿਵਸ ਮਨਾਉਣਾ ਅਧੂਰਾ ਹੀ ਰਹਿ ਜਾਵੇਗਾ ਜੇਕਰ ਅਸੀਂ ਇਸ ਦਿਨ ਬਾਰੇ ਜੋ ਕੁਝ ਕਿਹਾ ਜਾਂ ਲਿਖਿਆ ਗਿਆ ਹੈ, ਉਸ ਦੇ ਅਸਲ ਮਨੋਰਥ ਅਤੇ ਭਾਵਨਾ ਨੂੰ ਸਮਝਣ ਵਿੱਚ ਅਸਫਲ ਰਹੇ। ਸਾਨੂੰ ਲੋਕਾਂ ਨੂੰ ਜਾਗਰੂਕ ਕਰਨਾ ਹੋਵੇਗਾ ਕਿ ਵਿਗਿਆਨ ਦੀ ਕੋਈ ਵੀ ਖੋਜ ਚੰਗੀ ਜਾਂ ਮਾੜੀ ਨਹੀਂ ਹੁੰਦੀ, ਇਹ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਮਨੁੱਖ ਖੋਜ ਦੇ ਨਤੀਜਿਆਂ ਨੂੰ ਕਿਵੇਂ ਵਰਤਦਾ ਹੈ- ਮਨੁੱਖਤਾ ਦੀ ਭਲਾਈ ਲਈ ਜਾਂ ਨਿੱਜੀ ਲਾਭ ਲਈ!

# ਦੋ ਨਜ਼ਮਾਂ

ਕਾਵਿ-ਰੰਗ

ਡਾ. ਗੁਰਬਖ਼ਸ਼ ਸਿੰਘ ਭੰਡਾਲ



## ਤਾਰਾ

ਅੰਬਰੋਂ ਟੁੱਟਿਆਂ, 'ਵਾ ਨੂੰ ਮਿਲਦਿਆਂ,
ਤਾਰਾ ਬੋਲਦਾ ਏ।
ਡੂੰਘੀ ਰਾਤੇ ਪਸਰੇ 'ਨੇਰ 'ਚ,
ਚਾਨਣ ਘੋਲਦਾ ਏ।

ਉਸਦੀ ਜਾਚੇ, ਸੁੱਤੀ ਕਾਇਨਾਤ
ਕੀਹਨੇ ਸੁਣਨਾ ਏ,
ਵਿਰਦ ਕਰੇਂਦਾ, ਬਿਰਖ ਤੇ ਪੰਛੀ
ਚੁੱਪ ਫਰੋਲਦਾ ਏ।

ਸੁੱਤੇ ਘਰਾਂ 'ਚ, ਪਾਸੇ ਮਾਰਦੇ
ਜਾਗਦੇ ਆ ਕੁਝ ਲੋਕ,
ਮਨ ਜਿਨ੍ਹਾਂ ਦਾ, ਬੁੱਝਿਆ ਰਹਿ ਕੇ
ਪਰ ਤੋਲਦਾ ਏ।

ਸੁੱਕੇ ਘਾਹ ਦਾ, ਤ੍ਰੇਲ ਨੂੰ ਮਿਲਣਾ
ਜਿਉਣ-ਆਸਥਾ ਏ,
ਬੱਦਲ-ਟੋਟਾ, ਘਾਹ ਦੀ ਆਸ ਨੂੰ,
ਪੈਰੀਂ ਰੋਲਦਾ ਏ।

ਝੀਲ ਦੇ ਕੰਢੇ, ਮਸਤੀ ਦੇ ਆਲਮ
ਇੱਕ ਦੀਵਾਨਾ ਡਿੱਠਾ,
ਖ਼ੁਦ ਹੀ ਖ਼ੁਦ ਦਾ, ਭਰ ਹੁੰਗਾਰਾ,
ਰੂਹ ਟਟੋਲਦਾ ਏ।

ਤਾਰੇ ਵਰਗੇ, ਮਨ-ਰਾਹੀ ਨੇ
ਸਫ਼ਰ ਉਗਾਇਆ ਮੱਥੇ,
ਇਸੇ ਕਰਕੇ, ਸਾਝਰੇ ਸਾਝਰੇ,
ਕਾਂ ਬੋਲਦਾ ਏ।

ਰਾਤ ਦੇ ਗਰਭ 'ਚ, ਚਾਨਣ-ਬੀਜ,
ਕੇਰਿਆ ਕਿਸ ਅਦੀਬ,
ਅੰਬਰ ਜੂਹੇ, ਸਰਘੀ ਦਾ ਤਾਰਾ,
ਕੇਸਰ ਘੋਲਦਾ ਏ।

## ਪੱਲੇ 'ਚ ਕੁਝ ਪਲ

ਜ਼ਿੰਦਗੀ ਵੰਨੀਂ ਜਾਂ ਭੌਂ ਕੇ ਤੱਕਿਆ
ਤਾਂ ਕੁਝ ਹੀ ਪਲ ਸੀ ਪੱਲੇ,
ਉਹ ਵੀ ਮੇਰੇ ਸੋਚਦਿਆਂ ਸੋਚਦਿਆਂ
ਸਾਹਾਂ 'ਚੋਂ ਕਿਰ ਚੱਲੇ।

ਸੱਜਣਾਂ ਵਰਗੀਆਂ ਸੰਦਲੀ ਯਾਦਾਂ
ਪਤਾ ਨਹੀਂ ਕਿੱਥੇ ਗਈਆਂ
ਸਮਿਆਂ ਦੀ ਗਰਦਸ਼ ਦੇ ਹਉਕੇ
ਸੁਣਦਾ ਹਾਂ ਹਰ ਗੱਲੇ।

ਮੋਹ ਦੇ ਚਸ਼ਮੇ ਵਰਗੇ ਮਿੱਤਰ
ਦੂਰੀਆਂ ਵਿੱਚ ਗਵਾਚੇ,
ਹੁਣ ਕਦੇ ਨਹੀਂ ਫੇਰ ਪਰਤਣਗੇ
ਵੇਲੇ ਝੱਲ-ਵਲੱਲੇ।

ਆਪਣੀ ਨੀਂਦਰੇ ਸੌਣਾ, ਜਾਗਣਾ
ਭੁੱਖ ਦੀ ਨਾ ਪ੍ਰਵਾਹ,
ਹੁਣ ਤਾਂ ਫ਼ਿਕਰਾਂ ਤੇ ਮਜਬੂਰੀਆਂ
ਮਨ ਦੇ ਬੂਹੇ ਮੱਲੇ।


ਕਦੇ ਅੰਬਰ ਨੂੰ ਛੱਤ 'ਤੇ ਲਾਹੁਣਾ
ਕਰਨੀਆਂ ਚੰਨ ਨਾਲ ਗੱਲਾਂ,
ਹੁਣ ਤਾਂ ਘੁਰਨੇ ਵਰਗੇ ਘਰ 'ਚ
ਕਰੇ ਖਾਮੋਸ਼ੀ ਹੱਲੇ।

ਬੀਤਿਆ ਲੋਕਾਂ ਲੇਖੇ ਲਾ ਕੇ
ਦੱਸੀਂ ਖਾਂ ਕੀ ਖੱਟਿਆ,
ਬਚੀ ਜੋ ਜਸ਼ਨ ਬਣਾ ਲੈ ਹੁਣ ਹੀ

# ਤ੍ਰਾਸਦਿਕ ਹਾਲਾਤ ਵਿੱਚ ਘਿਰੀਆਂ ਔਰਤਾਂ ਦੀ ਹੋਣੀ

ਗਹਿਰ-ਗੰਭੀਰ

ਪ੍ਰਵੀਨ ਬੇਗਮ
ਫੋਨ: +91-8968948018



ਪੰਜਾਬ ਪੀ.ਸੀ.ਐੱਸ. (ਜੁਡੀਸ਼ੀਅਲ ਸਰਵਿਸਿਜ਼) ਨਤੀਜੇ ਵਿੱਚ ਮੁੰਡਿਆਂ ਨਾਲੋਂ ਕੁੜੀਆਂ ਦੀ ਲਗਭਗ ਤਿੰਨ ਗੁਣਾਂ ਉੱਚੀ ਛਾਲ ਦੇਖ ਕੇ ਬਹੁਤ ਖੁਸ਼ ਹੋਈ। ਹੁਣ ਕੁੜੀਆਂ ਮੁੰਡਿਆਂ ਨਾਲੋਂ ਕਿਸੇ ਪਾਸਿਉਂ ਘੱਟ ਨਾ ਹੋ ਕੇ ਉਨ੍ਹਾਂ ਦੇ ਬਰਾਬਰ ਹੋ ਤੁਰੀਆਂ ਹਨ। ਸਿੱਖਿਆ ਦੇ ਪਸਾਰ ਨੇ ਚਾਰੇ ਪਾਸੇ ਚਾਨਣ ਕਰ ਛੱਡਿਆ ਹੈ। ਲੋਕਾਂ ਦੀ ਮੁੰਡੇ ਕੁੜੀਆਂ ਬਾਰੇ ਸੋਚ ਕਾਫ਼ੀ ਹੱਦ ਤੱਕ ਬਦਲ ਚੁੱਕੀ ਹੈ ਤੇ ਬਹੁਤੇ ਮਾਪੇ ਕੁੜੀਆਂ ਨੂੰ ਬੋਝ ਨਾ ਸਮਝ ਕੇ ਮਾਣ ਸਮਝਦੇ ਹਨ। ਕੁੜੀਆਂ ਨੇ ਵੀ ਹਰ ਖੇਤਰ ਵਿੱਚ ਕਮਾਲ ਕੀਤੀ ਹੈ। ਔਰਤਾਂ ਨੇ ਉਨ੍ਹਾਂ ਖੇਤਰਾਂ ਵਿੱਚ ਵੀ ਮੱਲਾਂ ਮਾਰ ਦਿਖਾਈਆਂ ਹਨ, ਜਿਹੜੇ ਕਦੇ ਸਿਰਫ਼ ਮਰਦਾਂ ਲਈ ਰਾਖਵੇਂ ਸਨ। ਸਮਾਜ ਦੇ ਕਈ ਰੀਤੀ-ਰਿਵਾਜਾਂ ਨੂੰ ਔਰਤਾਂ ਨੇ ਆਪਣੇ ਪੱਖ ਵਿੱਚ ਕਰ ਲਿਆ ਹੈ। ਔਰਤਾਂ ਨੇ ਆਪਣੀ ਪ੍ਰਤਿਭਾ ਪਛਾਣਦਿਆਂ ਸਮਾਜ ਨੂੰ ਮਰਦਾਂ ਦੇ ਬਰਾਬਰ ਹੋਣ ਦਾ ਸਬੂਤ ਦਿੱਤਾ ਹੈ।

ਉਂਝ ਉਹ ਔਰਤਾਂ ਜੋ ਅਜੇ ਤੱਕ ਮਰਦ ਪ੍ਰਧਾਨ ਸਮਾਜ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜ ਹਾਸ਼ੀਏ ’ਤੇ ਰਹਿ ਚੁੱਕੀਆਂ ਹਨ, ਉਨ੍ਹਾਂ ਵੱਲ ਕਦੇ ਕਿਸੇ ਦਾ ਧਿਆਨ ਨਹੀਂ ਗਿਆ। ਉਹ ਔਰਤਾਂ ਹਰ ਰੋਜ਼ ਘਰੇਲੂ ਵਧੀਕੀਆਂ, ਬਲਾਤਕਾਰ ਅਤੇ ਖਰੀਦੋ-ਫਰੋਖਤ ਦੀ ਪੀੜ ਸਹਿ ਰਹੀਆਂ ਹਨ। ਭਾਰਤੀ ਅਪਰਾਧ ਰਿਕਾਰਡ ਬਿਊਰੋ ਅਨੁਸਾਰ ਭਾਰਤ ਵਿੱਚ ਬਲਾਤਕਾਰ ਚੌਥਾ ਮੁੱਖ ਅਪਰਾਧ ਹੈ। ਰਿਪੋਰਟ ਅਨੁਸਾਰ ਔਰਤਾਂ ਖਿਲਾਫ਼ ਅਪਰਾਧ 56.5% ਤੋਂ 2021 ਤੱਕ 64.5% ਵਧੇ ਹਨ। 2021 ਤੋਂ 2022 ਤੱਕ ਰਾਸ਼ਟਰੀ ਪੱਧਰ ’ਤੇ 4% ਵਾਧਾ ਹੋਇਆ ਹੈ। ਰਿਪੋਰਟ (2022) ਅਨੁਸਾਰ ਕੁੱਲ 31 ਹਜ਼ਾਰ ਬਲਾਤਕਾਰ ਕੇਸ ਦਰਜ ਕੀਤੇ ਗਏ, ਜਿਨ੍ਹਾਂ ਵਿੱਚੋਂ ਸਭ ਤੋਂ ਵੱਧ ਕੇਸ ਉੱਤਰ ਪ੍ਰਦੇਸ਼ ਅਤੇ ਉਸ ਤੋਂ ਬਾਅਦ ਸਭ ਤੋਂ ਵੱਧ ਕੇਸ ਰਾਜਸਥਾਨ ਵਿੱਚ ਦਰਜ ਹੋਏ। ਦਾਜ ਵਾਸਤੇ ਮੌਤ, ਬਾਲ ਵਿਆਹ, ਇੱਜ਼ਤ ਖਾਤਰ ਕਤਲ ਕੁਝ ਹੋਰ ਅਜਿਹੇ ਗੁਨਾਹ ਹਨ, ਜਿਨ੍ਹਾਂ ਨੂੰ ਸਮਾਜ ਵਿੱਚੋਂ ਖਤਮ ਕਰਨ ਦੀ ਕੋਈ ਜੜ੍ਹ ਹੀ ਨਹੀਂ ਲੱਭ ਰਹੀ। ਮਰਦ ਪ੍ਰਧਾਨ ਸਮਾਜ ਵਿੱਚ ਮੁੰਡਿਆਂ ਨੂੰ ਕੁੜੀਆਂ ਤੋਂ ਵੱਡਾ ਸਮਝਣ ਦੀ ਤਾਲੀਮ ਗੁੜ੍ਹਤੀ ਵਿੱਚ ਹੀ ਦੇ ਦਿੱਤੀ ਜਾਂਦੀ ਹੈ; ਕੁੜੀਆਂ ਦੇ ਜ਼ਿਹਨ ਵਿੱਚ ਸ਼ੁਰੂ ਤੋਂ ਹੀ ਡਰ, ਸਹਿਮ ਅਤੇ ਦਬਾਉ ਬਿਠਾ ਦਿੱਤੇ ਜਾਂਦੇ ਹਨ। ਜਿੱਥੇ ਬਿਲਕੀਸ ਬਾਨੋ ਵਰਗੀਆਂ ਔਰਤਾਂ ਦੇ ਗੁਨਾਹਗਾਰਾਂ ਨੂੰ ਸ਼ੱਰ੍ਹੇਆਮ ਨਿਆਂ ਅਦਾਲਤਾਂ ਹੀ ਬਲਾਤਕਾਰ ਵਰਗੇ ਸੰਗੀਨ ਜੁਰਮ ਵਿੱਚ ਰਿਹਾਅ ਕਰ ਦੇਣ ਤਾਂ ਬਾਕੀ ਔਰਤਾਂ ਦੀਆਂ ਨਿਆਂ ਉਮੀਦਾਂ ’ਤੇ ਪਾਣੀ ਫਿਰਨਾ ਸੁਭਾਵਿਕ ਹੈ। ਸਾਕਸ਼ੀ ਮਲਿਕ ਵਰਗੀਆਂ ਸੰਸਾਰ ਪ੍ਰਸਿੱਧ ਖਿਡਾਰਨਾਂ ਨੂੰ ਸਰੀਰਕ ਸ਼ੋਸ਼ਣ ਦੇ ਦੋਸ਼ੀ ਨੂੰ ਸਜ਼ਾ ਦਿਵਾਉਣ ਲਈ ਧਰਨਿਆਂ ’ਤੇ ਬੈਠਣਾ ਪਿਆ। ਮਨੀਪੁਰ ਦੀਆਂ ਔਰਤਾਂ ਨੂੰ ਨੰਗੇ ਕਰ ਕੇ ਸੜਕਾਂ ’ਤੇ ਘੁਮਾਇਆ ਗਿਆ। ਉੱਤਰ ਪ੍ਰਦੇਸ਼ ਵਿੱਚ ਸਕੂਟਰ ਚੋਰੀ ਹੋਣ ਦੀ ਰਿਪੋਰਟ ਲਿਖਾਉਣ ਆਈ ਔਰਤ ਅਤੇ ਉਸ ਦੇ ਪਤੀ ਨੂੰ ਵੀ ਨੰਗਾ ਕਰ ਕੇ ਚੌਕ ਵਿੱਚ ਖੜ੍ਹਾਉਣ ਦੀ ਘਟਨਾ ਮਰਦ ਪ੍ਰਧਾਨ ਸਮਾਜ ਦੀ ਬਿਮਾਰ ਮਾਨਸਿਕਤਾ ਦੀ ਤਰਜਮਾਨੀ ਕਰਦੀ ਹੈ।

ਔਰਤਾਂ ਖਿਲਾਫ਼ ਬਹੁਤੇ ਜੁਰਮ ਉਸ ਦੇ ਆਪਣੇ ਘਰਾਂ ਵਿੱਚੋਂ ਹੀ ਸ਼ੁਰੂ ਹੋ ਜਾਂਦੇ ਹਨ। ਜਦੋਂ ਔਰਤ ਵਿਆਹ ਕਰਾ ਆਪਣੇ ਅਗਲੇਰੇ ਪੰਧ ’ਤੇ ਤੁਰਦੀ ਹੈ ਤਾਂ ਬਹੁਤੀਆਂ ਔਰਤਾਂ ਦੇ ਅਰਮਾਨ ਦਬੇ ਹੀ ਰਹਿ ਜਾਂਦੇ ਹਨ। ਕਈ ਔਰਤਾਂ ਆਪਣੇ ਪਤੀ ਦੀ ਹਿੰਸਕ ਬਿਰਤੀ ਕਾਰਨ ਮਾਨਸਿਕ ਰੋਗੀ ਹੋ ਜਾਂਦੀਆਂ ਹਨ। ਭਾਰਤ ਵਿੱਚ ਲਗਭਗ 31.4% ਔਰਤਾਂ ਪਤੀਆਂ ਦੀ ਹਿੰਸਾ ਤੋਂ ਪੀੜਤ ਹਨ। ਘਰਾਂ ਵਿੱਚ ਫੈਸਲੇ ਕਰਨ ਦੀ ਸ਼ਕਤੀ ਅੱਜ ਹੀ ਪਿਤਾ ਜਾਂ ਪਤੀ ਪੁਰਖੀ ਹੈ। ਮਰਜ਼ੀ ਦਾ ਵਿਆਹ ਭਾਰਤ ਵਿੱਚ ਔਰਤਾਂ ਲਈ ਅਜੇ ਵੀ ਅਣਖ ਖਾਤਰ ਕਤਲ ਮਾਮਲੇ ਨੂੰ ਤੂਲ ਦਿੰਦਾ ਹੈ। ਬਾਲ ਵਿਆਹ ਵਰਗੀਆਂ ਕੋਝੀਆਂ ਸਮਾਜਿਕ ਰੀਤਾਂ, ਦੇਵਦਾਸੀਆਂ ਵਰਗਾ ਰੁਝਾਨ, ਕੁੜੀਆਂ ਨੂੰ ਜੰਮਦਿਆਂ ਹੀ ਕੁੱਖ ਵਿੱਚ ਮਾਰ ਦੇਣਾ ਵੀ ਭਾਰਤੀ ਸਮਾਜ ਦੀ ਸੌੜੀ ਸੋਚ ਨੂੰ ਉਜਾਗਰ ਕਰਦੀਆਂ ਹਨ। ਬਾਲ ਵਿਆਹ ਕਈ ਰਾਜਾਂ ਵਿੱਚ ਅੱਜ ਵੀ ਪ੍ਰਚਲਿਤ ਹਨ; ਇਹ ਭਾਵੇਂ 1991 ਦੇ ਪੱਧਰ ਤੋਂ (49%) ਤੋਂ ਘਟ ਕੇ 2021 ਵਿੱਚ 22% ਰਹਿ ਗਏ ਹਨ। ਅਸਲ ਵਿਚ ਗੱਲ ਇਕੱਲੇ ਬਾਲ ਵਿਆਹਾਂ ਦੀ ਹੀ ਨਹੀਂ, ਸਗੋਂ ਬਾਲੜੀਆਂ ਦੀ ਸਿਹਤ ਦੀ ਵੀ ਹੈ। ਕਈ ਵਾਰ ਉਹ ਅਠਾਰਾਂ ਸਾਲਾਂ ਤੋਂ ਘੱਟ ਉਮਰ ਵਿੱਚ ਹੀ ਬੱਚੇ ਨੂੰ ਜਨਮ ਦੇ ਦਿੰਦੀਆਂ ਹਨ; ਸਿੱਟੇ ਵਜੋਂ ਮਾਂ ਤੇ ਬੱਚੇ- ਦੋਹਾਂ ਦੀ ਸਿਹਤ ਨੂੰ ਲੈ ਕੇ ਸਮੱਸਿਆ ਆਉਂਦੀ ਹੈ। ਪੇਂਡੂ ਖੇਤਰਾਂ ਵਿੱਚ ਲੜਕੀਆਂ ਦੀ ਮਾਹਵਾਰੀ ਨਾਲ ਸਬੰਧਿਤ ਗੱਲਾਂ ਨੂੰ ਅਜੇ ਵੀ ਸ਼ਰਮ ਦੀ ਗੱਲ ਮੰਨਿਆ ਜਾਂਦਾ ਹੈ। ਇਉਂ ਇਨ੍ਹਾਂ ਗੱਲਾਂ ਤੋਂ ਅਣਜਾਣ ਕੁੜੀਆਂ ਕਈ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੀਆਂ ਹਨ।

ਭਰੂਣ ਹੱਤਿਆ ਸਾਡੇ ਸਮਾਜ ਦਾ ਇੱਕ ਹੋਰ ਅਜਿਹਾ ਪਹਿਲੂ ਹੈ। ‘ਬੇਟੀ ਬਚਾਉ ਬੇਟੀ ਪੜ੍ਹਾਉ’ ਸਕੀਮ, ਹਰਿਆਣਾ ਸਰਕਾਰ ਦੀ ‘ਲਾਡਲੀ ਬੇਟੀ’ ਸਕੀਮ, ਪੰਜਾਬ ਦੇ ‘ਨੰਨ੍ਹੀ ਛਾਂ’ ਪ੍ਰਾਜੈਕਟ ਨੇ ਲੋਕਾਂ ਨੂੰ ਜਾਗਰੂਕ ਕਰਨ ਵਿੱਚ ਅਹਿਮ ਰੋਲ ਅਦਾ ਕੀਤਾ, ਪਰ ਇਸ ਤ੍ਰਾਸਦੀ ਦਾ ਪਸਾਰਾ ਸ਼ਹਿਰੀ ਅਤੇ ਪੇਂਡੂ ਪੱਧਰ ’ਤੇ ਇੱਕੋ ਜਿਹਾ ਹੈ। ਭਰੂਣ ਦੇ ਲਿੰਗ ਬਾਰੇ ਪਹਿਲਾਂ ਪਤਾ ਕਰਨਾ ਪੀ.ਐੱਨ.ਡੀ.ਟੀ. ਐਕਟ-2005 ਤਹਿਤ ਜੁਰਮ ਹੈ।

ਪੰਜਾਬ ਵਰਗੇ ਖੁਸ਼ਹਾਲ ਸੂਬੇ ਵਿੱਚ ਲਿੰਗ ਅਨੁਪਾਤ 2023 ਅਨੁਸਾਰ 1000 ਮਰਦ ਪਿੱਛੇ 895 ਹੈ, ਜੋ ਰਾਸ਼ਟਰੀ ਅਨੁਪਾਤ 940 ਤੋਂ ਕਿਤੇ ਘੱਟ ਹੈ। 2001 ਵਿੱਚ ਇੱਥੋਂ ਦਾ ਲਿੰਗ ਅਨੁਪਾਤ 1000: 876 ਸੀ। ਇਸ ਪਿੱਛੇ ਕੰਮ ਕਰਦੇ ਮੁੱਖ ਕਾਰਕ ਵਿਆਹ ਸਮੇਂ ਦਹੇਜ, ਪੜ੍ਹਾਉਣ ਦੀ ਜ਼ਿੰਮੇਵਾਰੀ, ਸਮਾਜ ਵਿੱਚ ਨੱਕ ਰੱਖਣਾ ਜਾਂ ਸਭ ਤੋਂ ਵੱਡਾ ਕਾਰਨ ਮੁੰਡੇ ਦੀ ਲਾਲਸਾ ਹਨ। ਵਧ ਰਹੀ ਟੈਕਨਾਲੋਜੀ ਕਾਰਨ ਇਹ ਸਮੱਸਿਆ ਪੜ੍ਹੇ-ਲਿਖੇ ਵਰਗ ਵਿੱਚ ਵਧੇਰੇ ਪਸਰੀ ਹੈ।

ਜਿਹੜੀਆਂ ਔਰਤਾਂ ਕਿਸੇ ਕਾਰਨ ਦੇਹ ਵਪਾਰ ਵਿੱਚ ਚਲੀਆਂ ਜਾਂਦੀਆਂ ਹਨ, ਉਨ੍ਹਾਂ ਬਾਰੇ ਤਾਂ ਗੱਲ ਕਰਨ ਤੋਂ ਵੀ ਭੱਜਿਆ ਜਾਂਦਾ ਹੈ। ਉਨ੍ਹਾਂ ਔਰਤਾਂ ਦੀ ਆਰਥਿਕ ਮਜਬੂਰੀ, ਗਰੀਬੀ, ਅਨਪੜ੍ਹਤਾ, ਵਰਗਲਾ ਕੇ ਆਉਣ ਜਾਂ ਕੌਮੀ ਕੌਮਾਂਤਰੀ ਮੰਡੀ ਵਿੱਚ ਉਨ੍ਹਾਂ ਦੀ ਖਰੀਦੋ-ਫਰੋਖਤ ਨੂੰ ਕਦੇ ਕਿਸੇ ਵੀ ਵਰਗ ਨੇ ਛੋਹਿਆ ਨਹੀਂ। ਹਰ ਸਾਲ ਬਾਲੜੀਆਂ ਅਤੇ ਔਰਤਾਂ ਗਾਇਬ ਹੋਣ ਦਾ ਡੇਟਾ ਪ੍ਰਕਾਸ਼ਿਤ ਤਾਂ ਕਰ ਦਿੱਤਾ ਜਾਂਦਾ ਹੈ, ਪਰ ਉਹ ਗਈਆਂ ਕਿੱਧਰ? ਇਸ ਬਾਰੇ ਸਭ ਚੁੱਪ ਹਨ। 2022 ਤੱਕ ਦੀ ਰਿਪੋਰਟ ਵਿੱਚ ਲਗਭਗ 62,099 ਕੁੜੀਆਂ ਗਾਇਬ ਹੋਈਆਂ ਦਿਖਾਈਆਂ ਗਈਆਂ; 2021 ਵਿੱਚ ਇਹ ਅੰਕੜਾ 59,544 ਸੀ। ਸਭ ਨੂੰ ਪਤਾ ਹੈ ਕਿ ਇਹ ਖਰੀਦੋ-ਫਰੋਖਤ ਔਰਤਾਂ ਨੂੰ ਗੁਮਨਾਮ ਮਾਰਕਿਟ ਵਿੱਚ ਹਨੇਰੇ ਭਰੀ ਜ਼ਿੰਦਗੀ ਵਿੱਚ ਪਹੁੰਚਾ ਦਿੰਦੀ ਹੈ, ਜਿੱਥੋਂ ਉਹ ਚਾਹ ਕੇ ਵੀ ਨਿਕਲ ਨਹੀਂ ਸਕਦੀਆਂ। ਦੱਖਣ ਭਾਰਤ ਵਿੱਚ ਦੇਵਦਾਸੀ ਪ੍ਰਥਾ ਅਜੇ ਵੀ ਪ੍ਰਚਲਿਤ ਹੈ। ਕਈ ਵਾਰ ਔਰਤਾਂ ਨੂੰ ਪਵਿੱਤਰ-ਅਪਵਿੱਤਰ ਦੇ ਨਾਮ ’ਤੇ ਮੰਦਰਾਂ, ਮਸਜਿਦਾਂ ਵਿੱਚ ਸ਼ਾਮਿਲ ਨਾ ਹੋਣ ਦੇਣਾ ਵੀ ਧਾਰਮਿਕ ਰਹੁ-ਰੀਤਾਂ ਦੇ ਔਰਤ ਵਿਰੋਧੀ ਹੋਣ ਦੀ ਤਰਜਮਾਨੀ ਕਰਦੀਆਂ ਹਨ।

ਬਾਕੀ ਸਾਰੀ ਗੱਲ ਮਰਦ ਪ੍ਰਧਾਨ ਸਮਾਜ ਦੀਆਂ ਗਲੀਆਂ ਸੜੀਆਂ ਰੀਤਾਂ ਦੀ ਹੈ, ਜਿਨ੍ਹਾਂ ਨੇ ਔਰਤ ਨੂੰ ਹਰ ਪਾਸਿਉਂ ਕਮਜ਼ੋਰ ਕਰਨ ਦੀ ਕੋਸ਼ਿਸ਼ ਕੀਤੀ ਹੈ। ਸਿਆਸਤ ਵਿੱਚ ਵੀ ਔਰਤਾਂ ਗਿਣਤੀ ਪੱਖੋਂ ਅਜੇ ਮਰਦਾਂ ਨਾਲੋਂ ਪਿੱਛੇ ਹਨ। ਸਾਡੇ ਕੋਲ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਜਾਂ ਪੈਪਸੀਕੋ ਦੀ ਸਾਬਕਾ ਮੁਖੀ ਇੰਦਰਾ ਨੂਈ ਵਰਗੀਆਂ ਮਿਸਾਲਾਂ ਤਾਂ ਹਨ, ਪਰ ਉਹ ਪੜ੍ਹੇ-ਲਿਖੇ ਪਰਿਵਾਰਾਂ ਵਿੱਚੋਂ ਹਨ; ਜ਼ਮੀਨੀ ਪੱਧਰ ’ਤੇ ਹਕੀਕਤਾਂ ਹੋਰ ਹਨ। ਬਹੁਤੀਆਂ ਕੁੜੀਆਂ ਤਾਂ ਪ੍ਰਾਇਮਰੀ ਤੇ ਮਿਡਲ ਤੱਕ ਜਾਂ ਹਾਈ ਸਕੂਲ ਤੱਕ ਹੀ ਪੜ੍ਹਦੀਆਂ ਹਨ। ਬਹੁਤੇ ਰਾਜਾਂ ਵਿੱਚ ਸੀਨੀਅਰ ਸੈਕੰਡਰੀ ਦੀ ਐਨਰੋਲਮੈਂਟ ਕਾਫ਼ੀ ਘਟ ਜਾਂਦੀ ਹੈ। ਉੱਤਰ ਪ੍ਰਦੇਸ਼, ਬਿਹਾਰ, ਝਾਰਖੰਡ, ਛੱਤੀਸਗੜ੍ਹ ਅਤੇ ਮੱਧ ਪ੍ਰਦੇਸ਼ ਵਿੱਚ ਇਹ ਅਨੁਪਾਤ ਹੋਰ ਵੀ ਘੱਟ ਹੈ। ਉਚੇਰੀ ਸਿੱਖਿਆ ਵਿੱਚ ਤਾਂ ਇਹ ਗਿਣਤੀ ਹੋਰ ਘਟ ਜਾਂਦੀ ਹੈ। ਘਰਾਂ ਤੋਂ ਸਕੂਲਾਂ ਦੀ ਦੂਰੀ, ਕੁੜੀਆਂ ਦੀ ਸੁਰੱਖਿਆ, ਆਵਾਜਾਈ ਸਹੂਲਤਾਂ ਦੀ ਘਾਟ ਇਸ ਦੇ ਮੁੱਖ ਕਾਰਨ ਹਨ। ਸੁਰੱਖਿਆ ਦੇ ਮਾਮਲੇ ਵਿੱਚ ਅਸੀਂ ਕਾਫ਼ੀ ਪਿੱਛੇ ਹਾਂ। ਉਨ੍ਹਾਂ ਨੂੰ ਸਰੀਰਕ ਛੇੜਛਾੜ, ਬਲਾਤਕਾਰ, ਅਗਵਾ ਜਾਂ ਹੋਰ ਮਾੜੀਆਂ ਘਟਨਾਵਾਂ ਦਾ ਡਰ ਰਹਿੰਦਾ ਹੈ। ਨਿਰਭਯਾ ਕੇਸ ਕਦੇ ਭੁਲਾਇਆ ਨਹੀਂ ਜਾ ਸਕਦਾ। ਕੰਮਕਾਜੀ ਔਰਤਾਂ ਨੂੰ ਕੰਮ ਵਾਲੀਆਂ ਥਾਵਾਂ ’ਤੇ ਸਰੀਰਕ ਸ਼ੋਸ਼ਣ ਦੀ ਸਮੱਸਿਆ ਆਉਂਦੀ ਹੈ। ਕੀ ਫਿਲਮਾਂ, ਕੀ ਸਿਆਸਤ ਤੇ ਕੀ ਫੈਸ਼ਨ ਸਨਅਤ-ਸਭ ਥਾਈਂ ਇਹੀ ਹਾਲ ਹੈ। ਵਿਸਾਖਾ ਯਾਦਵ ਕੇਸ ਅਧੀਨ ਭਾਵੇਂ ਕੰਮਕਾਜੀ ਔਰਤਾਂ ਲਈ ਐਕਟ ਬਣ ਚੁਕਾ ਹੈ, ਪਰ ਬਹੁਤੀਆਂ ਔਰਤਾਂ ਬਦਨਾਮੀ ਦੇ ਡਰੋਂ ਆਪਣੇ ਉੱਪਰ ਹੋ ਰਹੇ ਜ਼ੁਲਮ ਬਾਰੇ ਦੱਸਣ ਤੋਂ ਡਰਦੀਆਂ ਹਨ। ਅਨਪੜ੍ਹਤਾ ਅਤੇ ਗਰੀਬੀ ਵੀ ਔਰਤਾਂ ਦੀ ਅਜੋਕੀ ਹਾਲਤ ਲਈ ਜ਼ਿੰਮੇਵਾਰ ਹਨ।

ਉਹ ਕਾਨੂੰਨ ਲਾਗੂ ਕਰਨੇ ਪੈਣਗੇ, ਜਿਹੜੇ ਔਰਤਾਂ ਦੇ ਹੱਕ ਵਿੱਚ ਹਨ। ਬਾਲੜੀਆਂ ਨੂੰ ਸੁਰੱਖਿਅਤ ਵਾਤਾਵਰਨ ਮੁਹੱਈਆ ਕਰਵਾਉਣਾ ਪਵੇਗਾ। ਉਨ੍ਹਾਂ ਨੂੰ ਹਰ ਖੇਤਰ ਲਈ ਸਿੱਖਿਅਤ ਕਰ, ਆਤਮ-ਸਨਮਾਨ ਦੀ ਭਾਵਨਾ ਪੈਦਾ ਕਰ, ਮਰਦ ਪ੍ਰਧਾਨ ਸਮਾਜ ਦੀਆਂ ਜ਼ੰਜੀਰਾਂ ਤੋੜ, ਉਨ੍ਹਾਂ ਨੂੰ ਫੈਸਲੇ ਕਰਨ ’ਚ ਭਾਗੀਦਾਰ ਬਣਾ ਆਪਣੇ ਪੈਰਾਂ ’ਤੇ ਖੜ੍ਹੇ ਹੋਣ ਦੀ ਜਾਚ ਸਿਖਾਉਣੀ ਪਵੇਗੀ। ਪਹਿਲਾਂ ਨਾਲੋਂ ਸਭ ਕੁਝ ਭਾਵੇਂ ਬਹੁਤ ਬਦਲ ਗਿਆ ਹੈ, ਫਿਰ ਵੀ ਅਜੇ ਬਹੁਤ ਕੁਝ ਬਦਲਣ ਦੀ ਲੋੜ ਹੈ।

# ਮਹਿਲਾ ਸ਼ਕਤੀਕਰਨ, ਸਥਿਤੀ ਤੇ ਸੰਭਾਵਨਾਵਾਂ

ਡਾ. ਪ੍ਰਿਤਪਾਲ ਸਿੰਘ ਮਹਿਰੋਕ
ਫੋਨ: +91-9888510185

ਭਾਰਤੀ ਸਮਾਜ ਦੀਆਂ ਜੜ੍ਹਾਂ ਉਸ ਸਮਾਜ ਵਿੱਚ ਹਨ, ਜਿਥੇ ਔਰਤ ਨੂੰ ਗ਼ੁਲਾਮਾਂ ਵਰਗੀ ਜ਼ਿੰਦਗੀ ਗੁਜ਼ਾਰਨੀ ਪੈਂਦੀ ਸੀ। ਉਸ ਨੂੰ ਜਨਮ ਸਮੇਂ ਸਰਾਪ, ਵਿਆਹ ਸਮੇਂ ਭਾਰ ਅਤੇ ਵਿਆਹ ਤੋਂ ਬਾਅਦ ਬੋਝਲ ਤੇ ਅਨੇਕ ਪ੍ਰਕਾਰ ਦੇ ਦਬਾਵਾਂ ਹੇਠ ਜਿਊਣਾ ਪੈਂਦਾ ਸੀ। ਔਰਤ ਸਮੇਂ ਸਮੇਂ ਹਿੰਸਾ, ਸ਼ੋਸ਼ਣ ਤੇ ਅਪਰਾਧ ਦੀ ਸ਼ਿਕਾਰ ਹੁੰਦੀ ਰਹੀ ਹੈ। ਇੱਕੀਵੀਂ ਸਦੀ ਤੱਕ ਪਹੁੰਚ ਕੇ ਔਰਤ ਅਬਲਾ ਨਹੀਂ ਸੀ ਰਹਿਣੀ ਚਾਹੀਦੀ, ਪਰ ਭਾਰਤ ਵਰਗੇ ਦੇਸ਼ ਵਿੱਚ ਔਰਤ ਅਜੇ ਵੀ ਬਹੁਤੀਆਂ ਹਾਲਤਾਂ ਵਿੱਚ ਗੁਰਬਤ, ਜਹਾਲਤ, ਅਨਪੜ੍ਹਤਾ, ਅਗਿਆਨਤਾ, ਗ਼ੁਲਾਮੀ ਆਦਿ ਦੀ ਅਵਸਥਾ ਵਿੱਚ ਵਿਚਰ ਰਹੀ ਹੈ। ਕੋਈ ਸਮਾਂ ਸੀ ਜਦੋਂ ਧੀ ਦੇ ਜਨਮ ਲੈਣ ਨਾਲ ਪੁਰਸ਼ ਸਮਾਜ ਆਪਣੇ ਮਾਣ-ਸਨਮਾਨ ਨੂੰ ਢਾਹ ਲੱਗਣ ਬਾਰੇ ਸੋਚਦਾ ਸੀ। ਧੀਆਂ ਨੂੰ ਜਨਮ ਸਾਰ ਮਾਰ ਦਿੱਤਾ ਜਾਂਦਾ ਸੀ। ਉਸ ਨੂੰ ਹੁਣ ਵੀ ‘ਪਰਾਇਆ ਧਨ’ ਦੀ ਸੰਗਿਆ ਦਿੱਤੀ ਜਾਂਦੀ ਹੈ। ਧੀਆਂ ਵੱਲ ਅਜਿਹਾ ਰਵੱਈਆ ਸਮਾਜ ਦੀ ਵਿਡੰਬਨਾ ਰਹੀ ਹੈ। ਅਜਿਹੇ ਸਮਾਜਿਕ ਆਰਥਿਕ ਪਿਛੋਕੜ ਵਾਲੇ ਸਮਾਜ ਵਿੱਚ ਮਾਪੇ ਆਪਣੇ ਘਰ ਪੁੱਤਰ ਦੇ ਜਨਮ ਲੈਣ ਦੀਆਂ ਅਰਜੋਈਆਂ ਕਰਦੇ ਹਨ। ਹਕੀਕਤ ਇਹ ਸਮਝਣੀ ਚਾਹੀਦੀ ਹੈ ਕਿ ਧੀਆਂ ਘਰ ਵਾਸਤੇ ਦਾਤ ਹੁੰਦੀਆਂ ਹਨ। ਧੀਆਂ ਨਾਲ ਘਰ ਵਿੱਚ ਬਰਕਤਾਂ ਦਾ ਵਾਧਾ ਹੁੰਦਾ ਹੈ। ਫਿਰ ਵੀ ਸਮਾਜ ਵਿੱਚ ਉਸ ਨੂੰ ਅਧੀਨ/ਨਿਮਨ ਸਥਿਤੀ ਵਿੱਚ ਰੱਖ ਕੇ ਦੇਖਣ ਦੀ ਮਾਨਸਿਕਤਾ ਅਜੇ ਵੀ ਕਾਇਮ ਹੈ। ਅਜਿਹੇ ਸਮਾਜਿਕ ਆਰਥਿਕ ਪਿਛੋਕੜ ਵਾਲੇ ਸਮਾਜ ਵਿੱਚ ਸਰਕਾਰੀ ਪੱਧਰ ’ਤੇ ਅਤੇ ਗੈਰ-ਸਰਕਾਰੀ ਸਮਾਜਿਕ ਸੰਸਥਾਵਾਂ ਵੱਲੋਂ ਕਦੇ ਬਾਲੜੀ ਦਿਵਸ, ਕਦੇ ਧੀ ਦਿਵਸ, ਕਦੇ ਕੌਮਾਂਤਰੀ ਮਹਿਲਾ ਦਿਵਸ, ਕਦੇ ਮਾਂ ਦਿਵਸ ਮਨਾਏ ਜਾਂਦੇ ਹਨ। ਸਿਰਫ ਕਾਰਵਾਈ ਪਾਉਣ ਵਾਸਤੇ ਅਜਿਹੇ ਦਿਵਸ ਮਨਾਉਣ ਦਾ ਓਨਾ ਚਿਰ ਤੱਕ ਕੋਈ ਫਾਇਦਾ ਨਹੀਂ, ਜਿੰਨਾ ਚਿਰ ਔਰਤ ਦੀ ਭਲਾਈ ਹਿਤ ਵਾਲੀਆਂ ਸਕੀਮਾਂ ਔਰਤਾਂ ਦੇ ਅਸਲ ਲੋੜਵੰਦ ਵਰਗ ਤੱਕ ਨਹੀਂ ਪਹੁੰਚਦੀਆਂ ਤੇ ਉਨ੍ਹਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਨਹੀਂ ਹੁੰਦਾ।

ਔਰਤ ਹੁਣ ਪੜ੍ਹ-ਲਿਖ ਕੇ, ਨੌਕਰੀ ਕਰ ਕੇ, ਉੱਚੀਆਂ ਪਦਵੀਆਂ ਹਾਸਲ ਕਰ ਕੇ ਆਤਮ-ਨਿਰਭਰ ਹੋ ਰਹੀ ਹੈ ਤੇ ਸਮਾਜ ਵਿੱਚ ਆਪਣਾ ਮਾਣ-ਸਨਮਾਨ ਵਧਾ ਰਹੀ ਹੈ। ਇਸ ਪਿੱਛੇ ਉਸ ਦੀ ਮਿਹਨਤ ਕੰਮ ਕਰਦੀ ਨਜ਼ਰ ਆਉਂਦੀ ਹੈ। ਕੁਝ ਕਰ ਦਿਖਾਉਣ ਦਾ ਇਰਾਦਾ ਉਸ ਨੂੰ ਪੁਰਸ਼ ਦੇ ਬਰਾਬਰ ਲਿਆ ਰਿਹਾ ਹੈ। ਉੱਚੇ ਅਹੁਦਿਆਂ ’ਤੇ ਪਹੁੰਚ ਕੇ, ਨਾਮਣਾ ਖੱਟਣ ਵਾਲੀਆਂ ਵੱਡੇ ਨਾਵਾਂ ਵਾਲੀਆਂ ਔਰਤਾਂ, ਔਰਤ ਦੇ ਆਤਮ-ਸਨਮਾਨ ਤੇ ਗੌਰਵ ਦਾ ਬਿੰਬ ਬਣ ਗਈਆਂ ਹਨ।

ਔਰਤ ਨੂੰ ਸਮਾਜ ਵਿੱਚ ਉਸ ਦੇ ਹਿੱਸੇ ਦਾ ਮਾਣ-ਸਨਮਾਨ ਜ਼ਰੂਰੀ ਹੈ। ਅਜਿਹੇ ਮੁਕਾਮ ਤੱਕ ਪਹੁੰਚਣ ਲਈ ਉਸ ਨੂੰ ਸਮਾਜਿਕ-ਆਰਥਿਕ ਆਜ਼ਾਦੀ ਹਾਸਲ ਕਰਨ ਦੀ ਲੋੜ ਹੈ। ਔਰਤ ਨੂੰ ਮਿਲਣ ਵਾਲੇ ਸਮਾਜਿਕ-ਆਰਥਿਕ ਅਧਿਕਾਰਾਂ ਦੇ ਸਬੰਧ ਵਿੱਚ ਬਹੁਤੇ ਕਾਨੂੰਨ ਹੁਣ ਉਸ ਦੇ ਹੱਕ ਵਿੱਚ ਭੁਗਤਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਸਮਾਜ ਨੂੰ ਔਰਤ ਵੱਲ ਆਪਣੀ ਸੋਚ, ਨਜ਼ਰੀਆ ਅਤੇ ਵਿਹਾਰ ਬਦਲਣ ਦੀ ਲੋੜ ਹੈ।

ਸਮਾਜਿਕ ਸਰੋਕਾਰਾਂ ਨਾਲ ਜੁੜੇ ਚਿੰਤਕਾਂ ਤੇ ਸਮਾਜ ਵਿਗਿਆਨੀਆਂ ਨੇ ਭਾਰਤੀ ਮਹਿਲਾਵਾਂ ਦੀ ਪ੍ਰਤਿਭਾ, ਸ਼ਕਤੀ ਤੇ ਸਮਰੱਥਾ ਨੂੰ ਦੇਖਦਿਆਂ ਉਨ੍ਹਾਂ ਨੂੰ ਦੇਸ਼ ਵਿੱਚੋਂ ਗ਼ਰੀਬੀ ਘਟਾਉਣ ਲਈ ਉੱਤਮ, ਪ੍ਰਭਾਵਸ਼ਾਲੀ ਅਤੇ ਕਾਰਗਰ ਹਥਿਆਰ ਮੰਨਿਆ ਹੈ। ਸਮਾਜਿਕ-ਆਰਥਿਕ ਤੌਰ ’ਤੇ ਆਜ਼ਾਦ ਹੋ ਕੇ ਹੀ ਭਾਰਤੀ ਔਰਤ ਅੰਦਰ ਸਵੈ-ਮਾਣ, ਸਵੈ-ਭਰੋਸਗੀ ਤੇ ਸ਼ਕਤੀਸ਼ਾਲੀ ਹੋਣ ਦਾ ਅਹਿਸਾਸ ਪਨਪ ਸਕਦਾ ਹੈ।

ਭਾਰਤ ਵਰਗੇ ਵੱਡੇ ਦੇਸ਼ ਵਿੱਚ ਔਰਤ ਦੀ ਦਸ਼ਾ ਦੇ ਕਈ ਦ੍ਰਿਸ਼ ਉਭਰਦੇ ਹਨ। ਆਪਣਾ ਅਤੇ ਪਰਿਵਾਰ ਦਾ ਪੇਟ ਪਾਲਣ ਲਈ ਔਰਤ ਨੂੰ ਮਿਹਨਤ ਕਰਨੀ ਪੈਂਦੀ ਹੈ। ਅਨੇਕ ਦਬਾਵਾਂ ਹੇਠ ਕੰਮ ਕਰਨਾ ਉਸ ਦੀ ਮਜਬੂਰੀ ਬਣ ਜਾਂਦੀ ਹੈ। ਕਈ ਹਾਲਤਾਂ ਵਿੱਚ ਗ਼ਰੀਬੀ ਦੀ ਝੰਬੀ ਔਰਤ ਭਾਵੁਕ ਤੇ ਜਿਸਮਾਨੀ ਸ਼ੋਸ਼ਣ ਦਾ ਸ਼ਿਕਾਰ ਵੀ ਹੁੰਦੀ ਹੈ। ਘਰ ਦੀਆਂ ਜ਼ਿੰਮੇਵਾਰੀਆਂ ਉਸ ਨੂੰ ਤੋੜ ਸੁੱਟਦੀਆਂ ਹਨ। ਉਸ ਨੂੰ ਕਈ ਫਰੰਟਾਂ ’ਤੇ ਲੜਾਈ ਲੜਨੀ ਪੈਂਦੀ ਹੈ। ਉਹ ਲੜਾਈ ਲੜਦੀ ਹੈ ਤੇ ਜੇਤੂ ਬਣ ਕੇ ਨਿਕਲਦੀ ਹੈ। ਭਾਰਤੀ ਔਰਤ ਦੀ ਬਹੁਗਿਣਤੀ ਵੱਲੋਂ ਰੋਟੀ-ਰੋਜ਼ੀ ਕਮਾਉਣ, ਆਪਣੀ ਆਜ਼ਾਦ ਹਸਤੀ ਸਾਬਤ ਕਰਨ ਅਤੇ ਸਵੈ-ਮਾਣ ਵਾਲੀ ਜ਼ਿੰਦਗੀ ਜਿਊਣ ਦੀ ਦਿਸ਼ਾ ਵੱਲ ਪੁੱਟਿਆ ਪਹਿਲਾ ਕਦਮ ਸਮਝਣਾ ਚਾਹੀਦਾ ਹੈ।

ਜਿਸ ਦੇਸ਼ ਵਿੱਚ ਬਹੁਗਿਣਤੀ ਔਰਤ ਨੂੰ ਪੜ੍ਹਨ-ਲਿਖਣ ਦੇ ਮੌਕੇ ਹੀ ਘੱਟ ਮਿਲਦੇ ਹੋਣ, ਉਥੇ ਉਹ ਨੌਕਰੀ ਹਾਸਲ ਕਰਨ ਦੀ ਤਵੱਕੋ ਕਿਵੇਂ ਕਰੇਗੀ? ਸਮਾਜਿਕ ਗ਼ੁਲਾਮੀ ਅਤੇ ਆਰਥਿਕ ਮੁਥਾਜੀ ਹੀ ਜਦੋਂ ਉਸ ਦੇ ਪੱਲੇ ਪੈਂਦੀ ਹੈ ਤਾਂ ਉਹ ਸਿਰ ਉਠਾ ਕੇ ਸਵੈ-ਮਾਣ ਨਾਲ ਕਿਵੇਂ ਜੀਅ ਸਕੇਗੀ? ਕੰਮ ਦੀ ਭਾਲ ਵਿੱਚ ਘਰੋਂ ਨਿਕਲਦੀ ਔਰਤ ਕਈ ਵਾਰ ਅਪਰਾਧ ਜਗਤ ਵਿੱਚ ਧੱਕ ਦਿੱਤੀ ਜਾਂਦੀ ਹੈ ਤੇ ਉਹ ਅਪਰਾਧ ਮਾਫ਼ੀਏ ਦੇ ਚੁੰਗਲ ਵਿੱਚ ਫਸ ਜਾਂਦੀ ਹੈ। ਕੰਮ ਕਰਨ ਦੇ ਅਦਾਰਿਆਂ ਵਿੱਚ ਉਸ ਦਾ ਸ਼ੋਸ਼ਣ ਹੁੰਦਾ ਹੈ। ਉਹ ਸਮਾਜਿਕ ਅਤੇ ਘਰੇਲੂ ਹਿੰਸਾ ਦਾ ਸ਼ਿਕਾਰ ਹੁੰਦੀ ਹੈ।

ਦੂਜੇ ਪਾਸੇ, ਸੰਸਾਰੀਕਰਨ ਦੇ ਇਸ ਦੌਰ ਵਿੱਚ ਤਕਨੀਕੀ ਕ੍ਰਾਂਤੀ ਦੀ ਬਦੌਲਤ ਭਾਰਤੀ ਨਾਰੀ ਨੂੰ ਵੰਨ-ਸਵੰਨੇ ਖੇਤਰਾਂ ਵਿੱਚ ਰੁਜ਼ਗਾਰ ਦੇ ਅਨੇਕ ਅਵਸਰ ਮਿਲੇ ਹਨ ਤੇ ਮਿਲ ਰਹੇ ਹਨ। ਉੱਚ ਵਿਦਿਆ ਅਤੇ ਕੰਮ ਕਰਨ ਦੀ ਯੋਗਤਾ/ਸਮਰੱਥਾ ਹਾਸਲ ਕਰ ਕੇ ਔਰਤ ਪਬਲਿਕ ਤੇ ਕਾਰਪੋਰੇਟ ਸੈਕਟਰ ਵਿੱਚ ਅਹਿਮ ਪਦਾਂ ਤੱਕ ਪਹੁੰਚ ਗਈ ਹੈ; ਵਧੀਆ ਤਨਖਾਹਾਂ ਹਾਸਲ ਕਰ ਰਹੀ ਹੈ। ਸਾਧਨਾਂ ਅਤੇ ਬਿਹਤਰ ਆਰਥਿਕਤਾ ਵਾਲੀਆਂ ਔਰਤਾਂ ਵਿੱਚੋਂ ਇਕ ਵਰਗ ਅਜਿਹਾ ਵੀ ਹੈ, ਜੋ ਔਰਤਾਂ ਨੂੰ ਦਰਪੇਸ਼ ਚੁਣੌਤੀਆਂ ਤੋਂ ਅਭਿੱਜ ਹੈ। ਇਕ ਪਾਸੇ ਬਿਜਲਈ ਸੰਚਾਰ ਮਾਧਿਅਮਾਂ ਰਾਹੀਂ ਔਰਤ ਗਲੈਮਰ ਦੀ ਦੁਨੀਆ ਵਿੱਚ ਪ੍ਰਵੇਸ਼ ਕਰਦੀ ਹੈ; ਦੂਜੇ ਪਾਸੇ, ਗੁਰਬਤ ਨਾਲ ਜੂਝ ਰਹੀ ਔਰਤ ਦੀ ਹਾਲਤ ਬਹੁਤ ਮਾੜੀ ਹੁੰਦੀ ਹੈ। ਪਾੜਾ ਬਹੁਤ ਹੈ। ਇਹ ਪਾੜਾ ਕਿਵੇਂ ਦੂਰ ਕੀਤਾ ਜਾ ਸਕਦਾ ਹੈ? ਅਜਿਹੇ ਪ੍ਰਸ਼ਨ ਚਿੰਤਨ ਦੀ ਮੰਗ ਕਰਦੇ ਹਨ।

ਇਸ ਵਿੱਚ ਕੋਈ ਸ਼ੱਕ ਨਹੀਂ ਕਿ ਔਰਤ ਨੇ ਆਪਣੀ ਸੂਝ, ਮਿਹਨਤ, ਸਵੈ-ਵਿਸ਼ਵਾਸ, ਦ੍ਰਿੜ ਇਰਾਦੇ, ਹਿੰਮਤ, ਸਿਦਕ ਨਾਲ ਅਨੇਕ ਮੱਲਾਂ ਮਾਰੀਆਂ ਹਨ। ਉਸ ਨੇ ਆਪਣੀ ਹੀ ਨਹੀਂ, ਘਰ ਪਰਿਵਾਰ ਅਤੇ ਦੇਸ਼ ਦੀ ਆਰਥਿਕਤਾ ਵਿੱਚ ਵੀ ਸੁਧਾਰ ਲਿਆਂਦਾ ਹੈ, ਪਰ ਅੱਜ ਵੀ ਬਹੁਤੇ ਪ੍ਰਸ਼ਨ ਮੂੰਹ ਅੱਡੀ ਖੜ੍ਹੇ ਹਨ। ਕੀ ਮਹਿਲਾ ਦਿਵਸ ਮਹਿਲਾਵਾਂ ਨੂੰ ਧੀਰਜ ਦੇਣ ਲਈ ਤਾਂ ਨਹੀਂ ਮਨਾਇਆ ਜਾਂਦਾ? ਸਾਲ ਵਿੱਚ ਇਕ ਦਿਨ ਨੂੰ ਮਹਿਲਾ ਦਿਵਸ ਵਜੋਂ ਮਨਾ ਲੈਣ ਨਾਲ ਕੀ ਔਰਤ ਆਰਥਿਕ ਆਜ਼ਾਦੀ ਹਾਸਲ ਕਰ ਲਵੇਗੀ? ਕੀ ਉਸ ਨੂੰ ਉਸ ਦੇ ਬਣਦੇ ਹੱਕ ਮਿਲ ਜਾਣਗੇ?

ਉਪਰਲੀ ਚਰਚਾ ਦੇ ਆਧਾਰ ’ਤੇ ਔਰਤ ਦੀ ਹਾਲਤ ਦਾ ਇਕ ਪਾਸਾ ਧੁੰਦਲਾ ਨਜ਼ਰ ਆਉਂਦਾ ਹੈ, ਦੂਜਾ ਰੌਸ਼ਨ। ਜੇ ਧੁੰਦਲੇ ਪਾਸੇ ਵਾਲੀ ਔਰਤ ਰੌਸ਼ਨ ਪਾਸੇ ਵਾਲੀ ਔਰਤ ਦੇ ਹਾਸਲਾਂ ਨੂੰ ਸਮਝ ਕੇ, ਉਸ ਨੂੰ ਆਪਣਾ ਆਦਰਸ਼ ਮੰਨ ਕੇ ਮਿਹਨਤ ਦਾ ਲੜ ਫੜ ਲਵੇ ਤਾਂ ਉਹ ਵੀ ਸਮਾਜਿਕ-ਆਰਥਿਕ ਆਜ਼ਾਦੀ ਹਾਸਲ ਕਰ ਕੇ ਸ਼ਕਤੀਸ਼ਾਲੀ ਬਣ ਸਕਦੀ ਹੈ। ਅਜਿਹੀ ਹਾਲਤ ਵਿੱਚ ਮਹਿਲਾ ਸ਼ਕਤੀਕਰਨ ਦੀਆਂ ਸੰਭਾਵਨਾਵਾਂ ਵਧ ਜਾਣਗੀਆਂ।

## ਪੰਜਾਬ 'ਤੇ ਈਸਾਈ ਹਮਲਾ! (2)

# ਪੰਜਾਬ 'ਚ ਤੇਜ਼ੀ ਨਾਲ ਈਸਾਈਕਰਨ

**ਪੰਜਾਬ 'ਤੇ ਈਸਾਈ ਹਮਲੇ ਦੇ ਖਦਸ਼ੇ ਬਾਬਤ ਇਹ ਲੇਖ ਪੰਜਾਬ ਵਿਚਲੀਆਂ ਸਿਰਮੌਰ ਸਿੱਖ ਸੰਸਥਾਵਾਂ ਵੱਲੋਂ ਸਿੱਖੀ ਪ੍ਰਚਾਰ ਦੇ ਪਸਾਰ ਅਤੇ ਸਿੱਖੀ ਵਿੱਚ ਜਾਤ-ਪਾਤ ਦੇ ਵਧਣ ਪ੍ਰਤੀ ਉਨ੍ਹਾਂ ਦੀ ਕਥਿਤ ਚੁੱਪ ਉਤੇ ਸਵਾਲ ਖੜ੍ਹੇ ਕਰਦਾ ਹੈ ਕਿ ਅਜਿਹਾ ਸਭ ਕਿਉਂ ਤੇ ਕਿੰਨਾ ਚਿਰ ਹੋਰ? ਵੈਸੇ ਤਾਂ ਧਰਮ ਪਰਿਵਰਤਨ ਕਰਨਾ ਹਰ ਇੱਕ ਦਾ ਨਿੱਜੀ ਮਸਲਾ ਹੈ, ਪਰ ਇਸ ਲੇਖ ਵਿੱਚ ਲੇਖਕ ਵੱਲੋਂ ਉਠਾਏ ਗਏ ਅਹਿਮ ਨੁਕਤੇ, ਕਾਰਨ ਤੇ ਚਿੰਤਾ ਅਤੇ ਈਸਾਈ ਭਾਈਚਾਰੇ ਵੱਲੋਂ ਸਿੱਖ ਭਾਈਚਾਰੇ ਦੇ ਕਥਿਤ ਨੀਵੀਂ ਜਾਤ ਦੇ ਲੋਕਾਂ ਨੂੰ ਲਾਲਚ ਦੇ ਕੇ ਈਸਾਈ ਬਣਨ ਲਈ ਪ੍ਰੇਰਿਤ ਕਰਨ ਦੀ ਕਵਾਇਦ, ਇੱਕ ਗੰਭੀਰ ਮਸਲਾ ਹੈ; ਖਾਸ ਕਰ ਸਿੱਖੀ ਸਿਧਾਂਤਾਂ ਨੂੰ ਢਾਹ ਲਾਉਣਾ! ਸਿੱਖ ਸਿਆਸਤਦਾਨਾਂ, ਨੁਮਾਇੰਦਿਆਂ ਤੇ ਸੰਸਥਾਵਾਂ ਦੇ ਅਵੇਸਲੇਪਨ ਪ੍ਰਤੀ ਇਹ ਲੇਖ ਪਾਠਕਾਂ ਲਈ ਜਾਣਕਾਰੀ ਹਿੱਤ ਛਾਪਿਆ ਜਾ ਰਿਹਾ ਹੈ। ਇਸ ਲੇਖ ਵਿਚਲੇ ਤੱਥਾਂ ਜਾਂ ਦਲੀਲਾਂ ਨਾਲ 'ਪੰਜਾਬੀ ਪਰਵਾਜ਼' ਦਾ ਸਹਿਮਤ ਹੋਣਾ ਜਰੂਰੀ ਨਹੀਂ। ਪੇਸ਼ ਹੈ, ਲੇਖ ਦੀ ਦੂਜੀ ਕਿਸ਼ਤ...**

**ਸੰਤੋਖ ਸਿੰਘ ਬੈਂਸ**
**ਫੋਨ: 312-351-3967**

### ਦਰਬਾਰ ਸਾਹਿਬ ਕੰਪਲੈਕਸ ਵਿਖੇ ਈਸਾਈ ਧਰਮ ਦਾ ਪ੍ਰਚਾਰ

ਬਹੁਤ ਸਾਰੇ ਵਿਦੇਸ਼ੀ ਲੋਕ ਸਮੇਂ-ਸਮੇਂ 'ਤੇ ਅੰਮ੍ਰਿਤਸਰ ਦੇ ਹਰਿਮੰਦਰ ਸਾਹਿਬ ਦੇ ਦਰਸ਼ਨ ਕਰਦੇ ਹਨ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਉਹ ਲੋਕ ਸਿੱਖ ਧਰਮ ਅਸਥਾਨ 'ਤੇ ਮੱਥਾ ਟੇਕਣ ਲਈ ਆਉਂਦੇ ਹਨ, ਪਰ ਬਦਕਿਸਮਤੀ ਨਾਲ ਹਮੇਸ਼ਾ ਅਜਿਹਾ ਨਹੀਂ ਹੁੰਦਾ।

ਜੁਲਾਈ 2017 ਵਿੱਚ ਤਿੰਨ ਬਹੁਤ ਹੀ ਸੁੰਦਰ ਅਤੇ ਗੋਰੀ ਚਮੜੀ ਵਾਲੀਆਂ ਦੱਖਣੀ ਕੋਰੀਆ ਦੀਆਂ ਔਰਤਾਂ ਨੂੰ ਦਰਬਾਰ ਸਾਹਿਬ ਕੰਪਲੈਕਸ ਵਿੱਚ ਦੇਖਿਆ ਗਿਆ ਸੀ। ਉਹ ਇੱਕ ਸਿੱਖ ਔਰਤ ਕੋਲ ਆਈਆਂ ਅਤੇ ਉਸ ਦਾ ਨਾਮ ਅਤੇ ਉਮਰ ਪੁੱਛੀ। ਇਸ ਤੋਂ ਬਾਅਦ ਉਨ੍ਹਾਂ ਨੇ ਬੇਸ਼ਰਮੀ ਨਾਲ ਉਸ ਨੂੰ ਪੁੱਛਿਆ ਕਿ ਕੀ ਉਹ ਈਸਾਈ ਧਰਮ ਅਪਨਾਉਣਾ ਚਾਹੁੰਦੀ ਹੈ? ਉਨ੍ਹਾਂ ਨੇ ਇਹ ਵੀ ਪੇਸ਼ਕਸ਼ ਕੀਤੀ ਕਿ ਜੇ ਉਹ ਧਰਮ ਪਰਿਵਰਤਨ ਕਰਨ ਲਈ ਰਾਜ਼ੀ ਹੋ ਜਾਂਦੀ ਹੈ ਤਾਂ ਉਸ ਨੂੰ ਚੰਗੀ ਰਕਮ ਅਦਾ ਕੀਤੀ ਜਾਵੇਗੀ। ਜਦੋਂ ਸਿੱਖ ਔਰਤ ਨੇ ਉਸ ਕਿਤਾਬ ਨੂੰ ਦੇਖਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਦੱਖਣੀ ਕੋਰੀਆ ਦੀਆਂ ਤਿੰਨ ਔਰਤਾਂ ਵਿੱਚੋਂ ਇੱਕ ਲੈ ਕੇ ਜਾ ਰਹੀ ਸੀ ਤਾਂ ਉਨ੍ਹਾਂ ਵਿੱਚੋਂ ਇੱਕ ਨੇ ਉਸ ਨੂੰ ਥੱਪੜ ਮਾਰ ਕੇ ਕਿਤਾਬ ਵਾਪਸ ਲੈ ਲਈ।

ਜਦੋਂ ਕੁਝ ਐਸ.ਜੀ.ਪੀ.ਸੀ. ਸਟਾਫ ਮੈਂਬਰ ਅਤੇ ਪੁਲਿਸ ਉਥੇ ਪਹੁੰਚੇ ਤਾਂ ਦੱਖਣੀ ਕੋਰੀਆ ਦੀਆਂ ਔਰਤਾਂ ਨੇ ਮੁਆਫੀਨਾਮਾ ਲਿਖ ਕੇ ਧਰਮ ਪਰਿਵਰਤਨ ਕਰਵਾਉਣ ਲਈ ਦਰਬਾਰ ਸਾਹਿਬ ਕੰਪਲੈਕਸ ਵਿੱਚ ਦੁਬਾਰਾ ਨਾ ਆਉਣ ਦਾ ਵਾਅਦਾ ਕੀਤਾ।

ਇਹ ਬਹੁਤ ਸੰਭਵ ਹੈ ਕਿ ਨੌਜਵਾਨ ਅਤੇ ਸੁੰਦਰ ਵਿਦੇਸ਼ੀ ਔਰਤਾਂ ਅਜੇ ਵੀ ਦਰਬਾਰ ਸਾਹਿਬ ਕੰਪਲੈਕਸ ਵਿੱਚ ਸਿੱਖ ਨੌਜਵਾਨ ਮਰਦਾਂ ਅਤੇ ਔਰਤਾਂ ਕੋਲ ਆਉਂਦੀਆਂ ਹਨ, ਉਨ੍ਹਾਂ ਨੂੰ ਨਕਦ ਅਤੇ ਹੋਰ ਪ੍ਰੇਰਨਾ ਜਿਵੇਂ ਕਿ ਉਨ੍ਹਾਂ ਲਈ ਆਕਰਸ਼ਕ ਵਿਦੇਸ਼ੀ ਲਾੜੀ ਜਾਂ ਲਾੜੇ ਪ੍ਰਾਪਤ ਕਰਨਾ, ਅਤੇ ਉਨ੍ਹਾਂ ਲਈ ਅਮਰੀਕਾ-ਕੈਨੇਡਾ ਜਾਂ ਯੂ.ਕੇ. ਲਈ ਵੀਜ਼ਾ ਪ੍ਰਾਪਤ ਕਰਨ ਦਾ ਪ੍ਰਬੰਧ ਕਰਨਾ ਤੇ ਫਿਰ ਉਨ੍ਹਾਂ ਨੂੰ ਸਬੰਧਤ ਦੇਸ਼ ਵਿੱਚ ਸੈਟਲ ਕਰਵਾਉਣਾ ਸਮੇਤ ਹੋਰ ਲਾਲਚ ਦਿੱਤੇ ਜਾਂਦੇ ਹਨ। ਬਹੁਤ ਸਾਰੇ ਨੌਜਵਾਨ ਸਿੱਖ, ਖਾਸ ਕਰਕੇ ਪਤਿਤ ਸਿੱਖ, ਆਸਾਨੀ ਨਾਲ ਇਨ੍ਹਾਂ ਦੇ ਜਾਲ ਵਿੱਚ ਫਸ ਸਕਦੇ ਹਨ ਅਤੇ ਇਸ ਤਰ੍ਹਾਂ ਈਸਾਈ ਧਰਮ ਵਿੱਚ ਤਬਦੀਲ ਹੋ ਸਕਦੇ ਹਨ।

ਦਰਬਾਰ ਸਾਹਿਬ ਕੰਪਲੈਕਸ ਤੋਂ ਇਲਾਵਾ ਨੌਜਵਾਨ ਅਤੇ ਆਕਰਸ਼ਕ ਈਸਾਈ ਔਰਤਾਂ ਪ੍ਰਚਾਰਕ ਵੀ ਆਪਣੇ ਨਾਪਾਕ ਮਨਸੂਬਿਆਂ ਲਈ ਪੰਜਾਬ ਦੇ ਹੋਰ ਮਹੱਤਵਪੂਰਨ ਗੁਰਦੁਆਰਿਆਂ ਦੇ ਦਰਸ਼ਨ ਕਰਨ ਦੇ ਬਹਾਨੇ ਪਹੁੰਚ ਸਕਦੀਆਂ ਹਨ। ਇਸ ਲਈ ਸ਼੍ਰੋਮਣੀ ਕਮੇਟੀ ਦੇ ਨਾਲ-ਨਾਲ ਪੰਜਾਬ ਵਿੱਚ ਸਥਿਤ ਹੋਰ ਮਹੱਤਵਪੂਰਨ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਵੀ ਸੁਚੇਤ ਰਹਿਣ ਦੀ ਲੋੜ ਹੈ।

### ਈਸਾਈਕਰਨ

ਅਜੋਕੇ ਸਮੇਂ ਵਿੱਚ ਪੰਜਾਬ ਭਰ ਦੇ ਪਿੰਡਾਂ ਵਿੱਚ ਚਰਚਾਂ ਦੀ ਗਿਣਤੀ ਬਹੁਤ ਵੱਧ ਗਈ ਹੈ। ਸਿਰਫ਼ ਅੰਮ੍ਰਿਤਸਰ ਅਤੇ ਗੁਰਦਾਸਪੁਰ- ਦੋ ਜ਼ਿਲ੍ਹਿਆਂ ਵਿੱਚ ਹੀ ਹੁਣ 700 ਦੇ ਕਰੀਬ ਚਰਚ ਹਨ। ਹੋਰ ਜ਼ਿਲ੍ਹਿਆਂ ਵਿੱਚ ਵੀ ਚਰਚਾਂ ਦੀ ਗਿਣਤੀ ਵਿੱਚ ਅਥਾਹ ਵਾਧਾ ਹੋ ਰਿਹਾ ਹੈ। ਰਾਜ ਵਿੱਚ ਈਸਾਈ ਆਬਾਦੀ ਦਿਨੋ-ਦਿਨ ਚਿੰਤਾਜਨਕ ਦਰ ਨਾਲ ਵਧ ਰਹੀ ਹੈ। ਕੁੱਝ ਈਸਾਈ ਪ੍ਰਚਾਰਕਾਂ ਅਨੁਸਾਰ ਪੰਜਾਬ ਦੀ ਮੌਜੂਦਾ ਆਬਾਦੀ ਦਾ ਲਗਭਗ 10 ਪ੍ਰਤੀਸ਼ਤ ਈਸਾਈ ਹੈ। ਉਹ ਨਿੱਜੀ ਤੌਰ 'ਤੇ ਨੇੜਲੇ ਭਵਿੱਖ ਵਿੱਚ ਪੰਜਾਬ ਨੂੰ ਈਸਾਈ ਬਹੁਗਿਣਤੀ ਵਾਲੇ ਰਾਜ ਵਿੱਚ ਤਬਦੀਲ ਕਰਨ ਦੀ ਗੱਲ ਕਰ ਰਹੇ ਹਨ।

ਹਰਭਜਨ ਸਿੰਘ ਨੇ 1986 ਵਿੱਚ ਸਿੱਖ ਧਰਮ ਤੋਂ ਈਸਾਈ ਧਰਮ ਅਪਨਾ ਲਿਆ ਸੀ। ਹੁਣ ਉਹ ਓਪਨ ਡੋਰ ਚਰਚ ਦਾ ਪਾਦਰੀ ਹੈ, ਜੋ ਕਿ ਖੋਜੇਵਾਲਾ ਦੇ ਛੋਟੇ ਜਿਹੇ ਪਿੰਡ ਵਿੱਚ ਸਭ ਤੋਂ ਵੱਡੀਆਂ ਇਮਾਰਤਾਂ ਵਿੱਚੋਂ ਇੱਕ ਹੈ। ਇਸ ਚਰਚ ਨੇ ਹੁਣ ਤੱਕ 2,800 ਤੋਂ ਵੱਧ ਵਿਅਕਤੀਆਂ ਨੂੰ ਈਸਾਈ ਬਣਾ ਦਿੱਤਾ ਹੈ ਅਤੇ ਕਈ ਹੋਰ ਈਸਾਈ ਬਣਨ ਦੀ ਉਡੀਕ ਕਰ ਰਹੇ ਹਨ।

ਇਸਾਈ ਧਰਮ ਵਿੱਚ ਪਰਿਵਰਤਨ ਤੋਂ ਬਾਅਦ ਗੁਲਸ਼ਨ ਸਿੰਘ ਲਭਾਣਾ ਇੱਕ ਮਿਸ਼ਨਰੀ ਬਣ ਗਿਆ। ਉਸ ਨੂੰ ਹੁਣ ਉਸ ਦੇ ਯੂਟਿਊਬ ਵੀਡੀਓ ਕਲਿਪਾਂ ਵਿੱਚ ਗੁਲਸ਼ਨ ਸਿੰਘ ਬਿਸ਼ਪ ਜਾਂ ਲਭਾਣਾ ਚਰਚ ਹੋਲੀ ਸੁਸਾਇਟੀ ਦੇ ਰੈਵਰੇਂਡ ਗੁਲਸ਼ਨ ਸਿੰਘ ਲਭਾਣਾ ਦੇ ਰੂਪ ਵਿੱਚ ਸੰਬੋਧਿਤ ਕੀਤਾ ਜਾਂਦਾ ਹੈ।

ਪਾਦਰੀ ਗੁਰਸ਼ਰਨ ਕੌਰ ਦਿਓਲ ਅਤੇ ਪ੍ਰੌਫੈਟ ਬਜਿੰਦਰ ਸਿੰਘ (ਬਲਾਤਕਾਰ ਦਾ ਕਥਿਤ ਦੋਸ਼ੀ) ਗਰੀਬ ਅਤੇ ਅਨਪੜ੍ਹ ਦਲਿਤ ਸਿੱਖਾਂ ਨੂੰ ਈਸਾਈ ਬਣਾਉਣ ਲਈ ਵੱਡੇ ਪੱਧਰ 'ਤੇ ਜਾਅਲੀ ਚਮਤਕਾਰੀ ਇਲਾਜ ਅਤੇ ਹੋਰ ਧੋਖੇਬਾਜ਼ ਤਰੀਕੇ ਵਰਤ ਰਹੇ ਹਨ।

'ਅਪੋਸਟਲ' ਅੰਕੁਰ ਨਰੂਲਾ ਨੇ 2008 ਵਿੱਚ ਸਿਰਫ 3 ਫਾਲੋਅਰਜ਼ ਨਾਲ ਸ਼ੁਰੂਆਤ ਕੀਤੀ ਸੀ। 2018 ਤੱਕ ਉਸ ਦੇ ਫਾਲੋਅਰਜ਼ ਦੀ ਗਿਣਤੀ 1.2 ਲੱਖ ਹੋ ਗਈ ਸੀ। ਉਸ ਦਾ ਦਾਅਵਾ ਹੈ ਕਿ ਉਸ ਦੇ ਪੈਰੋਕਾਰਾਂ ਦੀ ਗਿਣਤੀ ਹੁਣ ਲਗਭਗ 4 ਲੱਖ ਹੈ।

ਆਲ ਇੰਡੀਆ ਕ੍ਰਿਸਚੀਅਨ ਕੌਂਸਲ ਦੇ ਜਨਰਲ ਸਕੱਤਰ ਜੌਨ ਦਿਆਲ ਦਾ ਕਹਿਣਾ ਹੈ ਕਿ ਪੰਜਾਬ ਵਿੱਚ ਮਸੀਹ ਪ੍ਰਤੀ ਨਵੀਂ ਖੁੱਲ੍ਹ ਹੈ। ਉਹ ਅੱਗੇ ਕਹਿੰਦਾ ਹੈ, "ਪੰਜਾਬ ਵਿੱਚ 20 ਸਾਲ ਦੁਖਦਾਈ ਰਹੇ ਹਨ। ਵਰਤਮਾਨ ਵਿੱਚ ਬੇਰੁਜ਼ਗਾਰੀ, ਨਸ਼ਾਖੋਰੀ, ਆਸਾਨ ਪੈਸਾ ਅਤੇ ਹਿੰਦੂਆਂ ਤੇ ਸਿੱਖਾਂ ਵਿੱਚ ਵੰਡ ਹੈ। ਇੱਕ ਸਹੀ ਮਾਰਗ ਦੀ ਭਾਲ ਵਿੱਚ ਲੋਕ ਮਸੀਹ ਵੱਲ ਮੁੜ ਰਹੇ ਹਨ।" ਹਜ਼ਾਰੋਂ ਪਾਦਰੀ ਬਿਨਾ ਕਿਸੇ ਡਰ ਤੋਂ ਪੰਜਾਬ ਵਿੱਚ ਧਰਮ ਪਰਿਵਰਤਨ ਦਾ ਧੰਦਾ ਚਲਾ ਰਹੇ ਹਨ। ਉਨ੍ਹਾਂ ਵਿੱਚੋਂ ਕੁੱਝ ਦੇ ਹਜ਼ਾਰਾਂ ਤੋਂ ਲੱਖਾਂ ਫਾਲੋਅਰ ਹਨ, ਇਸ ਤਰ੍ਹਾਂ ਉਹ ਕਰੋੜਾਂ ਰੁਪਏ ਕਮਾ ਰਹੇ ਹਨ। ਉਹ ਕਈ ਵਾਰ ਆਪਣੇ ਧਰਮ ਪਰਿਵਰਤਨ ਦੇ ਕਾਰੋਬਾਰ ਲਈ ਦੂਜਿਆਂ ਨੂੰ ਫਰੈਂਚਾਇਜ਼ੀ ਵੀ ਦਿੰਦੇ ਹਨ। ਬਹੁਤ ਸਾਰੇ ਲੋਕ ਹਰ ਮਹੀਨੇ ਮੈਦਾਨ ਵਿੱਚ ਆ ਜਾਂਦੇ ਹਨ, ਕਿਉਂਕਿ ਇਹ ਸ਼ਾਇਦ ਅੱਜ ਪੰਜਾਬ ਵਿੱਚ ਸਭ ਤੋਂ ਵੱਧ ਮੁਨਾਫੇ ਵਾਲਾ ਕਾਰੋਬਾਰ ਹੈ।

### ਪੰਜਾਬ ਤੋਂ ਬਾਹਰਲੇ ਸਿੱਖਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ

ਇਹ ਕਹਿਣਾ ਸਹੀ ਨਹੀਂ ਹੈ ਕਿ ਈਸਾਈ ਮਿਸ਼ਨਰੀ ਸਿਰਫ ਪੰਜਾਬ ਵਿੱਚ ਹੀ ਸਿੱਖਾਂ ਨੂੰ ਨਿਸ਼ਾਨਾ ਬਣਾਉਂਦੇ ਹਨ। ਕਈ ਘਟਨਾਵਾਂ ਸਾਹਮਣੇ ਆਈਆਂ ਹਨ, ਜਿੱਥੇ ਈਸਾਈ ਮਿਸ਼ਨਰੀ ਦੂਜੇ ਸੂਬਿਆਂ ਵਿੱਚ ਵੀ ਸਿੱਖਾਂ ਦਾ ਧਰਮ ਪਰਿਵਰਤਨ ਕਰਨ ਵਿੱਚ ਕਾਮਯਾਬ ਹੋਏ ਹਨ।

ਮੱਧ ਪ੍ਰਦੇਸ਼ ਵਿੱਚ ਇੱਕ ਪਗੜੀ ਅਤੇ ਦਾੜ੍ਹੀ ਵਾਲਾ ਵਿਅਕਤੀ (ਜੋ ਇੱਕ ਪੱਕਾ ਸਿੱਖ ਜਾਪਦਾ ਸੀ), ਕੁੱਝ ਸਮਾਂ ਪਹਿਲਾਂ ਭੋਪਾਲ ਦੇ ਟੈਲੀਫੋਨ ਵਿਭਾਗ ਵਿੱਚ ਸ਼ਾਮਲ ਹੋਇਆ ਸੀ। ਉਹ ਇੱਕ ਸੀਨੀਅਰ ਅਫਸਰ ਸੀ, ਜੋ ਮੂਲ ਰੂਪ ਵਿੱਚ ਅੰਮ੍ਰਿਤਸਰ ਇਲਾਕੇ ਦਾ ਰਹਿਣ ਵਾਲਾ ਸੀ। ਇੱਕ ਈਸਾਈ ਮਿਸ਼ਨਰੀ ਵਜੋਂ ਕੰਮ ਕਰਦਿਆਂ ਉਹ ਵਿਭਾਗ ਦੇ ਹੋਰ ਸਿੱਖ ਕਰਮਚਾਰੀਆਂ ਨੂੰ ਹਰ ਐਤਵਾਰ ਨੂੰ ਆਪਣੇ ਨਾਲ ਚਰਚ ਜਾਣ ਲਈ ਕਹਿੰਦਾ ਸੀ। ਜਦੋਂ ਭੋਪਾਲ ਦੇ ਕੁੱਝ ਉੱਘੇ ਸਿੱਖਾਂ ਨੇ ਉਸ ਦਾ ਸਾਹਮਣਾ ਕੀਤਾ, ਤਾਂ ਉਸ ਨੇ ਸ਼ੁਰੂ ਵਿੱਚ ਕਿਹਾ ਕਿ ਯਿਸੂ ਮਸੀਹ ਨੇ ਮਨੁੱਖਤਾ ਦੀ ਖ਼ਾਤਰ ਆਪਣੀ ਜਾਨ ਕੁਰਬਾਨ ਕੀਤੀ ਸੀ। ਜਦੋਂ ਭੋਪਾਲ ਸਿੱਖਾਂ ਨੇ ਉਸ ਨੂੰ ਸਿੱਖ ਗੁਰੂਆਂ ਦੀਆਂ ਅਤੇ ਹੋਰ ਸਿੱਖ ਸ਼ਹੀਦਾਂ ਦੀਆਂ ਕੁਰਬਾਨੀਆਂ ਬਾਰੇ ਦੱਸਿਆਂ ਤਾਂ ਉਹ ਕੁੱਝ ਵੀ ਨਾ ਕਹਿ ਸਕਿਆ।

ਕੁਝ ਅਪ੍ਰਮਾਣਿਤ ਰਿਪੋਰਟਾਂ ਅਨੁਸਾਰ ਉੱਤਰ ਪ੍ਰਦੇਸ਼ ਦੇ ਕੁੱਝ ਸਿੱਖ ਈਸਾਈ ਮਿਸ਼ਨਰੀਆਂ ਦੇ ਪ੍ਰਭਾਵ ਵਿੱਚ ਆ ਗਏ ਅਤੇ ਫਿਰ ਉਨ੍ਹਾਂ ਨੇ ਯਿਸੂ ਮਸੀਹ ਨੂੰ ਆਪਣਾ ਮੁਕਤੀਦਾਤਾ ਮੰਨ ਲਿਆ।

### ਪੰਜਾਬ ਵਿੱਚ ਘਰ ਵਾਪਸੀ ਦੇ ਕੰਮ

ਰਾਸ਼ਟਰੀ ਸਵੈਮ ਸੇਵਕ ਸੰਘ (ਆਰ.ਐਸ.ਐਸ.), ਇਸ ਦੀ ਸਹਿਯੋਗੀ ਸੰਸਥਾ ਧਰਮ ਜਾਗਰਣ ਮੰਚ (ਡੀ.ਜੇ.ਐਮ.) ਅਤੇ ਵਿਸ਼ਵ ਹਿੰਦੂ ਪ੍ਰੀਸ਼ਦ (ਵੀ.ਐਚ.ਪੀ.) ਨੇ ਪਹਿਲਾਂ ਇਸਲਾਮ ਜਾਂ ਈਸਾਈ ਧਰਮ ਵਿੱਚ ਪਰਿਵਰਤਿਤ ਹੋਏ ਹਿੰਦੂਆਂ ਨੂੰ ਵਾਪਸ ਲਿਆਉਣ ਲਈ ਪੂਰੇ ਭਾਰਤ ਵਿੱਚ ਬਹੁਤ ਸਾਰੇ ਵਿਸ਼ੇਸ਼ ਸਮਾਗਮਾਂ ਦਾ ਸਫਲਤਾਪੂਰਨ ਆਯੋਜਨ ਕੀਤਾ ਹੈ। ਉਨ੍ਹਾਂ ਦਾ ਮੁੱਖ ਫੋਕਸ ਹਿੰਦੂ ਧਰਮ ਪਰਿਵਰਤਨ ਕਰਨ ਵਾਲਿਆਂ ਨੂੰ ਵਾਪਸ ਲਿਆਉਣਾ ਰਿਹਾ ਹੈ, ਉਨ੍ਹਾਂ ਨੇ ਪੰਜਾਬ ਵਿੱਚ ਬਹੁਤ ਸਾਰੇ ਦਲਿਤ ਸਿੱਖਾਂ ਨੂੰ ਵੀ, ਜਿਨ੍ਹਾਂ ਵਿੱਚ ਔਰਤਾਂ ਅਤੇ ਬੱਚੇ ਵੀ ਸ਼ਾਮਲ ਹਨ, ਨੂੰ ਈਸਾਈ ਤੋਂ ਸਿੱਖ ਧਰਮ ਵਿੱਚ ਤਬਦੀਲ ਕੀਤਾ ਹੈ।

ਇਹ ਹਕੀਕਤ ਹੈ ਕਿ ਬਹੁਤ ਸਾਰੇ ਦਲਿਤ ਸਿੱਖਾਂ ਨੂੰ ਕਈ ਤਰ੍ਹਾਂ ਦੇ ਲਾਲਚਾਂ ਕਾਰਨ ਇਸਾਈ ਧਰਮ ਵਿੱਚ ਫਸਾਇਆ ਗਿਆ ਸੀ, ਪਰ ਹੁਣ ਉਹ ਆਪਣੇ ਮੂਲ ਧਰਮ ਅਰਥਾਤ ਸਿੱਖ ਧਰਮ ਵਿੱਚ ਵਾਪਸ ਆਉਣ ਦੇ ਚਾਹਵਾਨ ਹਨ।

ਅੰਮ੍ਰਿਤਸਰ ਦੇ ਨੇੜੇ ਗੁਰੂ ਕੀ ਵਡਾਲੀ ਦੇ ਇੱਕ ਗੁਰਦੁਆਰੇ ਵਿੱਚ ਆਯੋਜਿਤ ਇੱਕ ਘਰ ਵਾਪਸੀ ਸਮਾਗਮ ਵਿੱਚ 40 ਮਜ਼੍ਹਬੀ ਲੋਕਾਂ ਨੇ ਮੁੜ ਸਿੱਖ ਧਰਮ ਨੂੰ ਅਪਨਾ ਲਿਆ। ਪੰਜਾਬ ਵਿੱਚ ਵੱਖ-ਵੱਖ ਥਾਵਾਂ 'ਤੇ ਅਜਿਹੇ ਬਹੁਤ ਸਾਰੇ ਸਮਾਗਮ ਹੋਏ। ਇੰਡੀਅਨ ਐਕਸਪ੍ਰੈਸ ਦੀ ਇੱਕ ਰਿਪੋਰਟ ਅਨੁਸਾਰ ਹੁਸ਼ਿਆਰਪੁਰ ਜ਼ਿਲ੍ਹੇ ਵਿੱਚ ਸਭ ਤੋਂ ਵੱਧ ਲੋਕ ਘਰ ਵਾਪਿਸ ਆਏ ਹਨ, ਜਿਸ ਤੋਂ ਬਾਅਦ ਅੰਮ੍ਰਿਤਸਰ ਅਤੇ ਬਟਾਲਾ ਦਾ ਨੰਬਰ ਆਉਂਦਾ ਹੈ। 8,000 ਤੋਂ ਵੱਧ ਨਵੇਂ ਈਸਾਈ ਸਿੱਖ ਧਰਮ ਵਿੱਚ ਵਾਪਸ ਆਏ ਹਨ।



ਇੱਕ ਵਿਧਵਾ ਕਿੰਦਰ ਕੌਰ, ਜਿਸ ਨੇ ਸਿੱਖ ਧਰਮ ਵਿੱਚ ਮੁੜ ਪਰਿਵਰਤਨ ਕੀਤਾ, ਨੇ ਕਿਹਾ, "ਅਸੀਂ (ਈਸਾਈ ਧਰਮ ਵਿੱਚ) ਪਰਿਵਰਤਿਤ ਹੋਏ ਸੀ, ਕਿਉਂਕਿ ਸਾਨੂੰ ਦੱਸਿਆ ਗਿਆ ਸੀ ਕਿ ਮੇਰੇ ਪਤੀ ਆਪਣੀ ਬਿਮਾਰੀ ਤੋਂ ਠੀਕ ਹੋ ਜਾਣਗੇ। 2011 ਵਿੱਚ ਉਸ ਦੀ ਮੌਤ ਹੋ ਗਈ। ਤਿੰਨ ਮਹੀਨੇ ਪਹਿਲਾਂ ਆਰ.ਐਸ.ਐਸ. ਨੇ ਸਾਨੂੰ ਦੁਬਾਰਾ ਸਿੱਖ ਬਣਨ ਲਈ ਪ੍ਰੇਰਿਤ ਕੀਤਾ। ਮੈਂ ਆਪਣੇ ਬੱਚਿਆਂ ਦੇ ਨਾਂ ਵੀ ਥਾਮਸ ਅਤੇ ਰੇਬੇਕਾ ਤੋਂ ਬਦਲ ਕੇ ਸੁਮੀਤ ਅਤੇ ਕੁਲਜੀਤ ਰੱਖ ਲਏ ਹਨ।"

ਮੁੜ ਧਰਮ ਪਰਿਵਰਤਨ ਵਿੱਚ ਮਦਦ ਕਰਨ ਵਾਲੀ ਐਸ.ਜੀ.ਪੀ.ਸੀ. ਮੈਂਬਰ ਕਿਰਨਜੋਤ ਕੌਰ ਨੇ ਕਿਹਾ ਕਿ ਇਸਾਈ ਧਰਮ ਹੁਣ ਪੰਜਾਬ ਵਿੱਚ ਸਿੱਖ ਧਰਮ ਲਈ ਗੰਭੀਰ ਖਤਰਾ ਪੈਦਾ ਕਰ ਰਿਹਾ ਹੈ। ਬਦਕਿਸਮਤੀ ਨਾਲ ਸ਼੍ਰੋਮਣੀ ਅਕਾਲੀ ਦਲ ਅਤੇ ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਦਾ ਮੁੜ ਧਰਮ ਪਰਿਵਰਤਨ ਦਾ ਖੁੱਲ੍ਹ ਕੇ ਸਮਰਥਨ ਨਹੀਂ ਕੀਤਾ। ਮੰਨਿਆ ਜਾ ਰਿਹਾ ਹੈ ਕਿ (ਸਵਰਗੀ) ਪ੍ਰਕਾਸ਼ ਸਿੰਘ ਬਾਦਲ ਅਤੇ ਸੁਖਬੀਰ ਸਿੰਘ ਬਾਦਲ ਦਲਿਤ ਈਸਾਈਆਂ ਨੂੰ ਆਪਣੇ ਵੋਟ ਬੈਂਕ ਵਜੋਂ ਦੇਖਦੇ ਰਹੇ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ (ਜੋ ਖੁਦ ਦਲਿਤ ਸਿੱਖ ਹਨ) ਨੇ ਆਪਣਾ ਸਟੈਂਡ ਸਪੱਸ਼ਟ ਨਹੀਂ ਕੀਤਾ, ਪਰ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਪੰਜਾਬ ਕਾਂਗਰਸ ਦੇ ਕੁੱਝ ਆਗੂ ਚੋਣਾਂ ਵਿੱਚ ਦਲਿਤ ਈਸਾਈਆਂ ਦੀਆਂ ਵੋਟਾਂ ਹਾਸਲ ਕਰਨ ਦੇ ਚਾਹਵਾਨ ਹਨ। ਆਮ ਆਦਮੀ ਪਾਰਟੀ ਵੀ ਵੋਟ ਬੈਂਕ ਨੂੰ ਮੱਦੇਨਜ਼ਰ ਰੱਖ ਕੇ ਇਸ ਮੱਦੇ 'ਤੇ ਚੁੱਪ ਹੈ।

ਪੰਜਾਬ ਵਿੱਚ ਈਸਾਈ ਹੁਣ ਕਾਫੀ ਗਿਣਤੀ ਵਿੱਚ ਹਨ। ਆਪਣੀ ਮੌਜੂਦਾ ਸੰਖਿਆਤਮਕ ਤਾਕਤ (ਪੰਜਾਬ ਦੀ ਮੌਜੂਦਾ ਆਬਾਦੀ ਦਾ ਲਗਭਗ 10 ਫੀਸਦੀ) ਹੋਣ ਕਾਰਨ ਉਹ ਪੰਜਾਬ ਦੀ ਰਾਜਨੀਤੀ ਵਿੱਚ ਸਰਗਰਮ ਹੋ ਰਹੇ ਹਨ। ਰੌਸ਼ਨ ਮਸੀਹ ਕਾਂਗਰਸ ਪਾਰਟੀ ਦੇ ਗੁਰਦਾਸਪੁਰ ਜ਼ਿਲ੍ਹਾ ਪ੍ਰਧਾਨ ਹਨ। 2019 ਦੀਆਂ ਲੋਕ ਸਭਾ ਚੋਣਾਂ ਵਿੱਚ ਪੀਟਰ ਮਸੀਹ ਨੇ ਆਮ ਆਦਮੀ ਪਾਰਟੀ (ਆਪ) ਦੇ ਉਮੀਦਵਾਰ ਵਜੋਂ ਚੋਣ ਲੜੀ ਸੀ। ਸੋਨੂੰ ਜਫਰ ਇੱਕ 'ਆਪ' ਆਗੂ ਹੈ; ਉਹ ਈਸਾਈ ਸਮਾਜ ਫਰੰਟ ਦਾ ਪ੍ਰਧਾਨ ਵੀ ਹੈ, ਜਿਸ ਦੇ ਪੰਜਾਬ ਵਿੱਚ ਤਕਰੀਬਨ ਇੱਕ ਲੱਖ ਮੈਂਬਰ ਹਨ। ਅੰਮ੍ਰਿਤਸਰ ਜ਼ਿਲ੍ਹੇ ਦੇ ਅਜਨਾਲਾ ਹਲਕੇ ਵਿੱਚ ਕਰੀਬ 43,000 ਈਸਾਈ ਵੋਟਰ ਹੋਣ ਕਾਰਨ ਸੋਨੂੰ ਜਫਰ ਰਾਜਨੀਤੀ ਵਿੱਚ ਸਰਗਰਮ ਹੈ।

ਪੰਜਾਬ ਦਾ ਈਸਾਈ ਆਗੂ ਰਹਿਮਤ ਮਸੀਹ ਰਾਜ ਦੀ ਵਿਧਾਨ ਸਭਾ ਵਿੱਚ ਪੰਜਾਬ ਦੇ ਈਸਾਈ ਭਾਈਚਾਰੇ ਲਈ ਪ੍ਰਤੀਨਿਧਤਾ ਦੀ ਮੰਗ ਕਰਦਾ ਰਿਹਾ ਹੈ। ਉਹ ਪਰਿਵਰਤਨ ਸਰਟੀਫਿਕੇਟ ਪ੍ਰਾਪਤ ਕਰਨ ਲਈ ਆਸਾਨ ਤਰੀਕਿਆਂ ਲਈ ਵੀ ਬੇਨਤੀ ਕਰਦਾ ਹੈ। ਪੰਜਾਬ ਦੇ ਈਸਾਈ ਪੰਜਾਬ ਦੀਆਂ ਸਰਕਾਰੀ ਨੌਕਰੀਆਂ ਵਿੱਚ ਉਨ੍ਹਾਂ ਲਈ 2 ਫੀਸਦੀ ਰਾਖਵੇਂਕਰਨ ਦੀ ਮੰਗ ਕਰ ਰਹੇ ਹਨ। ਉਹ ਪੰਜਾਬ ਵਿੱਚ ਰਾਜ ਘੱਟ ਗਿਣਤੀ ਕਮਿਸ਼ਨ ਦੀ ਸਥਾਪਨਾ ਵੀ ਚਾਹੁੰਦੇ ਹਨ।

ਇੰਜ ਜਾਪਦਾ ਹੈ ਕਿ ਪੰਜਾਬ ਦੇ ਬਹੁਤ ਸਾਰੇ ਸਿੱਖ, ਸਿਆਸੀ ਅਤੇ ਧਾਰਮਿਕ ਆਗੂ ਅਸਿੱਧੇ ਤੌਰ 'ਤੇ ਇਸਾਈ ਮਿਸ਼ਨਰੀਆਂ ਨੂੰ ਬਿਨਾ ਕਿਸੇ ਰੁਕਾਵਟ ਦੇ ਉਨ੍ਹਾਂ ਦੀ ਮਿਸ਼ਨਰੀ ਗਤੀਵਿਧੀਆਂ ਨੂੰ ਅੱਗੇ ਵਧਾਉਣ ਲਈ ਮਦਦ ਕਰ ਰਹੇ ਹਨ। ਸਾਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਬਹੁਤ ਸਾਰੇ ਸਿੱਖ ਸਿਆਸੀ ਆਗੂ ਆਪਣੇ ਸਿਆਸੀ ਫਾਇਦੇ ਲਈ ਰਾਮ ਰਹੀਮ (ਡੇਰਾ ਸੱਚਾ ਸੌਦਾ ਦਾ ਸੰਸਥਾਪਕ) ਦਾ ਖੁੱਲ੍ਹ ਕੇ ਸਮਰਥਨ ਕਰਦੇ ਰਹੇ ਹਨ।

### ਧਰਮ ਪਰਿਵਰਤਨ ਅਤੇ ਸਿੱਖ ਧਰਮ

ਈਸਾਈਅਤ ਅਤੇ ਇਸਲਾਮ ਵਾਂਗ ਸਿੱਖ ਧਰਮ ਵੀ ਹਮੇਸ਼ਾ ਤੋਂ ਧਰਮ ਪਰਿਵਰਤਨ ਦੀ ਇਜਾਜ਼ਤ ਦੇਣ ਵਾਲਾ ਧਰਮ ਰਿਹਾ ਹੈ, ਪਰ ਸਿੱਖ ਗੁਰੂਆਂ ਅਤੇ ਹੋਰ ਸਿੱਖ ਪ੍ਰਚਾਰਕਾਂ ਨੇ ਧਰਮ ਪਰਿਵਰਤਨ ਲਈ ਕਦੇ ਵੀ ਤਾਕਤ ਦੀ ਵਰਤੋਂ ਨਹੀਂ ਕੀਤੀ। ਕਈ ਮੁਸਲਿਮ ਅਤੇ ਈਸਾਈ ਸ਼ਾਸਕਾਂ ਵਾਂਗ ਮਹਾਰਾਜਾ ਰਣਜੀਤ ਸਿੰਘ ਵੀ ਆਪਣੇ ਰਾਜ ਵਿੱਚ ਸਿੱਖਾਂ ਦੀ ਸੰਖਿਆ ਨੂੰ ਵਧਾਉਣ ਲਈ ਤਾਕਤ ਦੀ ਵਰਤੋਂ ਕਰ ਸਕਦੇ ਸਨ, ਪਰ ਉਨ੍ਹਾਂ ਕਦੇ ਵੀ ਧਰਮ ਪਰਿਵਰਤਨ ਲਈ ਤਾਕਤ ਦੀ ਵਰਤੋਂ ਕਰਨ ਦਾ ਸਮਰਥਨ ਨਹੀਂ ਕੀਤਾ।

ਨਾਲ ਹੀ, ਬਹੁਤ ਸਾਰੇ ਮੌਲਵੀਆਂ ਅਤੇ ਈਸਾਈ ਮਿਸ਼ਨਰੀਆਂ ਦੇ ਉਲਟ ਸਿੱਖ ਪ੍ਰਚਾਰਕਾਂ ਨੇ ਧਰਮ ਪਰਿਵਰਤਨ ਦੇ ਉਦੇਸ਼ ਲਈ ਕਦੇ ਵੀ ਅਨੈਤਿਕ ਤਰੀਕਿਆਂ ਦੀ ਵਰਤੋਂ ਨਹੀਂ ਕੀਤੀ। ਸਿੱਖ ਗੁਰੂਆਂ ਦੀਆਂ ਉੱਚੀਆਂ ਸਿੱਖਿਆਵਾਂ ਤੋਂ ਬਹੁਤ ਪ੍ਰਭਾਵਿਤ ਹੋ ਕੇ ਹਜ਼ਾਰਾਂ ਦੀ ਗਿਣਤੀ ਵਿੱਚ ਹਿੰਦੂ (ਜਿਨ੍ਹਾਂ ਵਿੱਚੋਂ ਬਹੁਤ ਸਾਰੇ ਕਥਿਤ ਨੀਵੀਆਂ ਜਾਤਾਂ ਦੇ ਸਨ) ਆਪਣੀ ਮਰਜ਼ੀ ਨਾਲ ਸਿੱਖ ਧਰਮ ਨੂੰ ਅਪਨਾਉਣ ਲਈ ਅੱਗੇ ਆਏ ਸਨ।

ਡਾ. ਭੀਮ ਰਾਓ ਅੰਬੇਡਕਰ ਆਜ਼ਾਦ ਭਾਰਤ ਦੇ ਸਭ ਤੋਂ ਵੱਧ ਗਿਆਨਵਾਨ ਅਤੇ ਪੜ੍ਹੇ-ਲਿਖੇ ਵਿਅਕਤੀਆਂ ਵਿੱਚੋਂ ਇੱਕ ਸਨ। ਸਿੱਖ ਧਰਮ ਵਿੱਚ ਜਾਤੀਵਾਦ ਨੂੰ ਪੂਰੀ ਤਰ੍ਹਾਂ ਰੱਦ ਕਰਨ ਤੋਂ ਉਹ ਬਹੁਤ ਪ੍ਰਭਾਵਿਤ ਹੋਏ ਸਨ। ਉਹ ਆਪਣੇ ਕਰੋੜਾਂ ਕਥਿਤ ਨੀਵੀਂ ਜਾਤ ਦੇ (ਹਿੰਦੂ) ਅਨੁਯਾਈਆਂ ਸਮੇਤ ਸਿੱਖ ਧਰਮ ਵਿੱਚ ਪਰਿਵਰਤਿਤ ਹੋਣਾ ਚਾਹੁੰਦੇ ਸਨ।

ਕਿਉਂ ਡਾ. ਅੰਬੇਡਕਰ ਅਤੇ ਉਸ ਦੇ ਪੈਰੋਕਾਰ (ਉਸ ਸਮੇਂ ਭਾਰਤ ਦੀ ਲਗਭਗ 35 ਪ੍ਰਤੀਸ਼ਤ ਆਬਾਦੀ) ਸਿੱਖ ਧਰਮ ਨੂੰ ਅਪਨਾ ਨਹੀਂ ਸਕੇ, ਖਾਸ ਤੌਰ 'ਤੇ ਸਿੱਖ ਦ੍ਰਿਸ਼ਟੀਕੋਣ ਤੋਂ, ਅਸਲ ਵਿੱਚ ਇੱਕ ਬਹੁਤ ਹੀ ਦੁਖਦਾਈ ਘਟਨਾ ਹੈ।

ਯੋਗੀ ਹਰਭਜਨ ਸਿੰਘ ਦੇ ਨਿਰੰਤਰ ਅਤੇ ਸ਼ਲਾਘਯੋਗ ਯਤਨਾਂ ਸਦਕਾ ਪੱਛਮੀ ਦੇਸ਼ਾਂ ਵਿੱਚ ਹਜ਼ਾਰਾਂ ਗੋਰੇ ਲੋਕ ਖੁਸ਼ੀ ਨਾਲ ਸਿੱਖ ਧਰਮ ਵਿੱਚ ਪਰਿਵਰਤਿਤ ਹੋਏ ਸਨ।

ਪਿਛਲੇ ਕੁਝ ਸਾਲਾਂ ਵਿੱਚ ਨੇਪਾਲੀ ਸਿੱਖ ਪ੍ਰਚਾਰਕ ਗਿਆਨੀ ਗੁਰਬਖਸ਼ ਸਿੰਘ ਦੇ ਉਧਮ ਸਦਕਾ ਕਰੀਬ 150 ਨੇਪਾਲੀ ਨੌਜਵਾਨ ਸਿੱਖ ਧਰਮ ਅਪਨਾ ਚੁੱਕੇ ਸਨ। ਇਸੇ ਤਰ੍ਹਾਂ ਤੇਲੰਗਾਨਾ ਦੇ ਇੱਕ ਪਿੰਡ ਦੇ 90 ਪ੍ਰਤੀਸ਼ਤ ਆਦੀਵਾਸੀ ਲੋਕ ਸਿੱਖ ਧਰਮ ਅਪਨਾ ਚੁਕੇ ਹਨ।

ਸਿੱਖ ਧਾਰਮਿਕ ਆਗੂਆਂ ਨੂੰ ਬਿਨਾ ਕਿਸੇ ਦੇਰੀ ਦੇ ਪੂਰੇ ਭਾਰਤ ਵਿੱਚ ਅਤੇ ਵਿਦੇਸ਼ਾਂ ਵਿੱਚ ਵੀ ਜ਼ੋਰਦਾਰ ਧਰਮ ਪਰਿਵਰਤਨ ਮੁਹਿੰਮਾਂ ਦੀ ਯੋਜਨਾ ਬਣਾਉਣੀ ਚਾਹੀਦੀ ਹੈ।

⇒ ਬਾਕੀ ਅਗਲੇ ਸਫੇ 'ਤੇ ਪੜ੍ਹੋ

# ਪੰਜਾਬੀਆਂ ਨਾਲ ਅਧਿਆਤਮਕ ਸਾਂਝ ਰੱਖਦਾ ਹੈ ਬੰਗਲਾਦੇਸ਼

**ਪੰਜਾਬੀ ਦੁਨੀਆਂ ਦੇ ਵੱਖ-ਵੱਖ ਮੁਲਕਾਂ ਵਿੱਚ ਵੱਸੇ ਹੋਏ ਹਨ ਤੇ ਆਪਣੀ ਮਿਹਨਤ, ਲਿਆਕਤ ਅਤੇ ਮੁਹੱਬਤ ਸਦਕਾ ਨਿਰੰਤਰ ਉਚੇਰੇ ਮੁਕਾਮ ਹਾਸਿਲ ਕਰ ਰਹੇ ਹਨ। ਈਰਾਨ ਨਾਲ ਪੰਜਾਬੀਆਂ ਦੀ ਧਾਰਮਿਕ ਸਾਂਝ ਦੇ ਨਾਲ ਨਾਲ ਕਿਸੇ ਸਮੇਂ ਭਾਰਤ ਦਾ ਹੀ ਹਿੱਸਾ ਰਹੇ ਬੰਗਲਾਦੇਸ਼ ਨਾਲ ਵੀ ਪੰਜਾਬੀਆਂ ਦੀ ਅਧਿਆਤਮਕ ਸਾਂਝ ਹੈ। ਸਿੱਖ ਗੁਰੂਆਂ ਨੇ ਸਮੇਂ-ਸਮੇਂ 'ਤੇ ਬੰਗਲਾਦੇਸ਼ 'ਚ ਪੈਂਦੇ ਵੱਖ-ਵੱਖ ਇਲਾਕਿਆਂ ਨੂੰ ਆਪਣੀ ਚਰਨ ਛੋਹ ਨਾਲ ਨਿਵਾਜਿਆ ਸੀ। ਸੰਤਾਲੀ ਦੇ ਭਾਰਤ-ਪਾਕਿ ਬਟਵਾਰੇ ਤੋਂ ਬਾਅਦ ਜ਼ਿਆਦਾਤਰ ਸਿੱਖ ਢਾਕਾ ਛੱਡ ਆਏ ਸਨ।**

ਬੋਲਦੇ ਪੰਨੇ

**ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ**
**ਫੋਨ:+91-9781646008**



ਉਂਜ ਤਾਂ ਬੰਗਲਾਦੇਸ਼ ਭਾਰਤ ਦਾ ਹੀ ਹਿੱਸਾ ਰਿਹਾ ਹੈ, ਪਰ 1947 ਵਿੱਚ ਬਰਤਾਨਵੀ ਹਾਕਮਾਂ ਵੱਲੋਂ ਕੀਤੀ ਗਈ ਭਾਰਤ ਦੀ ਫਿਰਕੂ ਵੰਡ ਵਿੱਚ ਭਾਰਤ ਦੇ ਦੋ ਟੋਟੇ ਕਰਕੇ ਹਿੰਦੁਸਤਾਨ ਅਤੇ ਪਾਕਿਸਤਾਨ ਬਣਾ ਦਿੱਤੇ ਗਏ ਸਨ। ਸੰਨ 1971 ਦੀ ਭਾਰਤ-ਪਾਕਿ ਜੰਗ ਦਾ ਸਿੱਟਾ ਇਹ ਨਿਕਲਿਆ ਸੀ ਕਿ ਪਾਕਿਸਤਾਨ ਦੇ ਵੀ ਦੋ ਟੋਟੇ ਹੋ ਗਏ ਸਨ ਤੇ ਇੱਕ ਨਵਾਂ ਮੁਲਕ ਬੰਗਲਾਦੇਸ਼ ਦੁਨੀਆਂ ਦੇ ਨਕਸ਼ੇ 'ਤੇ ਉਭਰ ਆਇਆ ਸੀ। ਮੂਲ ਰੂਪ ਵਿੱਚ ਭਾਰਤੀ ਬੰਗਾਲ ਤੋਂ ਅੱਡ ਹੋ ਕੇ ਬਣੇ ਇਸ ਮੁਸਲਿਮ ਬਹੁ-ਆਬਾਦੀ ਵਾਲੇ ਮੁਲਕ ਦੀ ਸਿੱਖ ਧਰਮ ਨਾਲ ਗੂੜ੍ਹ ਸਾਂਝ ਰਹੀ ਹੈ ਤੇ ਸਿੱਖ ਗੁਰੂਆਂ ਨੇ ਸਮੇਂ-ਸਮੇਂ 'ਤੇ ਬੰਗਲਾਦੇਸ਼ 'ਚ ਪੈਂਦੇ ਵੱਖ-ਵੱਖ ਇਲਾਕਿਆਂ ਨੂੰ ਆਪਣੀ ਚਰਨ ਛੋਹ ਨਾਲ ਨਿਵਾਜਿਆ ਸੀ। ਕੋਈ ਵੇਲਾ ਸੀ ਕਿ ਸਿੱਖ ਧਰਮ ਨਾਲ ਸਬੰਧਤ ਲਗਪਗ ਡੇਢ ਦਰਜਨ ਦੇ ਕਰੀਬ ਧਾਰਮਿਕ ਅਸਥਾਨ ਬੰਗਲਾਦੇਸ਼ ਵਿੱਚ ਮੌਜੂਦ ਹੋਇਆ ਕਰਦੇ ਸਨ, ਜਦੋਂ ਕਿ ਹੁਣ ਇਨ੍ਹਾਂ ਧਾਰਮਿਕ ਅਸਥਾਨਾਂ ਦੀ ਸੰਖਿਆ ਅੱਧੀ ਦਰਜਨ ਤੋਂ ਵੀ ਘੱਟ ਬਚੀ ਹੈ; ਪਰ ਫਿਰ ਵੀ ਇਹ ਸੱਚ ਹੈ ਕਿ ਸਿੱਖਾਂ ਦੀ ਆਨ, ਬਾਨ, ਸ਼ਾਨ ਦੇ ਪ੍ਰਤੀਕ ਨਿਸ਼ਾਨ ਸਾਹਿਬ ਅਜੇ ਵੀ ਬੰਗਲਾਦੇਸ਼ ਵਿੱਚ ਝੂਲਦੇ ਹਨ।

ਇਤਿਹਾਸਕ ਹਵਾਲਿਆਂ ਤੋਂ ਪਤਾ ਲੱਗਦਾ ਹੈ ਕਿ ਪਹਿਲੀ ਪਾਤਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਸੰਨ 1504 ਵਿੱਚ 35 ਵਰ੍ਹਿਆਂ ਦੀ ਉਮਰੇ ਬੰਗਾਲ ਵਿਖੇ ਪਧਾਰੇ ਸਨ। ਉਹ ਸੁਲਤਾਨ ਅਲਾਉਦੀਨ ਹੁਸੈਨ ਸ਼ਾਹ ਦੇ ਰਾਜਕਾਲ ਦੌਰਾਨ ਇੱਥੇ ਆਏ ਸਨ ਤੇ ਕਾਂਤਾਨਗਰ ਅਤੇ ਸਿਲਹਟ ਆਦਿ ਇਲਾਕਿਆਂ ਵਿੱਚੋਂ ਗੁਜ਼ਰੇ ਸਨ। ਸਿੱਖ ਵਿਦਵਾਨ ਭਾਈ ਕਾਨ੍ਹ ਸਿੰਘ ਨਾਭਾ ਨੇ ਤਾਂ ਇਹ ਵੀ ਜ਼ਿਕਰ ਕੀਤਾ ਹੈ ਕਿ ਸਿਲਹਟ ਵਿਖੇ ਸੁਸ਼ੋਭਿਤ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਾਰਜ ਤਾਂ ਖ਼ੁਦ ਗੁਰੂ ਨਾਨਕ ਦੇਵ ਜੀ ਨੇ ਹੀ ਅਰੰਭ ਕਰਵਾਇਆ ਸੀ। ਮੁਸਲਿਮ ਇਤਿਹਾਸਕਾਰ ਅਬੁਲ ਫ਼ਜ਼ਲ ਲਿਖਦਾ ਹੈ ਕਿ ਗੁਰੂ ਨਾਨਕ ਦੇਵ ਜੀ ਕਾਮਰੂਪ ਭਾਵ ਆਸਾਮ ਦੇ ਰਸਤਿਉਂ ਸਿਲਹਟ ਵਿੱਚ ਦਾਖ਼ਲ ਹੋਏ ਸਨ। ਉਹ ਅਜੋਕੇ ਬੰਗਲਾਦੇਸ਼ ਦੀ ਰਾਜਧਾਨੀ ਢਾਕਾ ਵੱਲ ਨੂੰ ਜਾਂਦਿਆਂ ਪਿੰਡ ਸ਼ਿਵਪੁਰ ਅਤੇ ਫ਼ਰੀਦਪੁਰ ਵਿਖੇ ਵੀ ਰੁਕੇ ਸਨ। ਢਾਕੇ ਤੋਂ ਬਾਅਦ ਕਲਕੱਤਾ ਅਤੇ ਦੱਖਣੀ ਰਾਜਾਂ ਵੱਲ ਨੂੰ ਜਾਂਦਿਆਂ ਗੁਰੂ ਜੀ ਚਿਟਗਾਂਗ ਵੀ ਪੁੱਜੇ ਸਨ, ਜਿੱਥੇ ਉਨ੍ਹਾਂ ਨੇ ਆਪਣੇ ਸ਼ਰਧਾਲੂ ਭਾਈ ਝੰਡਾ ਨੂੰ 'ਮਸੰਦ' ਥਾਪ ਦਿੱਤਾ ਸੀ। ਗੁਰੂ ਜੀ ਦੀ ਬਖ਼ਸ਼ਿਸ਼ ਸਦਕਾ ਚਿਟਗਾਂਗ ਦਾ ਰਾਜਾ ਸੁਧੀਰ ਸੇਨ ਤੇ ਉਸ ਦਾ ਪੁੱਤਰ ਇੰਦਰ ਸੇਨ ਸਿੱਖ ਸਜ ਗਏ ਸਨ। ਫਿਰ ਬੰਗਾਲ ਦੇ ਨਵਾਬ ਮੁਰਸ਼ਿਦ ਅਲੀ ਖ਼ਾਨ ਦੇ ਦੀਵਾਨ ਮੋਹਨ ਸਿੰਘ ਦੇ ਯਤਨਾਂ ਸਦਕਾ ਚਿਟਗਾਂਗ ਗੁਰਦੁਆਰਾ ਸਾਹਿਬ ਦਾ ਨਿਰਮਾਣ ਕਰ ਦਿੱਤਾ ਗਿਆ ਸੀ। ਦੀਵਾਨ ਸਾਹਿਬ ਨੇ ਢਾਕਾ ਵਿਖੇ ਵੀ ਇੱਕ ਗੁਰਦੁਆਰੇ ਦੀ ਇਮਾਰਤ ਦਾ ਨਿਰਮਾਣ ਕਰਵਾਇਆ ਸੀ, ਜੋ ਬਾਅਦ ਵਿੱਚ ਸਮੇਂ ਦੀ ਧੂੜ ਵਿੱਚ ਕਿਧਰੇ ਗੁੰਮ ਗਿਆ ਸੀ।

ਛੇਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਜੀ ਦੇ ਫ਼ਰਜ਼ੰਦ ਬਾਬਾ ਗੁਰਦਿੱਤਾ ਜੀ ਵੀ ਬੰਗਾਲ ਦੀ ਧਰਤੀ 'ਤੇ ਪੁੱਜੇ ਸਨ ਤੇ ਉਨ੍ਹਾਂ ਨੇ ਸੁਜਾਤਪੁਰ ਇਲਾਕੇ ਵਿੱਚ 'ਮੰਜੀ' ਭਾਵ 'ਧਰਮ ਪ੍ਰਚਾਰ ਦਾ ਕੇਂਦਰ' ਸਥਾਪਿਤ ਕੀਤਾ ਸੀ, ਕਿਉਂਕਿ ਇੱਥੇ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਠਹਿਰਨ ਦੇ ਪ੍ਰਮਾਣ ਮਿਲੇ ਸਨ। ਉਸ ਅਸਥਾਨ 'ਤੇ ਅੱਜ ਯੂਨੀਵਰਸਿਟੀ ਆਫ਼ ਢਾਕਾ ਦੀ ਇਮਾਰਤ ਉਸਾਰੀ ਗਈ ਹੈ। ਬਾਦਸ਼ਾਹ ਜਹਾਂਗੀਰ ਦੇ ਕਾਰਜਕਾਲ ਦੌਰਾਨ ਗੁਰੂ ਹਰਗੋਬਿੰਦ ਜੀ ਨੇ ਭਾਈ ਨੱਥਾ ਨਾਮਕ ਸਿੱਖ ਨੂੰ ਬੰਗਾਲ ਭੇਜਿਆ ਸੀ, ਜਿੱਥੇ ਜਾ ਕੇ ਭਾਈ ਨੱਥਾ ਨੇ ਸਥਾਨਕ ਸਿੱਖ ਸੰਗਤਾਂ ਲਈ ਇੱਕ ਖੂਹ ਵੀ ਖੁਦਵਾਇਆ ਸੀ। ਸਿੱਖ ਸੰਗਤਾਂ ਨੇ ਇੱਥੇ ਗੁਰੂ ਨਾਨਕ ਦੇਵ ਜੀ ਦੇ ਪੈਰਾਂ ਦੇ ਨਿਸ਼ਾਨ ਸਾਂਭਣ ਦਾ ਉਪਰਾਲਾ ਵੀ ਕੀਤਾ ਸੀ।

ਇੱਥੇ ਹੀ ਬਸ ਨਹੀਂ, ਨੌਵੇਂ ਨਾਨਕ ਸ੍ਰੀ ਗੁਰੂ ਤੇਗ ਬਹਾਦਰ ਜੀ ਵੀ ਸੰਨ 1666 ਤੋਂ 1668 ਤੱਕ ਢਾਕਾ ਵਿਖੇ ਠਹਿਰੇ ਸਨ ਤੇ ਉਨ੍ਹਾਂ ਨੇ 'ਬੰਗਲਾ ਬਾਜ਼ਾਰ' ਵਿਖੇ ਇਕ ਗੁਰਦੁਆਰਾ ਸਾਹਿਬ ਦੀ ਸਥਾਪਨਾ ਵੀ ਕੀਤੀ ਸੀ। ਢਾਕਾ ਦੇ 'ਗੁਰਦੁਆਰਾ ਨਾਨਕਸ਼ਾਹੀ' ਵਿਖੇ ਗੁਰੂ ਤੇਗ ਬਹਾਦਰ ਜੀ ਦੇ ਪੈਰੀਂ ਪਾਇਆ ਜੁੱਤੀਆਂ ਦਾ ਜੋੜਾ ਬੜੀ ਸ਼ਰਧਾ ਨਾਲ ਸੰਭਾਲਿਆ ਪਿਆ ਹੈ। ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਢਾਕਾ ਦੀ ਧਰਤ ਨੂੰ ਆਪਣੀ ਪਾਵਨ ਚਰਨ ਛੋਹ ਪ੍ਰਦਾਨ ਕੀਤੀ ਸੀ। ਗੁਰਦੁਆਰਾ ਸਾਹਿਬ ਸਿਲਹਟ ਦੀ ਸੰਗਤ ਵੱਲੋਂ ਬੜੇ ਪ੍ਰੇਮ ਸਹਿਤ ਗੁਰੂ ਗੋਬਿੰਦ ਸਿੰਘ ਜੀ ਨੂੰ ਜੰਗੀ ਹਾਥੀ ਭੇਟ ਕੀਤੇ ਗਏ ਸਨ।

ਇਤਿਹਾਸਕ ਹਵਾਲਿਆਂ ਤੋਂ ਇਹ ਵੀ ਜਾਣਕਾਰੀ ਹਾਸਿਲ ਹੁੰਦੀ ਹੈ ਕਿ 18ਵੀਂ ਸਦੀ ਵਿੱਚ ਬੰਗਲਾਦੇਸ਼ੀ ਖੇਤਰ ਭਾਵ ਉਸ ਸਮੇਂ ਦੇ ਬੰਗਾਲ ਵਿੱਚ ਪੰਜਾਬੀਆਂ ਦੀ ਸੰਖਿਆ ਬਹੁਤ ਘਟ ਗਈ ਸੀ। ਸੰਨ 1791 ਵਿੱਚ ਕਲਕੱਤਾ ਵਿਖੇ ਪੁੱਜੇ ਅੰਗਰੇਜ਼ ਕਲਾਕਾਰ ਐਫ਼.ਬੀ. ਸਾਲਵਿਨਜ਼ ਨੇ ਸੰਨ 1799 ਵਿੱਚ ਪ੍ਰਕਾਸ਼ਿਤ ਆਪਣੀ ਇੱਕ ਪੁਸਤਕ ਵਿੱਚ ਲਿਖਿਆ ਹੈ ਕਿ ਉਹ ਸਰੀਰਕ ਦਿੱਖ ਅਤੇ ਬਾਣੇ ਤੋਂ ਪੰਜਾਬੀ ਸਿੱਖਾਂ ਨੂੰ ਐਨੀ ਆਸਾਨੀ ਨਾਲ ਪਹਿਚਾਣਦਾ ਹੈ ਕਿ ਉਹ 'ਖ਼ਾਲਸਾ ਸਿੱਖ' ਅਤੇ 'ਨਾਨਕ ਪੰਥੀ' ਦਰਮਿਆਨ ਅੰਤਰ ਕਰਨ ਦੇ ਸਮਰੱਥ ਹੈ। ਇੱਥੇ ਇਹ ਵੀ ਯਾਦ ਰੱਖਣਯੋਗ ਹੈ ਕਿ ਸੰਨ 1830 ਦੇ ਆਸ-ਪਾਸ ਸੁਜਾਤਪੁਰ ਦੀ ਸਿੱਖ ਸੰਗਤ ਨੇ 'ਗੁਰਦੁਆਰਾ ਨਾਨਕਸ਼ਾਹੀ ਸਾਹਿਬ' ਨੂੰ ਵਧੀਆ ਬਣਾਉਣ ਦਾ ਉਪਰਾਲਾ ਕੀਤਾ ਸੀ ਤੇ ਮਹੰਤ ਪ੍ਰੇਮ ਦਾਸ ਜੀ ਨੇ ਸੰਨ 1833 ਵਿੱਚ ਇੱਥੇ ਮੌਜੂਦ 'ਖੂਹ ਭਾਈ ਨੱਥਾ ਜੀ' ਦੀ ਦਿੱਖ ਵੀ ਸੁਧਾਰੀ ਸੀ। ਮੰਦਭਾਗੀ ਗੱਲ ਇਹ ਰਹੀ ਕਿ ਸੰਨ 1897 ਵਿੱਚ ਆਏ ਇੱਕ ਜ਼ਬਰਦਸਤ ਭੂਚਾਲ ਕਰਕੇ 'ਗੁਰਦੁਆਰਾ ਸਿਲਹਟ' ਤਬਾਹ ਹੋ ਗਿਆ ਤੇ ਉਧਰ ਉਰਦੂ ਰੋਡ ਵਿਖੇ ਸਥਿਤ ਇੱਕ ਹੋਰ ਗੁਰਦੁਆਰਾ ਸਾਹਿਬ ਨੂੰ ਕੁਝ ਅਖੌਤੀ ਸਾਧੂਆਂ ਨੇ ਢਾਹ ਕੇ ਮਿਟਾ ਦਿੱਤਾ ਸੀ।

ਸੰਨ 1945 ਵਿੱਚ 'ਮੋਮਨ ਸਿੰਘ' ਨਾਮਕ ਇਲਾਕੇ ਵਿੱਚ 'ਗੁਰਦੁਆਰਾ ਨਾਨਕ ਸਾਹਿਬ' ਦਾ ਨਿਰਮਾਣ ਪੰਜਾਬੀਆਂ ਨੇ ਬੜੀ ਸ਼ਰਧਾ ਭਾਵਨਾ ਨਾਲ ਕੀਤਾ ਸੀ, ਜਿਸ ਦੀ ਦੇਖ-ਰੇਖ ਅੱਜ ਉੱਥੇ ਵੱਸਦੇ ਕੁਝ ਸਥਾਨਕ ਪਰਿਵਾਰਾਂ ਵੱਲੋਂ ਕੀਤੀ ਜਾ ਰਹੀ ਹੈ। ਸੰਨ ਸੰਤਾਲੀ ਵਿੱਚ ਵਾਪਰੇ ਭਾਰਤ-ਪਾਕਿ ਬਟਵਾਰੇ ਤੋਂ ਬਾਅਦ ਜਦੋਂ ਜ਼ਿਆਦਾਤਰ ਸਿੱਖ ਢਾਕਾ ਛੱਡ ਕੇ ਭਾਰਤ ਪਰਤ ਗਏ ਸਨ ਤਾਂ ਭਾਈ ਸਵਰਨ ਸਿੰਘ ਹੁਰਾਂ ਨੇ ਇਸ ਗੁਰਦੁਆਰਾ ਸਾਹਿਬ ਦੀ ਸੰਭਾਲ ਕਰਨ ਦਾ ਜ਼ਿੰਮਾ ਲਿਆ ਸੀ। ਸੰਨ 1971 ਦੀ ਜੰਗ ਤੋਂ ਬਾਅਦ ਇੱਥੇ ਆਏ ਕੁਝ ਸਿੱਖ ਸੈਨਿਕਾਂ ਨੇ ਬੰਗਲਾਦੇਸ਼ ਅੰਦਰ ਮੌਜੂਦ ਗੁਰਦੁਆਰਾ ਸਾਹਿਬਾਨ ਦੇ ਨਵੀਨੀਕਰਨ ਦੀ ਸੇਵਾ ਨਿਭਾਈ ਸੀ।

ਬੰਗਲਾਦੇਸ਼ ਵਿੱਚ ਇਸ ਵਕਤ ਵੱਸ ਰਹੇ ਪੰਜਾਬੀਆਂ ਵਿੱਚੋਂ ਜ਼ਿਆਦਾਤਰ ਪੰਜਾਬੀ ਜਾਂ ਤਾਂ ਵਪਾਰੀ ਹਨ ਜਾਂ ਫਿਰ ਭਾਰਤ ਸਰਕਾਰ ਨਾਲ ਸਬੰਧਤ ਸਰਕਾਰੀ ਅਧਿਕਾਰੀ। ਬੜੀ ਦਿਲਚਸਪ ਗੱਲ ਹੈ ਕਿ ਇੱਥੇ ਗੁਰੂ ਨਾਨਕ ਕਾਲ ਤੋਂ ਚਲਦੇ ਆ ਰਹੇ ਬਾਲਮੀਕੀ ਸਮਾਜ ਦੇ ਕੁਝ ਗ਼ੈਰ-ਪੰਜਾਬੀ ਪਰਿਵਾਰ ਵੱਸਦੇ ਹਨ, ਜੋ ਬੜੀ ਵਧੀਆ ਪੰਜਾਬੀ ਬੋਲਦੇ ਤੇ ਸਮਝਦੇ ਹਨ। ਇੱਥੇ ਇਹ ਵਿਸ਼ੇਸ਼ ਤੌਰ 'ਤੇ ਜ਼ਿਕਰ ਕਰਨਾ ਬਣਦਾ ਹੈ ਕਿ ਸਿੱਖ ਗੁਰੂ ਸਾਹਿਬਾਨ ਵੱਲੋਂ ਆਪ ਜਾ ਕੇ ਇਸ ਖ਼ਿੱਤੇ ਵਿੱਚ ਸਿੱਖੀ ਦਾ ਬੂਟਾ ਲਗਾਉਣ ਦੇ ਬਾਵਜੂਦ ਸਿੱਖ ਪੰਥ ਦੇ ਅਹੁਦੇਦਾਰ ਇੱਥੇ ਮੌਜੂਦ ਸਿੱਖ ਧਰਮ ਅਸਥਾਨਾਂ ਅਤੇ ਸਿੱਖ ਧਰਮ ਪ੍ਰਚਾਰ ਦੀ ਲਹਿਰ ਨੂੰ ਮਜ਼ਬੂਤ ਨਾ ਰੱਖ ਸਕੇ, ਜਿਸ ਕਰਕੇ ਇੱਥੇ ਪੰਜਾਬੀ ਪਰਿਵਾਰਾਂ ਤੇ ਖ਼ਾਸ ਕਰਕੇ ਸਿੱਖ ਪਰਿਵਾਰਾਂ ਦੀ ਸੰਖਿਆ ਨਿਰੰਤਰ ਘਟਦੀ ਗਈ। ਉਂਜ 'ਗੁਰਦੁਆਰਾ ਸੰਗਤ ਟੋਲਾ ਸਾਹਿਬ' ਵਿਖੇ ਗੁਰੂ ਅਰਜਨ ਦੇਵ ਜੀ ਦੇ ਕਾਲਖੰਡ ਨਾਲ ਸਬੰਧਤ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਇੱਕ ਹੱਥ ਲਿਖਤ ਸਰੂਪ ਮੌਜੂਦ ਸੀ, ਜਿਸ ਨੂੰ ਸੰਨ 1985 ਵਿੱਚ 'ਗੁਰਦੁਆਰਾ ਨਾਨਕ ਸ਼ਾਹੀ' ਵਿਖੇ ਤਬਦੀਲ ਕਰ ਦਿੱਤਾ ਗਿਆ ਸੀ। ਭਾਈ ਕਰਤਾਰ ਸਿੰਘ ਅਤੇ ਬੰਗਲਾਦੇਸ਼ ਗੁਰਦੁਆਰਾ ਪ੍ਰਬੰਧਕੀ ਬੋਰਡ ਨੇ ਮੁਲਕ ਅੰਦਰ ਮੌਜੂਦ ਸਮੂਹ ਗੁਰਦੁਆਰਾ ਸਾਹਿਬਾਨ ਦਾ ਕੰਟਰੋਲ ਆਪਣੇ ਹੱਥਾਂ ਵਿੱਚ ਲੈ ਲਿਆ ਸੀ।

ਬੰਗਲਾਦੇਸ਼ ਦੀ 91 ਫ਼ੀਸਦੀ ਤੋਂ ਵੱਧ ਆਬਾਦੀ ਮੁਸਲਿਮ ਧਰਮ ਨਾਲ ਸਬੰਧਤ ਹੈ, ਜਦੋਂ ਕਿ 8 ਫ਼ੀਸਦੀ ਦੇ ਕਰੀਬ ਆਬਾਦੀ ਹਿੰਦੂ ਧਰਮ ਦੀ ਪੈਰੋਕਾਰ ਹੈ ਤੇ 0.61 ਫ਼ੀਸਦੀ ਆਬਾਦੀ ਬੁੱਧ ਧਰਮ ਮੰਨਣ ਵਾਲਿਆਂ ਦੀ ਹੈ। ਬਾਕੀ ਆਬਾਦੀ ਵਿੱਚ ਈਸਾਈ ਅਤੇ ਸਿੱਖ ਆਉਂਦੇ ਹਨ, ਜੋ ਕਿ ਬੇਹੱਦ ਥੋੜ੍ਹੀ ਸੰਖਿਆ ਵਿੱਚ ਹਨ। ਬੰਗਲਾਦੇਸ਼ ਨਾਲ ਸਬੰਧਤ ਗੁਰਦੁਆਰਾ ਪ੍ਰਬੰਧਕ ਤਾਪੋਸ਼ ਚੌਧਰੀ ਅਨੁਸਾਰ ਇੱਥੇ ਵੱਸਣ ਵਾਲੇ ਪੰਜਾਬੀ ਸਿੱਖ ਪਰਿਵਾਰਾਂ ਦੀ ਗਿਣਤੀ ਸਿਰਫ਼ ਉਂਗਲਾਂ 'ਤੇ ਗਿਣਨ ਜੋਗੀ ਹੈ। ਗੁਰੂ ਨਾਨਕ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਚਰਨ ਛੋਹ ਪ੍ਰਾਪਤ ਇਸ ਮੁਲਕ ਦੀ ਧਰਤੀ 'ਤੇ ਮੌਜੂਦ ਗੁਰ-ਅਸਥਾਨਾਂ ਦੀ ਸੰਭਾਲ ਅਤੇ ਸਿੱਖੀ ਦੇ ਪ੍ਰਚਾਰ-ਪ੍ਰਸਾਰ ਲਈ ਕੌਮੀ ਤੇ ਕੌਮਾਂਤਰੀ ਪੱਧਰ 'ਤੇ ਸਰਗਰਮ ਸਿੱਖ ਸੰਗਠਨਾਂ ਵੱਲੋਂ ਗੰਭੀਰ ਵਿਚਾਰਾਂ ਕੀਤੇ ਜਾਣ ਦੀ ਅੱਜ ਭਾਰੀ ਲੋੜ ਹੈ।

# ਪੰਜਾਬ 'ਚ ਤੇਜ਼ੀ ਨਾਲ ਈਸਾਈਕਰਨ

**ਜੋਸ਼ੂਆ ਦਸਤਾਵੇਜ਼:** ਜੋਸ਼ੂਆ ਦਸਤਾਵੇਜ਼ ਸੰਨ 2000 ਵਿੱਚ ਜਾਂ ਉਸ ਤੋਂ ਕੁੱਝ ਸਮਾਂ ਪਹਿਲਾਂ ਪ੍ਰਕਾਸ਼ਿਤ ਕੀਤਾ ਗਿਆ ਸੀ। ਇਹ ਇੱਕ ਬਹੁਤ ਹੀ ਵਿਸਤ੍ਰਿਤ ਦਸਤਾਵੇਜ਼ ਹੈ, ਜੋ ਭਾਰਤ ਦੇ ਚੋਟੀ ਦੇ ਈਸਾਈ ਮਿਸ਼ਨਰੀਆਂ ਦੁਆਰਾ ਨਿਯਮਿਤ ਤੌਰ 'ਤੇ ਵਰਤਿਆ ਜਾ ਰਿਹਾ ਹੈ। ਇਸ ਵਿੱਚ ਵੱਖ-ਵੱਖ ਜਾਤਾਂ, ਭਾਈਚਾਰਿਆਂ, ਧਰਮਾਂ ਆਦਿ ਦੇ ਭਾਰਤੀਆਂ ਲਈ ਵੱਖਰੀ ਆਬਾਦੀ ਦੇ ਅੰਕੜੇ ਦਿੱਤੇ ਹੋਏ ਹਨ। ਇਸ ਵਿੱਚ ਭਾਰਤੀਆਂ ਦੇ ਵੱਖ-ਵੱਖ ਸੱਭਿਆਚਾਰਾਂ, ਭਾਸ਼ਾਵਾਂ ਅਤੇ ਰੀਤੀ-ਰਿਵਾਜਾਂ ਬਾਰੇ ਵੀ ਵੇਰਵੇ ਹਨ।

ਜੋਸ਼ੂਆ ਕੌਣ ਸੀ? ਉਹ ਮੂਸਾ ਤੋਂ ਬਾਅਦ ਯਹੂਦੀਆਂ ਦਾ ਨਬੀ ਸੀ। ਮੂਸਾ ਨੇ ਯਹੂਦੀਆਂ ਨੂੰ ਮਿਸਰ ਤੋਂ ਜਾਰਡਨ ਨਦੀ ਦੇ ਆਲੇ-ਦੁਆਲੇ ਦੇ ਇਲਾਕੇ ਵਿੱਚ ਲਿਆਂਦਾ ਸੀ। ਉਸ ਨੇ ਵੱਖ-ਵੱਖ ਯਹੂਦੀਆਂ ਦੇ 12 ਕਬੀਲਿਆਂ ਦੇ ਮੁਖੀਆਂ ਨੂੰ ਹੁਕਮ ਦਿੱਤਾ ਕਿ ਉਹ ਸਭ ਫਲਸਤੀਨ ਜਾਣ ਅਤੇ ਇਹ ਪਤਾ ਲਾਉਣ, ਕੀ ਯਹੂਦੀ ਫਲਸਤੀਨੀਆਂ ਨੂੰ ਹਰਾ ਸਕਦੇ ਹਨ। ਸਾਰੇ ਕਬਾਇਲੀ ਮੁਖੀ 40 ਦਿਨਾਂ ਬਾਅਦ ਵਾਪਸ ਚਲੇ ਆਏ। 10 ਕਬਾਇਲੀ ਮੁਖੀਆਂ ਨੇ ਮੂਸਾ ਨੂੰ ਦੱਸਿਆ ਕਿ ਫਲਸਤੀਨੀ ਬਹੁਤ ਮਜ਼ਬੂਤ ਸਨ ਅਤੇ ਇਸ ਲਈ ਯਹੂਦੀ ਉਨ੍ਹਾਂ ਨੂੰ ਹਰਾਉਣ ਦੀ ਸਥਿਤੀ ਵਿੱਚ ਨਹੀਂ ਸਨ; ਪਰ ਦੂਜੇ ਦੋ ਕਬਾਇਲੀ ਮੁਖੀਆਂ- ਜੋਸ਼ੂਆ ਅਤੇ ਸਲੇਬ ਨੇ ਕਿਹਾ ਕਿ ਜੇ ਯਹੂਦੀ ਬਹਾਦਰੀ ਨਾਲ ਲੜ ਸਕਦੇ ਹਨ ਤਾਂ ਉਹ ਫਲਿਸਤੀਨ ਦੇ ਲੋਕਾਂ ਨੂੰ ਹਰਾ ਸਕਦੇ ਹਨ।

ਮੂਸਾ ਦੀ ਮੌਤ ਤੋਂ ਪਹਿਲਾਂ ਉਸ ਨੇ ਜੋਸ਼ੂਆ ਨੂੰ ਨਵਾਂ ਯਹੂਦੀ ਆਗੂ ਨਿਯੁਕਤ ਕੀਤਾ। ਉਸ ਨੇ ਯਹੂਦੀਆਂ ਨੂੰ ਜੋਸ਼ੂਆ ਦੀ ਅਗਵਾਈ ਵਿੱਚ ਫਲਿਸਤੀਨ ਨੂੰ ਜਿੱਤਣ ਲਈ ਕਿਹਾ। ਜੋਸ਼ੂਆ ਨੇ ਆਪਣੇ ਆਪ ਨੂੰ ਬਹੁਤ ਬਹਾਦਰ ਅਤੇ ਬੇਰਹਿਮ ਯਹੂਦੀ ਆਗੂ ਸਾਬਤ ਕੀਤਾ; ਉਸ ਨੇ ਫਲਿਸਤੀਨੀਆਂ ਨੂੰ ਹਰਾਇਆ ਜਿਨ੍ਹਾਂ ਨੂੰ ਪਹਿਲਾਂ ਅਜਿੱਤ ਮੰਨਿਆ ਜਾਂਦਾ ਸੀ।

ਜੋਸ਼ੂਆ ਦਸਤਾਵੇਜ਼ ਇਸ ਤਰ੍ਹਾਂ ਇੱਕ ਅਜਿੱਤ ਲੋਕਾਂ ਉੱਤੇ ਜਿੱਤ ਨੂੰ ਦਰਸਾਉਂਦਾ ਹੈ। ਭਾਰਤੀ ਸੰਦਰਭ ਵਿੱਚ ਦਸਤਾਵੇਜ਼ ਦਾ ਮਤਲਬ ਇਹ ਹੈ ਕਿ ਈਸਾਈ ਮਿਸ਼ਨਰੀਆਂ ਨੂੰ ਭਾਰਤੀਆਂ (ਜਿਨ੍ਹਾਂ ਦਾ ਧਰਮ ਪਰਿਵਰਤਨ ਕਰਨਾ ਬਹੁਤ ਮੁਸ਼ਕਲ ਹੋ ਸਕਦਾ ਹੈ) ਨੂੰ ਈਸਾਈ ਧਰਮ ਵਿੱਚ ਬਦਲਣ ਲਈ ਜੋਸ਼ੂਆ ਵਾਂਗ ਅਣਥੱਕ ਮਿਹਨਤ ਕਰਨੀ ਚਾਹੀਦੀ ਹੈ।

### ਸੰਵੇਦਨਸ਼ੀਲ ਸਰਹੱਦੀ ਰਾਜ

ਪੰਜਾਬ ਇੱਕ ਸੰਵੇਦਨਸ਼ੀਲ ਸਰਹੱਦੀ ਰਾਜ ਹੈ। ਇਸ ਦੀ ਪਾਕਿਸਤਾਨ ਨਾਲ ਲਗਭਗ 553 ਕਿਲੋਮੀਟਰ ਅੰਤਰਰਾਸ਼ਟਰੀ ਸਰਹੱਦ ਹੈ। ਪੰਜਾਬ ਦੇ ਅੰਮ੍ਰਿਤਸਰ, ਗੁਰਦਾਸਪੁਰ, ਫ਼ਿਰੋਜ਼ਪੁਰ, ਪਠਾਨਕੋਟ, ਤਰਨਤਾਰਨ ਅਤੇ ਫ਼ਾਜ਼ਿਲਕਾ ਜ਼ਿਲ੍ਹੇ ਪਾਕਿਸਤਾਨ ਦੀ ਸਰਹੱਦ ਨਾਲ ਲੱਗਦੇ ਹਨ। ਇਸ ਪ੍ਰਾਂਤ ਵਿੱਚ ਕਿਸੇ ਵੀ ਵੱਡੀ ਜਨਸੰਖਿਆ ਤਬਦੀਲੀ ਦੇ ਸੁਰੱਖਿਆ ਪ੍ਰਭਾਵ ਹਨ।

ਪਰਮਜੀਤ ਸਿੰਘ ਦੇ ਸ਼ਬਦਾਂ ਵਿੱਚ: "ਸਰਹੱਦੀ ਰਾਜ ਪੰਜਾਬ ਅਤੇ ਸਿੱਖਾਂ ਲਈ, ਜੋ ਰਵਾਇਤੀ ਤੌਰ 'ਤੇ ਵਿਸਤਾਰਵਾਦੀ ਮੋਨੋ-ਸੱਭਿਆਚਾਰਾਂ ਅਤੇ ਬਾਕੀ ਭਾਰਤ ਦੇ ਵਿਚਕਾਰ ਇੱਕ ਰੁਕਾਵਟ ਦੇ ਰੂਪ ਵਿੱਚ ਖੜ੍ਹੇ ਹਨ, ਲਈ ਈਸਾਈ ਧਰਮ ਦੇ ਪ੍ਰਚਾਰ ਕਾਰਨ ਪ੍ਰਭਾਵ ਗੰਭੀਰ ਹੋਣਗੇ। ਇਸ ਸਥਿਤੀ ਦਾ ਇੱਕ ਰਾਸ਼ਟਰ ਅਤੇ ਇੱਕ ਸੱਭਿਅਤਾ ਦੇ ਰੂਪ ਵਿੱਚ ਭਾਰਤ ਉੱਤੇ ਇੱਕ ਨਾਜ਼ੁਕ ਪ੍ਰਭਾਵ ਪਵੇਗਾ। ਪੰਜਾਬ ਵਿੱਚ ਸਿੱਖਾਂ ਦੇ ਹੱਥਾਂ ਵਿੱਚ ਇੱਕ ਨਵੀਂ ਲੜਾਈ ਹੈ- ਉਨ੍ਹਾਂ ਦੇ ਬਹਾਦਰੀ ਵਾਲੇ ਸੰਘਰਸ਼ ਦੇ ਇਤਿਹਾਸ ਵਿੱਚ ਸਭ ਤੋਂ ਔਖੀ ਲੜਾਈ। ਸੂਬਾ ਸਰਕਾਰ ਅਤੇ ਸਿੱਖ ਧਾਰਮਿਕ ਸੰਸਥਾਵਾਂ- ਦੋਹਾਂ ਨੂੰ ਇਸ ਨੂੰ ਪਛਾਣਨਾ ਚਾਹੀਦਾ ਹੈ ਅਤੇ ਅਜਿਹੀਆਂ ਗਤੀਵਿਧੀਆਂ ਨੂੰ ਰੋਕਣ ਲਈ ਕੰਮ ਕਰਨਾ ਚਾਹੀਦਾ ਹੈ।"

ਅਮਰੀਕਾ, ਕੈਨੇਡਾ ਅਤੇ ਯੂ.ਕੇ. ਵਰਗੇ ਦੇਸ਼ਾਂ ਵਿੱਚ ਸਥਿਤ ਵੱਖ-ਵੱਖ ਈਸਾਈ ਮਿਸ਼ਨਾਂ ਤੋਂ ਭਾਰੀ ਫੰਡ ਆ ਰਹੇ ਹਨ। ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਹਰਪ੍ਰੀਤ ਸਿੰਘ ਨੇ ਸਹੀ ਕਿਹਾ ਸੀ ਕਿ ਪੰਜਾਬ ਵਿੱਚ ਈਸਾਈ ਮਿਸ਼ਨਰੀਆਂ ਵੱਲੋਂ ਵਿਦੇਸ਼ਾਂ ਤੋਂ ਆਏ ਫੰਡਾਂ ਨਾਲ ਧਰਮ ਪਰਿਵਰਤਨ ਦੀ ਮੁਹਿੰਮ ਚਲਾਈ ਜਾ ਰਹੀ ਹੈ।

ਮੰਨਿਆ ਜਾ ਰਿਹਾ ਹੈ ਕਿ 10,000 ਕਰੋੜ ਰੁਪਏ ਤੋਂ ਵੱਧ ਵਿਦੇਸ਼ੀ ਯੋਗਦਾਨ ਹਰ ਸਾਲ ਭਾਰਤ ਵਿੱਚ ਆਉਂਦਾ ਹੈ। ਇਹ ਵੱਡੀ ਰਕਮ ਜ਼ਿਆਦਾਤਰ ਈਸਾਈ ਮਿਸ਼ਨਰੀ ਗਤੀਵਿਧੀਆਂ ਲਈ ਹੈ। ਗੋਸਪੇਲ ਫਾਰ ਏਸ਼ੀਆ (ਜੀ.ਐਫ.ਏ.), ਜੋ ਕਿ ਟੈਕਸਸ, ਯੂ.ਐਸ.ਏ. ਵਿੱਚ ਸਥਿਤ ਇੱਕ ਓਰੀਐਂਟਲ ਆਰਥੋਡਾਕਸ ਈਸਾਈ ਮਿਸ਼ਨ ਹੈ, ਨੇ ਭਾਰਤ ਵਿੱਚ ਵੱਖ-ਵੱਖ ਚਰਚ ਅੰਦੋਲਨਾਂ ਲਈ 600 ਕਰੋੜ ਰੁਪਏ ਦੇ ਲਗਭਗ ਦਾਨ ਕੀਤੇ ਸਨ। ਜੀ.ਐਫ.ਏ. ਨਿਯਮਿਤ ਤੌਰ 'ਤੇ ਭਾਰਤ ਵਿੱਚ ਚਰਚ ਦੇ ਪ੍ਰੋਗਰਾਮਾਂ ਲਈ ਅਮਰੀਕੀਆਂ ਤੋਂ ਦਾਨ ਮੰਗਦਾ ਹੈ। ਇਸ ਦਾ ਮੂਲ ਰੂਪ ਵਿੱਚ ਮਤਲਬ ਹੈ- ਨਵੇਂ ਲੋਕਾਂ ਨੂੰ ਈਸਾਈ ਬਣਾਉਣਾ। ਇਸ ਦੇ ਇੱਕ ਬਰੋਸ਼ਰ ਵਿੱਚ ਕਿਹਾ ਗਿਆ ਹੈ: "ਭਾਰਤ ਦੇ ਇੱਕ ਅਰਬ ਤੋਂ ਵੱਧ ਲੋਕ... ਰਿਕਾਰਡ ਸੰਖਿਆ ਵਿੱਚ ਯਿਸੂ ਵੱਲ ਜਾ ਰਹੇ ਹਨ।"

ਇਹ ਸਪੱਸ਼ਟ ਨਹੀਂ ਹੈ ਕਿ ਪੰਜਾਬ ਵਿੱਚ ਈਸਾਈ ਮਿਸ਼ਨਾਂ ਤੱਕ ਪਹੁੰਚਣ ਵਾਲੇ ਸਾਰੇ ਫੰਡ ਨਿਯਮਤ ਬੈਂਕਿੰਗ ਚੈਨਲਾਂ ਰਾਹੀਂ ਆ ਰਹੇ ਹਨ ਜਾਂ ਨਹੀਂ। ਜੇ ਵੈਸਟਰਨ ਦੇਸ਼ਾਂ 'ਚੋਂ ਵੱਡੇ ਫੰਡ ਗੁਪਤ ਤਰੀਕਿਆਂ ਰਾਹੀਂ ਆ ਰਹੇ ਹਨ, ਤਾਂ ਭਾਰਤ ਦੀਆਂ ਕੇਂਦਰੀ ਏਜੰਸੀਆਂ ਜਿਵੇਂ ਕਿ ਸੀ.ਬੀ.ਆਈ. ਅਤੇ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੂੰ ਬਿਨਾ ਕਿਸੇ ਦੇਰੀ ਤੋਂ ਆਪਣੀ ਜਾਂਚ ਸ਼ੁਰੂ ਕਰਨੀ ਚਾਹੀਦੀ ਹੈ। ਅਪਰੈਲ 2023 ਵਿੱਚ ਇਨਕਮ ਟੈਕਸ ਵਿਭਾਗ ਨੇ ਅੰਕੁਰ ਨਰੂਲਾ ਦੇ ਚਰਚ ਉਤੇ ਛਾਪੇ ਮਾਰੇ ਸਨ।

### ਪੰਜਾਬ ਵਿੱਚ ਗ਼ੈਰ-ਪੰਜਾਬੀ ਮਿਸ਼ਨਰੀ

ਪੰਜਾਬ ਵਿੱਚ ਕੰਮ ਕਰ ਰਹੇ ਲਗਭਗ ਸਾਰੇ ਈਸਾਈ ਮਿਸ਼ਨਰੀ ਭਾਰਤੀ ਹਨ, ਪਰ ਉਹ ਸਾਰੇ ਪੰਜਾਬੀ ਨਹੀਂ ਹਨ। ਪੰਜਾਬ ਵਿੱਚ ਕੇਰਲਾ ਦੇ ਨਾਲ-ਨਾਲ ਕੁੱਝ ਹੋਰ ਰਾਜਾਂ ਤੋਂ ਵੀ ਮਿਸ਼ਨਰੀ ਹਨ।

ਕੁੱਝ ਸਮਾਂ ਪਹਿਲਾਂ ਕੇਰਲਾ ਦੇ ਪੰਜ ਈਸਾਈ ਮਿਸ਼ਨਰੀ ਦਿੱਲੀ ਪਹੁੰਚੇ ਸਨ। ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦਾ ਕੁੱਝ ਮੁਢਲਾ ਗਿਆਨ ਪ੍ਰਾਪਤ ਕਰਨ ਲਈ, ਉਨ੍ਹਾਂ ਨੇ ਆਪਣੇ ਮਨਸੂਬਿਆਂ ਨੂੰ ਪ੍ਰਗਟ ਕੀਤੇ ਬਿਨਾ ਦਿੱਲੀ ਦੇ ਗੁਰਮਤਿ ਕਾਲਜ ਵਿੱਚ ਦਾਖਲਾ ਲੈ ਲਿਆ। ਦਿੱਲੀ ਵਿੱਚ ਆਪਣਾ ਕੋਰਸ ਪੂਰਾ ਕਰਨ ਤੋਂ ਬਾਅਦ ਉਹ ਈਸਾਈ ਧਰਮ ਦਾ ਪ੍ਰਚਾਰ ਕਰਨ ਲਈ ਪੰਜਾਬ ਚਲੇ ਗਏ। ਕੇਰਲਾ ਦੇ ਈਸਾਈ ਮਿਸ਼ਨਰੀਆਂ ਵਾਂਗ ਇਹ ਪੂਰੀ ਸੰਭਾਵਨਾ ਹੈ ਕਿ ਭਾਰਤ ਦੇ ਦੂਜੇ ਰਾਜਾਂ ਦੇ ਈਸਾਈ ਮਿਸ਼ਨਰੀਆਂ ਨੇ ਵੀ ਈਸਾਈ ਧਰਮ ਦੇ ਪ੍ਰਚਾਰ ਲਈ ਪੰਜਾਬ ਜਾਣ ਤੋਂ ਪਹਿਲਾਂ ਕੁੱਝ ਮੁਢਲੀ ਪੰਜਾਬੀ ਭਾਸ਼ਾ ਅਤੇ ਸਿੱਖ ਧਰਮ ਦਾ ਕੁਝ ਬੁਨਿਆਦੀ ਗਿਆਨ ਵੀ ਪ੍ਰਾਪਤ ਕੀਤਾ ਹੋਵੇ।

⇒ ਬਾਕੀ ਅਗਲੇ ਅੰਕ ਵਿੱਚ





ਢਾਕਾ ਵਿੱਚ ਸਥਿੱਤ ਗੁਰਦੁਆਰਾ ਨਾਨਕ ਸ਼ਾਹੀ

# ਸ਼ਾਹਸਵਾਰ

## ਨਾਵਲ

ਜਸਵੀਰ ਸਿੰਘ ਸ਼ੀਰੀ




**ਇੱਕ ਅਰਸੇ ਤੋਂ, ਲੀਡਰਸ਼ਿਪ ਪੰਜਾਬ ਦੇ ਲੋਕਾਂ, ਖਾਸ ਕਰਕੇ ਜਵਾਨੀ ਨੂੰ ਝਕਾਨੀ ਦਿੰਦੀ ਰਹੀ ਹੈ। ਆਪਣੇ ਹਾਣ ਦੀ ਅਗਵਾਈ ਲਈ ਕਿਸੇ ਸਮਰੱਥ ਆਗੂ ਵਾਸਤੇ ਤਰਸੇਵਾਂ ਪੰਜਾਬ ਦੇ ਮੁੰਡਿਆਂ ਨੂੰ ਇੱਕ ਜਾਂ ਦੂਜੇ ਰਾਹੇ/ਕੁਰਾਹੇ ਭਟਕਾਉਂਦਾ ਰਿਹਾ ਹੈ। ਪਿਛਲੇ ਕਿਸਾਨ ਸੰਘਰਸ਼ ਦੌਰਾਨ ਇੱਕ ਵਾਰ ਫਿਰ ਆਸ ਬੱਝੀ ਸੀ ਕਿ ਕਿਸਾਨੀ ਦਾ ਇਹ ਸ਼ਕਤੀ ਪ੍ਰਦਰਸ਼ਨ ਪੰਜਾਬ ਦੇ ਪੁਨਰ ਉਥਾਨ ਦਾ ਮੁੱਢ ਬੰਨ੍ਹੇਗਾ। ਪਰ ਇਹ ਦੌਰ ਵੀ ਇੱਕ ਤੇਜ਼ ਸੁਪਨੇ ਦੀ ਤਰ੍ਹਾਂ ਗੁਜ਼ਰ ਗਿਆ ਹੈ। ਇੱਕ ਵਾਰ ਫਿਰ ਵਕਤ ਦੇ ਸ਼ਾਹਸਵਾਰ ਪੰਜਾਬੀ ਚੇਤਨਾ ਦੇ ਵਿਹੜੇ ਸਾਹਮਣਿਓਂ ਦੀ ਇੱਕ ਝਲਕ ਮਾਤਰ ਦੇ ਕੇ ਗੁਜ਼ਰ ਗਏ ਹਨ। ਗੁਰੂ ਇਤਿਹਾਸ ਨੇ ਪੰਜਾਬ ਦੀ ਜ਼ਮੀਨ ਵਿਚ ਬਹੁਤ ਵੱਡੇ ਆਦਰਸ਼ਾਂ ਦੇ ਬੀਜ ਬੀਜੇ ਹਨ। ਮਨੋਵਿਗਿਆਨੀ ਆਖਦੇ ਹਨ ਕਿ ਬੰਦੇ ਦਾ ਰੀਅਲ ਸੈਲਫ ਅਤੇ ਆਈਡਲ ਸੈਲਫ ਕਦੇ ਇੱਕ ਨਹੀਂ ਹੋ ਸਕਦੇ, ਪਰ ਆਪਣੇ ਆਦਰਸ਼ ਸੈਲਫ ਲਈ ਅਮੁੱਕ ਤਾਂਘ ਹੀ ਬੰਦੇ ਨੂੰ ਬਾਕੀ ਜਾਨਵਰ ਜਗਤ ਤੋਂ ਵੱਖ ਕਰਦੀ ਹੈ। ਕਿਸੇ ਸਮਾਜ 'ਤੇ ਵੀ ਸ਼ਾਇਦ ਇਹੋ ਮਨੋਵਿਗਿਆਨਕ ਅਸੂਲ ਲਾਗੂ ਹੁੰਦਾ ਹੋਵੇ। ਆਪਣੇ ਇਤਿਹਾਸ ਵਿੱਚ ਬੀਜੇ ਆਦਰਸ਼ ਆਪਣੇ ਅਸਲ ਨਾਇਕਾਂ ਦੀ ਤਾਲਾਸ਼ ਵਿੱਚ ਸਦਾ ਪੰਜਾਬ ਦੀ ਜਵਾਨੀ ਨੂੰ ਬੇਚੈਨ ਰੱਖਦੇ ਹਨ। ਮੀਡੀਆ ਖੇਤਰ ਨਾਲ ਪਿਛਲੇ ਲੰਮੇ ਸਮੇਂ ਤੋਂ ਜੁੜੇ ਹੋਏ ਲੇਖਕ ਜਸਵੀਰ ਸਿੰਘ ਸ਼ੀਰੀ ਨੇ ਇਸ ਨਾਵਲ ਵਿੱਚ ਪੰਜਾਬ ਦੀ ਇਸ ਬੇਚੈਨ ਆਤਮਾ ਨੂੰ ਹੀ ਸੰਬੋਧਨ ਹੋਣ ਦੀ ਕੋਸ਼ਿਸ਼ ਕੀਤੀ ਹੈ। ਇਹ ਇਤਫਾਕ ਹੀ ਹੈ ਕਿ ਸਮਕਾਲ ਦੀਆਂ ਘਟਨਾਵਾਂ ਇਸ ਬੇਚੈਨੀ ਦੇ ਰੰਗ ਵਿੱਚ ਰੰਗੀਆਂ ਗਈਆਂ ਹਨ। ਆਖਿਰ ਲੇਖਕ ਆਪ ਤੇ ਸਮੇਂ ਦੀ ਕੈਦ ਤੋਂ ਮੁਕਤ ਨਹੀਂ ਨਾ ਹੋ ਸਕਦਾ ! ਇਹ ਨਾਵਲ ਅਸੀਂ ਇਸ ਅੰਕ ਤੋਂ ਲੜੀਵਾਰ ਪ੍ਰਕਾਸ਼ਿਤ ਕਰ ਰਹੇ ਹਾਂ...**

ਵੀਰਦੀਪ ਸਵੇਰੇ ਸਵੇਰੇ ਸੈਰ ਲਈ ਨਿਕਲਿਆ, ਪਿੰਡ ਰੁੜਕੀ ਤੋਂ ਪਾਰ ਪਈ ਇੱਕ ਖਾਲੀ ਕਲੋਨੀ ਦੇ ਉਤੋਂ ਦੀ ਗੇੜਾ ਦੇ ਕੇ ਉਹ ਵਾਪਸ ਘਰ ਵੱਲ ਪਰਤਿਆ। ਮੁੜਦੇ ਹੋਏ ਪਿੰਡ ਵਿੱਚੋਂ ਦੀ ਲੰਘਦਿਆਂ ਹੀ ਉਹ ਆਪਣੇ ਪਿੰਡ ਵੱਲ ਨੂੰ ਖੇਤਾਂ ਵਿੱਚ ਦੀ ਜਾਂਦੀ ਕੱਚੀ ਪਹੀ ਪੈ ਗਿਆ। ਥੋੜ੍ਹਾ ਅੱਗੇ ਗਿਆ ਤਾਂ ਇੱਕ ਜੱਟ ਦਾ ਸੋਨਾਲੀਕਾ ਟਰੈਕਟਰ ਖੜਾ ਸੀ, ਪਿੱਛੇ ਪਾਣੀ ਦਾ ਡਰੰਮ ਲੱਦਿਆ ਹੋਇਆ। ਹਾੜ੍ਹੂ ਮੱਕੀ ਪੱਟਾਂ ਤੋਂ ਉੱਪਰ ਹੋ ਗਈ ਸੀ। ਇੱਕ ਮਜ਼ਦੂਰ ਮੋਟਰ ਨਾਲ ਚੱਲਣ ਵਾਲੇ ਪੰਪ ਨਾਲ ਸਪਰੇਅ ਕਰ ਰਿਹਾ ਸੀ। ਪੂਰੇ ਦੀ ਤੇਜ਼ ਹਵਾ ਨਾਲ ਉੜ ਕੇ ਸਪਰੇਅ ਰਸਤੇ ਤੱਕ ਆ ਰਹੀ ਸੀ। "ਲੰਘ ਲੈਣ ਦੇ ਵੀਰ ਬੰਦੇ ਨੂੰ।" ਟਰੈਕਟਰ 'ਤੇ ਬੈਠੇ ਜੱਟ ਨੇ ਮਜ਼ਦੂਰ ਨੂੰ ਆਵਾਜ਼ ਦਿੱਤੀ। ਵੀਰਦੀਪ ਟਰੈਕਟਰ ਦੇ ਲਾਗੇ ਹੀ ਰੁਕ ਗਿਆ। ਉਹ ਮੱਕੀ ਦੇ ਪੱਤਿਆਂ 'ਤੇ ਪੈ ਰਹੀ ਸਪਰੇਅ ਨੂੰ ਵੇਖ ਰਿਹਾ ਸੀ। ਮਨ ਵਿੱਚ ਸੁਆਲ ਉਠਿਆ, ਮੱਕੀ ਚੰਗੀ ਭਲੀ ਤਕੜੀ ਵਿਖਾਈ ਦੇ ਰਹੀ ਹੈ, ਇਹ ਸਪਰੇਅ ਕਿਉਂ ਕਰ ਰਹੇ? ਉਹਨੇ ਜੱਟ ਨੂੰ ਪੁੱਛ ਹੀ ਲਿਆ, 'ਇਹ ਕਾਹਦੀ ਸਪਰੇਅ ਹੈ ਜੀ?' ਜੱਟ ਦਾ ਜਵਾਬ ਸੀ, "ਨਦੀਣ ਬਹੁਤ ਹੋ ਜਾਂਦਾ ਬਾਈ, ਕੱਖ ਕੰਡਾ ਕੱਢਣ ਵਾਲੀਆਂ ਈ ਨੀਂ ਹਟਦੀਆਂ। ਨਦੀਣ ਮਾਰਨ ਲਈ ਕਰੀਦੀ ਸਪਰੇਅ।"

ਵੀਰਦੀਪ ਸੋਚਣ ਲੱਗਾ, ਮੱਕੀ ਵੱਡੀ ਹੋ ਗਈ ਹੈ। ਬਹੁਤੀ ਦਵਾਈ ਤਾਂ ਮੱਕੀ 'ਤੇ ਹੀ ਪੈ ਜਾਣੀ ਹੈ, ਨਦੀਣ ਕਿੱਦਾਂ ਮਾਰੂ ਇਹ ਸਪਰੇਅ? ਅਗਲੇ ਦਿਨ ਉਹ ਸੈਰ ਨੂੰ ਜਾਂਦੇ ਹੋਏ ਫਿਰ ਕੱਚੇ ਰਾਹ ਨਿਕਲਿਆ। ਮੱਕੀ ਦੇ ਪੱਤੇ ਕਿਨਾਰਿਆਂ ਤੋਂ ਸੁੱਕੇ ਹੋਏ ਸਨ, ਪਰ ਇੰਨੇ ਨਹੀਂ ਕਿ ਟਾਂਡਾ ਹੀ ਮਰ ਜਾਵੇ। ਜਿੱਥੇ ਮੱਕੀ ਦੇ ਬੂਟੇ ਛੋਟੇ ਸਨ, ਉਥੇ ਨਦੀਨ ਕੁਮਲਾ ਗਿਆ ਸੀ। ਉਹ ਥੋੜ੍ਹਾ ਹੋਰ ਅਗਾਂਹ ਗਿਆ ਤਾਂ ਖੇਤ ਦੇ ਦੱਖਣ-ਪੱਛਮ ਵਾਲੇ ਖੂੰਜੇ ਵੱਲ ਇੱਕ ਅਵਾਰਾ ਗਾਂ ਮੱਕੀ ਖਾ ਰਹੀ ਸੀ। ਖੂੰਜੇ ਦੇ ਇੱਕ ਵੱਡੇ ਹਿੱਸੇ ਨੂੰ ਗਾਂ ਪਹਿਲਾਂ ਹੀ ਚਰ ਚੁੱਕੀ ਸੀ। ਵੀਰਦੀਪ ਨੇ ਲਲਕਾਰਾ ਮਾਰ ਕੇ ਗਾਂ ਨੂੰ ਖੇਤ ਵਿੱਚੋਂ ਬਾਹਰ ਕੱਢਣਾ ਚਾਹਿਆ। ਉਹ ਹੋਰ ਅਗਾਂਹ, ਖੇਤ ਦੇ ਖਾਸਾ ਅੰਦਰ ਚਲੀ ਗਈ। ਲਗਦਾ ਸੀ ਮਨੁੱਖ ਤੋਂ ਜਿਵੇਂ ਉਸ ਨੂੰ ਭੈਅ ਆਉਂਦਾ ਹੋਵੇ। ਉਹਦੇ ਸਬੱਬ ਹੀ ਮੂੰਹ 'ਚੋਂ ਨਿਕਲਿਆ, 'ਮਾਤਾ ਜੀ ਆਜੋ ਬਾਹਰ, ਕਿਉਂ ਮੌਤ ਨੂੰ ਮਾਸੀ ਕਹਿਨੇ ਓਂ।' ਪਰ ਗਾਂ ਖੇਤ ਦੇ ਹੋਰ ਅੰਦਰ ਵੱਲ ਤੁਰਦੀ ਗਈ।

ਵੀਰਦੀਪ ਹੁਣ ਅਗਾਂਹ ਲੰਘ ਗਿਆ ਸੀ। ਉਹ ਸੋਚਣ ਲੱਗਾ 'ਜੱਟ ਵੀ ਸਾਲੇ ਮੂਰਖ ਈ ਨੇ। ਕੱਖਾਂ ਵਾਲੀਆਂ ਨੇ ਪੂਰੇ ਸੀਜ਼ਨ 'ਚ ਉਨੇ ਟਾਂਡੇ ਨਹੀਂ ਸਨ ਭੰਨਣੇ ਜਿੰਨੇ ਗਾਂ ਨੇ ਇੱਕ ਦਿਨ ਵਿੱਚ ਖਾ ਲਏ। ਨਦੀਣ ਉਵੇ ਖੜ੍ਹਾ ਹੇਠਾਂ, ਮੱਕੀ ਦੇ ਟਾਂਡੇ ਈ ਲੂਹੇ ਗਏ ਸਪਰੇਅ ਨਾਲ।'

ਉਹ ਮੁੜਦਾ ਹੋਇਆ ਫਿਰ ਕੱਚੇ ਰਾਹ ਪੈ ਗਿਆ। ਸੋਚਿਆ ਚਲੋ ਵੇਖ ਚਲਦੇ ਹਾਂ ਗਾਂ ਨਿਕਲੀ ਬਾਹਰ ਕਿ ਨਹੀਂ! ਪਹੀ ਵਿੱਚ ਤੁਰਦਿਆਂ ਜਦੋਂ ਉਹ ਮੱਕੀ ਦੇ ਉਸੇ ਖੇਤ ਦੇ ਲਾਗੇ ਗਿਆ ਤਾਂ ਗਾਂ ਮੱਕੀ ਦੇ ਖਾਧੇ ਹੋਏ ਖੂੰਜੇ ਵਿੱਚ ਡਿੱਗੀ ਤੜਫ ਰਹੀ ਸੀ। ਲਗਦਾ ਸੀ ਸਪਰੇਅ ਵਾਲੀ ਜ਼ਹਿਰ ਦਾ ਉਸ 'ਤੇ ਅਸਰ ਹੋ ਗਿਆ ਸੀ। ਡਿੱਗੀ ਪਈ, ਪਲਸੇਟੇ ਮਾਰਦੀ ਨੇ ਕਾਫੀ ਸਾਰੀ ਮੱਕੀ ਦੇ ਟਾਂਡੇ ਮਿੱਧ ਦਿੱਤੇ। ਖੇਤ ਦਾ ਮਾਲਕ ਉਸ ਨੂੰ ਆਸੇ-ਪਾਸੇ ਕਿਧਰੇ ਨਹੀਂ ਦਿਸਿਆ। ਤੜਫਦਾ ਹੋਇਆ ਜਾਨਵਰ ਵੀਰਦੀਪ ਤੋਂ ਦੇਖਿਆ ਨਹੀਂ ਸੀ ਜਾ ਰਿਹਾ, ਪਰ ਉਹ ਕੁਝ ਵੀ ਕਰਨ ਦੇ ਸਮਰੱਥ ਨਹੀਂ ਸੀ। ਬੇਵਸੀ ਜਿਹੀ ਵਿੱਚ ਉਹ ਅਗਾਂਹ ਨਿਕਲ ਗਿਆ। 'ਇੱਕ ਦਿਨ ਪੰਜਾਬ ਦੇ ਲੋਕਾਂ ਦਾ ਆਪਣਾ ਇਹ ਹਾਲ ਹੋਣਾ, ਜਿਹੜਾ ਇਸ ਗਾਂ ਦਾ ਹੋ ਰਿਹਾ' ਉਹ ਬੁੜਬੁੜਾਇਆ। ਉਦੋਂ ਚਾਹੁੰਦੇ ਹੋਏ ਵੀ ਕੋਈ ਕੁਝ ਨਹੀਂ ਕਰ ਸਕੇਗਾ।

ਇਹ ਸਾਰਾ ਕੁਝ ਸੋਚਦਿਆਂ ਵੀਰਦੀਪ ਲੰਮੀਆਂ ਸੋਚਾਂ ਵਿੱਚ ਨਿਕਲ ਗਿਆ। ਜਾਤਾਂ-ਕੁਜਾਤਾਂ ਦੇ ਫਰਕ ਦੇ ਬਾਵਜੂਦ, ਬਾਪੂ ਤੇ ਚਾਚਾ ਜੀ ਦਾ ਕਿੰਨਾ ਪਿਆਰ ਸੀ। ਜਿਵੇਂ ਇੱਕੋ ਟਹਿਣੀ ਦੇ ਦੋ ਪੱਤੇ ਹੋਣ। ਇੱਕ ਦੂਜੇ ਦੇ ਸਾਹਾਂ ਵਿੱਚ ਸਾਹ ਲੈਂਦੇ। ਦੋਨੋਂ ਇਕੱਠੇ ਪੜ੍ਹੇ ਸਨ ਦਸਵੀਂ ਤੱਕ। ਕੋਈ ਹਮਾਂ-ਤੁਮ੍ਹਾ ਨਹੀਂ ਸੀ ਉਨ੍ਹਾਂ 'ਚ। ਜਿਵੇਂ ਅੰਮਾ ਜਾਏ ਹੋਣ। ਕਦੀ ਕਦੀ ਚਾਚੀ ਬੀਬੀ ਨਾਲ ਕੌੜੀ ਕੁਸੈਲੀ ਹੁੰਦੀ, ਫਿਰ ਝੱਟ ਹੀ ਉਹ ਹੇਲ-ਮੇਲ ਹੋ ਜਾਂਦੀਆਂ। ਕੋਈ ਦਿਨ ਹੀ ਲੰਘਦਾ ਸੀ, ਜਦੋਂ ਬੀਬੀ ਚਾਚੇ ਹੋਰਾਂ ਵੱਲ ਗੇੜਾ ਨਹੀਂ ਸੀ ਮਾਰਦੀ, ਆਉਂਦੀ-ਜਾਂਦੀ ਉਹ ਚਾਚੀ ਨਾਲ ਕੰਮ ਕਾਰ ਵਿੱਚ ਹੱਥ ਵਟਾ ਜਾਂਦੀ। ਚਾਚੇ ਤੇ ਬਾਪੂ ਹੋਰਾਂ ਵਿਚਕਾਰ ਇੱਕ ਅਜੀਬ ਜਿਹਾ ਲਗਾਓ ਸੀ, ਜਿਸ ਦਾ ਹਿਸਾਬ-ਕਿਤਾਬ ਲਗਾਉਣਾ ਅਕਸਰ ਹੀ ਵੀਰਦੀਪ ਦੇ ਵਸੋਂ ਬਾਹਰ ਹੋ ਜਾਂਦਾ। ਚਾਚਾ ਰੰਗ ਦਾ ਗੋਰਾ ਸੀ, ਤਿੱਖੇ ਨੈਣ ਨਕਸ਼, ਕੱਦ ਪੰਜ ਫੁੱਟ ਨੌਂ ਇੰਚ ਦੇ ਕਰੀਬ। 'ਇਹ ਬਿਲਕੁਲ ਆਪਣੇ ਪਿਉ ਵਰਗਾ ਹੈ', ਬਾਪੂ ਦੱਸਿਆ ਕਰਦਾ ਸੀ। 'ਇਹਦੇ ਬਾਪੂ ਜੀ ਦਾ ਸੁਭਾਅ ਥੋੜ੍ਹਾ ਕੌੜਾ ਸੀ', ਉਹ ਆਖਦਾ। ਚਾਚੀ ਕੱਦ ਦੀ ਕੁਝ ਸਮਧਰ ਸੀ ਪਰ ਰੰਗ-ਰੂਪ ਚਾਚੇ ਨਾਲ ਮਿਲਦਾ-ਜੁਲਦਾ ਸੀ। ਵੀਰਦੀਪ ਦੇ ਪਿਉ ਦਾ ਰੰਗ ਕਾਫੀ ਪੱਕਾ ਸੀ, ਪਰ ਉਹਦੀ ਬੀਬੀ ਕਣਕਵੰਨੀ ਜਿਹੀ ਸੀ, ਉਂਝ ਨੈਣ ਨਕਸ਼ ਜਚਦੇ-ਫਬਦੇ। ਬੀਬੀ-ਬਾਪੂ ਦੀ ਭਾਵੇਂ ਬਣਦੀ ਬਥੇਰੀ ਸੀ, ਪਰ ਉਹ ਆਪਸ ਵਿੱਚ ਬਹੁਤ ਜ਼ਿਆਦਾ ਨਹੀਂ ਸਨ ਖੁਲ੍ਹਦੇ। ਚਿੱਤ ਹੌਲਾ ਕਰਨ ਲਈ ਬੀਬੀ ਕਈ ਵਾਰ ਵੀਰਦੀਪ ਕੋਲ ਢਿਡ ਫਰੋਲਣ ਲਗਦੀ, "ਜਦੋਂ ਤੈਂ ਹੋਣਾ ਸੀ, ਮੈਂ ਕਈ ਸੁਪਨੇ ਜਿਹੇ ਬੁਣਦੀ ਰਹਿੰਦੀ। ਤੇਰਾ ਰੰਗ ਰੂਪ ਕਿਹੋ ਜਿਹਾ ਹੋਵੇ, ਕਿਵੇਂ ਦਾ ਲੱਗੂ ਮੇਰਾ ਪੁੱਤ। ਇਹ ਵੀ ਮੈਂ ਅਰਦਾਸਾਂ ਕਰਦੀ ਕਿ ਮੇਰੇ ਘਰ ਪਹਿਲਾ ਪੁੱਤ ਹੀ ਹੋਵੇ, ਧੀ (ਨੂੰਹ) ਤਾਂ ਆਪੇ ਪੁੱਤ ਨਾਲ ਘਰ ਆ ਜਾਣੀ।"

ਉਹ ਗੱਲਾਂ 'ਚੋਂ ਗੱਲਾਂ ਦੀ ਲੜੀ ਫੜਦੀ ਤੁਰੀ ਜਾਂਦੀ, "ਮੈਨੂੰ ਤੇਰਾ ਬਾਪੂ ਤੇ ਚਾਚਾ ਕਰਮ ਸਿਉਂ ਦੋਨੋ ਚੰਗੇ-ਚੰਗੇ ਲਗਦੇ। ਕਈ ਵਾਰ ਮੈਂ ਉਨ੍ਹਾਂ ਦੇ ਚਿਹਰੇ ਇੱਕ ਦੂਜੇ ਵਿੱਚ ਘੁਲਦੇ-ਮਿਲਦੇ ਵੇਖਦੀ। ਮੈਨੂੰ ਪਤਾ ਨਾ ਲਗਦਾ ਤੂੰ ਕਿਹੋ ਜਿਹਾ ਹੋਵੇਂਗਾ। ਫਿਰ ਇੱਕ ਦਿਨ ਮੈਨੂੰ ਸੁਪਨਾ ਆਇਆ। ਤੇਰੇ ਹੋਣ ਵਿੱਚ ਹਾਲੇ ਮਹੀਨਾ ਕੁ ਰਹਿੰਦਾ ਸੀ। ਜਿਵੇਂ ਤੂੰ ਮੇਰੀ ਗੋਦ ਵਿੱਚ ਪਿਆ ਹੋਵੇਂ। ਮੈ ਤੇਰੇ ਚਿਹਰੇ ਦੇ ਨਕਸ਼ ਪਛਾਨਣ ਲੱਗੀ। ਨੈਣ ਨਕਸ਼ਾਂ ਪੱਖੋਂ ਤੂੰ ਬਿਲਕੁਲ ਮੈਨੂੰ ਆਪਣੇ ਕਰਮੇ ਚਾਚੇ ਵਰਗਾ ਲੱਗਿਆ, ਰੰਗ ਮੇਰੇ ਵਰਗਾ, ਜਿਵੇਂ ਸੱਚ ਮੁੱਚ ਤੇਰੇ ਬਾਪੂ ਤੇ ਚਾਚੇ ਦੇ ਰੰਗ ਨੂੰ ਮਿਲਾ ਕਿ ਬਣਿਆ ਹੋਵੇਂ।"

ਬੀਬੀ ਗੱਲਾਂ ਕਰਦੀ ਕਰਦੀ ਕਈ ਵਾਰ ਉਦਾਸ ਹੋ ਜਾਂਦੀ, "ਜਿਉਂ ਜਿਉਂ ਤੂੰ ਵੱਡਾ ਹੋਣ ਲੱਗਾ, ਤੇਰੇ ਨੈਣ ਨਕਸ਼ ਤੇਰੇ ਚਾਚੇ ਕਰਮੇ ਵਰਗੇ ਨਿਕਲਣ ਲੱਗੇ, ਪਿੰਡ ਵਾਲੇ ਬਥੇਰੀਆਂ ਗੱਲਾਂ ਬਣਾਉਂਦੇ। ਤੇਰੀ ਤਾਈ ਸੇਮੋਂ ਜਦੋਂ ਮੇਰੇ ਨਾਲ ਔਖੀ ਭਾਰੀ ਹੁੰਦੀ ਤਾਂ ਕਈ ਵਾਰ ਮਾੜਾ ਚੰਗਾ ਵੀ ਬੋਲ ਜਾਂਦੀ। ਮੈਂ ਚੁੱਪ ਕਰ ਰਹਿੰਦੀ, ਇੱਕ ਕੰਨੋਂ ਪਾਉਂਦੀ ਦੂਜੇ ਵੱਲੋਂ ਬਾਹਰ ਕੱਢ ਛੱਡਦੀ। ਕਈ ਵਾਰ ਤਾਂ ਉਹ ਖਾਸਾ ਮਾੜਾ ਬੋਲ ਜਾਂਦੀ। ਮੈਨੂੰ ਜਵਾਬ ਫਿਰ ਵੀ ਨਾ ਅਹੁੜਦੇ। ਤੇਰਾ ਬਾਪੂ ਜਦੋਂ ਕੰਮ 'ਤੇ ਚਲਾ ਜਾਂਦਾ, ਇਕੱਲੀ ਬੈਠ ਰੱਜ ਕੇ ਰੋਂਦੀ ਮੈਂ, ਦਿਲ ਹੌਲਾ ਹੋ ਜਾਂਦਾ।"

ਵੀਰਦੀਪ ਪੜ੍ਹਨ ਨੂੰ ਹੁਸ਼ਿਆਰ ਨਿਕਲਿਆ। ਪੰਜਾਬੀ ਸਕੂਲਾਂ ਵਿੱਚ ਪੜ੍ਹਾਈ ਦਾ ਭਾਵੇਂ ਪੱਧਰ ਕਾਫੀ ਗਿਰ ਗਿਆ ਸੀ, ਪਰ ਸੈਲਫ ਸਟਡੀ ਵਿੱਚ ਉਹ ਤਕੜਾ ਸੀ। ਸਾਇੰਸ-ਮੈਥ ਤਾਂ ਭਾਵੇਂ ਉਸ ਦੇ ਬਹੁਤੇ ਚੰਗੇ ਨਾ ਹੋ ਸਕੇ, ਪਰ ਇਤਿਹਾਸ ਅਤੇ ਸਮਾਜ ਸਾਸ਼ਤਰ ਵਿੱਚ ਉਸ ਦੀ ਕਾਫੀ ਗਹਿਰੀ ਦਿਲਚਸਪੀ ਬਣ ਗਈ। ਇਨ੍ਹਾਂ ਵਿਸ਼ਿਆਂ ਵਿੱਚੋਂ ਉਹ ਨੰਬਰ ਵੀ ਚੰਗੇ ਲੈ ਜਾਂਦਾ। ਮਿਸਤਰੀਆਂ ਦੀ ਸਿਮਰਨ ਉਸ ਨੂੰ ਗੁਜਾਰੇ ਜੋਗਾ ਸਾਇੰਸ-ਮੈਥ ਕਰਵਾ ਦਿੰਦੀ। ਸਕੂਲ ਵਾਲਾ ਸਾਇੰਸ ਮਾਸਟਰ ਤਾਂ ਐਸਾ ਵੈਸਾ ਹੀ ਸੀ, ਲੰਗੇ ਡੰਗ ਹੀ ਸਕੂਲ ਵੜਦਾ। ਸਿਮਰਨ ਨੇ ਛੇਵੀਂ ਤੋਂ ਹੀ ਸਾਇੰਸ ਮੈਥ ਟਿਊਸ਼ਨ 'ਤੇ ਪੜ੍ਹੇ ਸਨ। ਦਸਵੀਂ ਤੱਕ ਆਉਂਦਿਆਂ ਉਸ ਦੀ ਸਾਇੰਸ ਵਿੱਚ ਪਕੜ ਕਾਫੀ ਮਜ਼ਬੂਤ ਹੋ ਗਈ। ਦੁਖੀ ਹੋਇਆ ਹੈਡਮਾਸਟਰ ਕਈ ਵਾਰ ਸਿਮਰਨ ਨੂੰ ਹੀ ਆਖ ਦਿੰਦਾ ਕਿ ਕਲਾਸ ਨੂੰ ਸਾਇੰਸ ਦਾ ਵਿਸ਼ਾ ਪੜ੍ਹਾ ਦੇਵੇ। ਇਹ ਬੁੱਤਾ ਉਹ ਬਹੁਤੀ ਵਾਰ ਲਾ ਵੀ ਦਿੰਦੀ ਸੀ। ਡਰਾਇੰਗ ਵਾਲਾ ਮਾਸਟਰ ਮੈਥ ਵੀ ਕਰਵਾ ਦਿੰਦਾ। ਉਹਦੀ ਹਿਸਾਬ ਦੇ ਵਿਸ਼ੇ 'ਤੇ ਵੀ ਚੰਗੀ ਪਕੜ ਸੀ।

> ***ਪਹੀ ਵਿੱਚ ਤੁਰਦਿਆਂ ਜਦੋਂ ਉਹ ਮੱਕੀ ਦੇ ਉਸੇ ਖੇਤ ਦੇ ਲਾਗੇ ਗਿਆ ਤਾਂ ਗਾਂ ਮੱਕੀ ਦੇ ਖਾਧੇ ਹੋਏ ਖੂੰਜੇ ਵਿੱਚ ਡਿੱਗੀ ਤੜਫ ਰਹੀ ਸੀ। ਲਗਦਾ ਸੀ ਸਪਰੇਅ ਵਾਲੀ ਜ਼ਹਿਰ ਦਾ ਉਸ 'ਤੇ ਅਸਰ ਹੋ ਗਿਆ ਸੀ। ਡਿੱਗੀ ਪਈ, ਪਲਸੇਟੇ ਮਾਰਦੀ ਨੇ ਕਾਫੀ ਸਾਰੀ ਮੱਕੀ ਦੇ ਟਾਂਡੇ ਮਿੱਧ ਦਿੱਤੇ। 'ਇੱਕ ਦਿਨ ਪੰਜਾਬ ਦੇ ਲੋਕਾਂ ਦਾ ਆਪਣਾ ਇਹ ਹਾਲ ਹੋਣਾ, ਜਿਹੜਾ ਇਸ ਗਾਂ ਦਾ ਹੋ ਰਿਹਾ' ਉਹ ਬੁੜਬੁੜਾਇਆ। ਉਦੋਂ ਚਾਹੁੰਦੇ ਹੋਏ ਵੀ ਕੋਈ ਕੁਝ ਨਹੀਂ ਕਰ ਸਕੇਗਾ।***

---

ਕਰਮਜੀਤ ਸਿੰਘ ਆਪਣੇ ਪਿਤਾ ਆਤਮਾ ਸਿੰਘ ਦੀ ਇਕੱਲੀ ਔਲਾਦ ਸੀ। ਉਸ ਦੇ ਪਿਉ ਨੂੰ ਵਿਰਾਸਤ ਵਿੱਚ 5 ਏਕੜ ਜ਼ਮੀਨ ਮਿਲੀ ਸੀ। ਆਪਣੀ ਜ਼ਿੰਦਗੀ ਭਰ ਦੀ ਮਿਹਨਤ ਨਾਲ ਓਹਨੇ ਪੰਜ ਕੁ ਏਕੜ ਹੋਰ ਖਰੀਦ ਲਏ ਸਨ। ਫਿਰ ਸਮਾਂ ਪਾ ਕਿ ਉਸ ਨੇ ਕਈ ਵੱਟੇ-ਸੱਟੇ ਕੀਤੇ ਅਤੇ ਆਪਣੀ ਜ਼ਮੀਨ ਇੱਕ ਟੱਕ ਵਿੱਚ ਇਕੱਠੀ ਕਰ ਲਈ ਸੀ। ਉਹਦਾ ਪਿਉ ਹਿੰਮਤੀ ਬੰਦਾ ਸੀ। ਉਹਦੇ ਮੁਕਾਬਲੇ ਕਰਮਾ ਸੁਭਾਅ ਦਾ ਵੀ ਥੋੜ੍ਹਾ ਨਰਮ ਸੀ, ਤਮ੍ਹਾਂ ਵੀ ਬਹੁਤੀ ਨਹੀਂ ਸੀ ਰੱਖਦਾ। ਹੁਣ ਉਸ ਦੀ ਦਸ ਏਕੜ ਜ਼ਮੀਨ ਇੱਕ ਟੱਕ ਇਕੱਠੀ ਸੀ। ਪਹਿਲਾਂ ਪਹਿਲ ਖੇਤ ਮੋਟਰ ਵਾਲਾ ਕੋਠਾ ਹੀ ਸੀ ਜਾਂ ਪਸ਼ੂਆਂ ਲਈ ਇੱਕ ਸ਼ੈਡ ਸੀ, ਪਰ ਬਾਅਦ ਵਿੱਚ ਉਸ ਨੇ ਆਪਣੀ ਰਿਹਾਇਸ਼ ਵੀ ਖੇਤ ਹੀ ਕਰ ਲਈ।

ਕਰਮਜੀਤ ਦੀ ਘਰਵਾਲੀ ਦਾ ਚਿਹਰਾ ਸੂਹੀ ਭਾਅ ਮਾਰਦਾ। ਹੱਸਦੀ ਤਾਂ ਉਹਦਾ ਸਾਰਾ ਆਪਾ ਦਿਲ ਵਿੱਚ ਵਟ ਜਾਂਦਾ। ਕਰਮੇ ਦੇ ਨਾਲ ਤੁਰਦੀ ਤਾਂ ਦੋਵੇਂ ਜਚਦੇ। ਥੋੜ੍ਹਾ ਉਚੀ ਬੋਲਣ ਦੀ ਉਸ ਨੂੰ ਆਦਤ ਸੀ। ਥੋੜ੍ਹੀ ਗੁਸੈਲੀ ਜਿਹੀ ਵੀ ਹੋ ਗਈ ਸੀ। ਹਵਾ ਨਾਲ ਹੀ ਨਾਰਾਜ਼ ਹੋ ਜਾਂਦੀ, ਪਰ ਇਹ ਰੋਸਾ ਬਹੁਤੀ ਦੇਰ ਨਾ ਰਹਿੰਦਾ। ਝੱਟ ਕੁ ਬਾਅਦ ਹੀ ਆਮ ਵਾਂਗ ਬੋਲਣ ਲਗਦੀ। ਵਿਆਹ ਨੂੰ 10-12 ਸਾਲ ਹੋ ਗਏ ਸਨ, ਪਰ ਕੁੱਖ ਹਰੀ ਨਾ ਹੋਈ। ਕਰਮਾ ਬਥੇਰੇ ਡਾਕਟਰਾਂ ਕੋਲ ਘੁੰਮਿਆ। ਟੈਸਟ ਟਿਊਬ ਬੇਬੀ ਵਾਲਾ ਯਤਨ ਵੀ ਕਰਵਾਇਆ, ਪਰ ਗੱਲ ਨਾ ਬਣੀ। ਨਵਜੋਤ ਵਿਆਹ ਵੇਲੇ ਤਾਂ ਇੰਨੀ ਗੁਸੈਲ ਨਹੀਂ ਸੀ, ਪਰ ਬੇਔਲਾਦੀ ਨੇ ਸ਼ਾਇਦ ਉਸ ਨੂੰ ਗੁਸੈਲ ਕਰ ਦਿੱਤਾ ਸੀ। ਹੁਣ ਤਾਂ ਉਹ ਢਿੱਲੀ ਮੱਠੀ ਜਿਹੀ ਵੀ ਰਹਿਣ ਲੱਗ ਪਈ ਸੀ। ਜਦੋਂ ਕਦੀ ਚਿੱਤ ਔਖਾ ਹੁੰਦਾ ਤਾਂ ਵੀਰਦੀਪ ਦੀ ਮਾਂ ਨੂੰ ਆਪਣਾ ਹੱਥ ਵਟਾਉਣ ਲਈ ਸੱਦ ਲੈਂਦੀ। ਨਸੀਬ ਕੁਰ ਦਾ ਘਰੇਲੂ ਕੰਮ ਵਿੱਚ ਹੱਥ ਕਾਫੀ ਛੋਹਲਾ ਸੀ। ਰੋਟੀ ਟੁੱਕ ਤੇ ਡੰਗਰ ਵੱਛਾ ਤਾਂ ਉਹਨੇ ਸਾਂਭਣਾ ਹੀ ਹੁੰਦਾ, ਹਰ ਚੀਜ਼ ਨੂੰ ਜਿਵੇਂ ਟਿਕਾਣੇ ਸਿਰ ਕਰ ਜਾਂਦੀ। ਸਹੇਜਿਆ ਘਰ ਵੇਖ ਕੇ ਕਰਮੇ ਨੂੰ ਜਿਵੇਂ ਚਾਅ ਜਿਹਾ ਚੜ੍ਹ ਜਾਂਦਾ। ਉਹ ਕਹਿ ਬੈਠਦਾ, "ਵੇਖ ਲੈ ਨਵਜੋਤ ਨਸੀਬੋ ਭਾਬੀ ਕਿੰਨੀ ਸੁਚੱਜੀ ਐ, ਜਦੋਂ ਫੇਰਾ ਮਾਰ ਜਾਂਦੀ ਘਰ ਜਿਵੇਂ ਜਿਉਂਦਾ ਹੋ ਜਾਂਦਾ।"

ਨਵਜੋਤ ਖਿਝ ਕੇ ਆਖਦੀ, "ਭਾਬੀ ਨੂੰ ਈ ਰੱਖ ਲੈ ਫਿਰ ਘਰੇ, ਨਾਲੇ ਇੱਕ ਮੁੰਡਾ ਤੇਰੇ ਲਈ ਜੰਮਦੂ, ਜ਼ਮੀਨ ਦਾ ਵਾਰਸ ਤਾਂ ਮਿਲ ਜੂ।"

"ਭਾਬੀਆਂ ਰੱਬ ਨੇ ਵੇਖਣ ਲਈ ਈ ਬਣਾਈਆਂ ਨਵਜੋਤ, ਘਰ ਰੱਖਣ ਲਈ ਨ੍ਹੀਂ।" ਕਰਮਾ ਹੱਸ ਕੇ ਗੱਲ ਟਾਲ ਦਿੰਦਾ, "ਨਾਲੇ ਤੂੰ ਹੈ ਤਾਂ ਸਈ ਘਰੇ, ਅੰਦਰ ਫਿਰਦੀ ਤਾਂ ਤੂੰ ਈ ਚੰਗੀ ਲਗਦੀ, ਨਸੀਬੋ ਦਾ ਸਹੇਜਿਆ ਘਰ ਤੇਰੇ ਨਾਲ ਈ ਸਜਦਾ।" ਉਹਦੇ ਇਹ ਸਹਿਜ ਭਾਅ ਦਿੱਤੇ ਉੱਤਰ ਨਵਜੋਤ ਨੂੰ ਸ਼ਾਂਤ ਕਰ ਦੇਂਦੇ। ਉਹ ਨਵਜੋਤ ਦੀ ਕੁਸੈਲ ਨੂੰ ਹਾਸੇ ਠੱਠੇ ਵਿੱਚ ਬਦਲਣ ਦਾ ਹੁਣ ਮਾਹਿਰ ਹੋ ਗਿਆ ਸੀ।

ਕਰਮਜੀਤ ਸਹਿਜ ਮਤੇ ਵਿੱਚ ਰਹਿੰਦਾ। ਉਹਨੂੰ ਬਹੁਤੀ ਚੜ੍ਹੀ ਲੱਥੀ ਦੀ ਨਹੀਂ ਸੀ। ਹਸੂੰ-ਹਸੂੰ ਕਰਦਾ ਚਿਹਰਾ, ਉਸਦੇ ਗੋਰੇ ਰੰਗ ਨੂੰ ਜਿਵੇਂ ਨੂਰੀ ਬਣਾ ਦਿੰਦਾ ਸੀ, ਪਰ ਡੇੜ ਦਹਾਕਾ ਗੁਜਰ ਜਾਣ ਤੋਂ ਬਾਅਦ ਬੱਚੇ ਦੀ ਅਣਹੋਂਦ ਉਹਨੂੰ ਵੀ ਰੜਕਣ ਲੱਗ ਪਈ ਸੀ। ਕਦੀ-ਕਦੀ ਡੂੰਘੀਆਂ ਸੋਚਾਂ ਵਿੱਚ ਉਤਰ ਜਾਂਦਾ। ਮਨ ਵਿੱਚ ਕਈ ਤਰ੍ਹਾਂ ਦੇ ਖਿਆਲ ਆਉਂਦੇ- 'ਜੇ ਔਲਾਦ ਨਾ ਹੋਈ ਤਾਂ ਸਾਥੋਂ ਬਾਅਦ ਇਹ ਘਰ ਖੋਲ਼ਾ ਬਣ ਜਾਣਾ। ਵੇਹੜੇ ਵਿੱਚ ਖੜੇ ਕਚੂਰ ਸ਼ਹਿਤੂਤਾਂ, ਜਾਮਣਾਂ, ਅੰਬਾਂ ਦੇ ਦਰਖਤ ਮਨੁੱਖੀ ਬੋਲਾਂ ਨੂੰ ਤਰਸਿਆ ਕਰਨਗੇ। ਇਨ੍ਹਾਂ ਖੇਤਾਂ, ਇਨ੍ਹਾਂ ਵਿੱਚ ਹੁੰਦੀਆਂ ਫਸਲਾਂ ਨਾਲ ਗੱਲਾਂ ਕਰਨ ਵਾਲਾ ਕੋਈ ਨਹੀਂ ਹੋਣਾ?' ਇੰਦਾਂ ਦਾ ਕਈ ਕੁਝ ਸੋਚਦਿਆਂ ਅਕਸਰ ਉਸ ਦੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ। ਆਪਣੀ ਇਸ ਮਾਨਸਿਕ ਅਵਸਥਾ ਦਾ ਉਹ ਰੱਤੀ ਭਰ ਵੀ ਭੇਤ ਨਵਜੋਤ ਨੂੰ ਨਾ ਲੱਗਣ ਦਿੰਦਾ। ਕਈ ਵਾਰ ਉਹ ਨੇੜੇ ਹੀ ਕਿਤੇ ਹੁੰਦੀ। ਕਰਮਾ ਆਨੀ ਬਹਾਨੀਂ ਟੂਟੀ ਤੋਂ ਅੱਖਾਂ 'ਤੇ ਪਾਣੀ ਦੇ ਛਿੱਟੇ ਮਾਰਦਾ ਤੇ ਮੂੰਹ ਤੌਲੀਏ ਨਾਲ ਸਾਫ ਕਰ ਲੈਂਦਾ। ਨਵਜੋਤ ਰਸੋਈ ਦਾ ਆਹਰ ਕਰਦੀ ਜਦੋਂ ਲਾਬੀ ਵਿੱਚ ਆਉਂਦੀ, ਉਹਦਾ ਸੱਜਰਾ ਧੋਤਾ, ਧੀਮੀ ਜਿਹੀ ਉਦਾਸੀ ਵਿੱਚ ਲਿਪਟਿਆ ਚਿਹਰਾ ਗਹੁ ਨਾਲ ਵੇਖਦੀ, "ਕੀ ਹੋਇਆ, ਅੱਜ ਉੱਖੜੇ ਉੱਖੜੇ ਜਿਹੇ ਲਗਦੇ ਹੋ!"

"ਐਵੇਂ ਲਗਦਾ ਤੈਨੂੰ, ਰੋਟੀ ਲਿਆ ਜਲਦੀ, ਖੇਤ ਵੱਲ ਗੇੜਾ ਮਾਰਨ ਜਾਣਾ, ਪਾਣੀ ਪਈ ਜਾਂਦਾ ਖੱਤੇ, ਗਾਹਣ ਕਰਨ ਵਾਲਾ ਪਿਆ। ਭਈਆ 'ਕੱਲਾ ਈ ਆ ਖੇਤੇ। ਵੱਟਾਂ ਵੀ ਚੜ੍ਹਾਉਣ ਵਾਲੀਆਂ ਪਈਆਂ।"

ਇਸ ਲੁਕਾ ਛਿਪੀ ਦੇ ਬਾਵਜੂਦ ਨਵਜੋਤ ਕਰਮੇ ਦੀ ਰਗ ਪਛਾਣਦੀ ਸੀ। ਉਹ ਚਿਹਰੇ ਤੋਂ ਉਹਦਾ ਦਿਲ ਪੜ੍ਹਨਾ ਸਿੱਖ ਗਈ ਸੀ। ਉਂਝ ਵੀ ਪਿਛਲੇ ਕੁਝ ਕੁ ਸਾਲਾਂ ਵਿੱਚ ਕਰਮੇ ਦੇ ਮੱਥੇ 'ਤੇ ਹਲਕੀ ਜਿਹੀ ਤਿਊੜੀ ਉਭਰ ਆਈ ਸੀ। ਕਈ ਵਾਰ ਨਵਜੋਤ ਓਹਦੇ ਕੋਲ ਬੈਠੀ ਹੁੰਦੀ, ਉਹਦਾ ਮਨ ਕਿਧਰੇ ਦੁਰੇਡੀਆਂ ਸੋਚਾਂ ਵਿੱਚ ਨਿਕਲ ਜਾਂਦਾ।

"ਕਿੱਥੇ ਚਲੇ ਗਏ ਹੋ, ਮੇਰਾ ਵੀ ਨੀ ਖਿਆਲ ਰੱਖਦੇ, ਬਣੀ ਠਣੀ ਬੈਠੀ ਹਾਂ ਥੋਡੇ ਕੋਲ, ਕੋਈ ਸਿਫਤ ਸਲਾਹ ਈ ਕਰੇ ਬੰਦਾ।" ਨਵਜੋਤ ਦੇ ਅਜਿਹੇ ਬੋਲਾਂ ਨਾਲ ਉਹ 'ਹੁਣ' ਵਿਚ ਹਾਜ਼ਰ ਹੁੰਦਾ। ਐਧਰ ਉਧਰ ਦੀਆਂ ਮਾਰਨ ਲਗਦਾ।

"ਚਾਹ ਧਰ ਲੈ ਘੁੱਟ ਫਿਰ! ਨਾਲੇ ਦੋ ਗੱਲਾਂ ਕਰਨ ਦਾ ਬਹਾਨਾ ਮਿਲ ਜੂ।" ਲਾਲ ਭਾਅ ਮਾਰਦੀ ਕੜ੍ਹੀ ਹੋਈ ਚਾਹ ਪੀਣ ਦਾ ਉਹ ਸ਼ੌਕੀਨ ਸੀ।

"ਚੱਜ ਦੀ ਬਣਾਈਂ, ਮੇਰੇ ਵਾਲੀ, ਐਵੇਂ ਨਾ ਪਾਣ ਧਾਣ ਜਿਹਾ ਚੁੱਕ ਲਿਆਈਂ।" ਉਹ ਟਕੋਰ ਮਾਰਨ ਲਗਦਾ।

"ਚੰਗਾ ਬਾਬਾ, ਥੋਡਾ ਵੀ ਨਖਰਾ ਮਸਾਂ ਚੁੱਕਿਆ ਜਾਂਦਾ।" ਨਵਜੋਤ ਜਿਵੇਂ ਰੰਗ ਵਿੱਚ ਆਉਣ ਲਗਦੀ।

ਹੁਕਮ ਸਿੰਘ ਕਰਮੇ ਦਾ ਯਾਰ ਸੀ ਤੇ ਥੋੜ੍ਹਾ ਜਿਹਾ ਸ਼ਰੀਕ ਵੀ। ਹੁਕਮਾ ਬਾਰਵੀਂ ਕਰਕੇ ਸਮਾਜ ਭਲਾਈ ਵਿਭਾਗ

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਉਰਵਸ਼ੀ


ਸ਼ਬਦੋ ਵਣਜਾਰਿਓ



ਪਰਮਜੀਤ ਢੀਂਗਰਾ
ਫੋਨ: +91-9417358120

ਪੰਜਾਬੀ ਕੋਸ਼ਾਂ ਵਿੱਚ ਉਰਵਸ਼ੀ ਦਾ ਅਰਥ ਉਪਜਾਊ ਧਰਤੀ ਕੀਤਾ ਗਿਆ ਹੈ। ਮਹਾਨ ਕੋਸ਼ ਅਨੁਸਾਰ ਉਰਵਸੀ ਸੰ. ਉਰਵਸ਼ੀ-ਉਰੁ-ਅਸ਼੍ ਜੋ ਵੱਡਿਆਂ ਨੂੰ ਵਸ਼ ਵਿੱਚ ਕਰਦੀ ਹੈ। ਇੱਛਾ ਖਵਾਹਿਸ਼, ਸੁਰਗ ਦੀ ਇੱਕ ਅੱਪਛਰਾ (ਅਪਸਰਾ) ਜਿਸ ਦਾ ਰਿਗਵੇਦ ਵਿੱਚ ਵਰਣਨ ਮਿਲਦਾ ਹੈ। ਇਹ ਨਾਰਾਯਣ ਦੇ ਉਰੁ (ਪੱਟ) ਤੋਂ ਉਪਜੀ, ਜਿਸ ਕਾਰਨ ਨਾਉਂ ਉਰਵਸੀ ਹੋਇਆ। ਮਹਾਭਾਰਤ ਵਿੱਚ ਲਿਖਿਆ ਹੈ ਕਿ ਮਿਤ੍ਰ ਅਤੇ ਵਰੁਣ ਦਾ ਉਰਵਸੀ ਨੂੰ ਦੇਖ ਕੇ ਵੀਰਯ ਡਿੱਗ ਪਿਆ, ਜਿਸ ਤੋਂ ਅਗਸ੍ਤਿ ਅਤੇ ਵਸ਼ਿਸ਼ਠ ਰਿਖੀ ਪੈਦਾ ਹੋਏ। ਇੱਕ ਵਾਰ ਉਰਵਸੀ ਨੇ ਇਨ੍ਹਾਂ ਦੋਹਾਂ ਰਿਖੀਆਂ ਨੂੰ ਗੁੱਸੇ ਕਰ ਦਿੱਤਾ, ਜਿਸ ਪੁਰ ਦੋਹਾਂ ਨੇ ਸਰਾਪ ਦਿੱਤਾ ਕਿ ਉਰਵਸੀ ਪ੍ਰਿਥਿਵੀ ਉਤੇ ਜਨਮ ਕੇ ਰਾਜੇ ਪਰੂਰਵਾ ਦੀ ਇਸਤਰੀ ਹੋਵੇ।

ਨਿਰੁਕਤ ਕੋਸ਼ ਵਿੱਚ ਬਿਜਲੀ ਦਾ ਨਾਉਂ ਭੀ ਉਰਵਸ਼ੀ ਹੈ। ਜੁਗਨੀ, ਧੁਕਧੁਕੀ, ਛਾਤੀ 'ਤੇ ਲਟਕਣ ਵਾਲਾ ਗਹਿਣਾ। ਦਿਲਗੀਰ ਕੋਸ਼ ਅਨੁਸਾਰ- ਪਦਮ ਪੁਰਾਣ ਮੁਤਾਬਕ ਉਰਵਸ਼ੀ ਨਰ ਨਾਰਾਇਣ ਦੇਵਤੇ ਨੇ ਆਪਣੀ ਉਰੁ (ਛਾਤੀ) ਤੋਂ ਪੈਦਾ ਕੀਤੀ ਇੱਕ ਹੋਰ ਰਵਾਇਤ ਅਨੁਸਾਰ ਉਰੂ (ਉਦਰ/ਪੇਟ) ਵਿੱਚੋਂ {ਇਕ ਹੋਰ ਰਵਾਇਤ ਮੁਤਾਬਕ ਪੱਟ ਤੋਂ} ਪੈਦਾ ਹੋਈ, ਜਿਸ ਕਰਕੇ ਉਰਵਸ਼ੀ ਨਾਂ ਪਿਆ। ਉਸ ਨੇ ਇਹ ਇਸ ਕਰਕੇ ਪੈਦਾ ਕੀਤੀ ਤਾਂ ਜੋ ਇੰਦਰ ਨੂੰ ਮੋਹਿਤ ਕਰਕੇ ਉਸ ਦੀ ਤਪੱਸਿਆ ਭੰਗ ਕੀਤੀ ਜਾ ਸਕੇ (ਜਦੋਂ ਇੰਦਰ ਨੂੰ ਮੋਹ ਸਕਣ ਵਿੱਚ ਨਾਕਾਮ ਰਹੀ ਤਾਂ ਮਗਰੋਂ ਰਿਸ਼ੀ ਨੇ ਇੰਦਰ ਨੂੰ ਇਹ ਤੋਹਫ਼ੇ ਵਜੋਂ ਦੇ ਦਿੱਤੀ। ਕਵੀ ਕਾਲੀਦਾਸ ਨੇ 'ਵਿਕ੍ਰਮੋਰਵਸ਼ੀ' ਨਾਟਕ ਵਿੱਚ ਚੰਦਰਬੰਸੀ ਰਾਜੇ ਪਰੂਰਵਾ ਤੇ ਉਰਵਸ਼ੀ ਦੇ ਇਸ਼ਕ ਦੀ ਕਹਾਣੀ ਬਿਆਨ ਕੀਤੀ ਹੈ। ਰਮਾਇਣ ਮੁਤਾਬਕ ਇਹ ਰਾਮ ਚੰਦਰ ਦੀ ਵੱਡੀ ਭੈਣ ਰਿਸਿਆਸਰਿੰਗ ਦੀ ਸੱਸ ਸੀ।



ਉਪਜਾਊਪਣ ਜਾਂ ਬਹੁਤ ਕੁਝ ਪੈਦਾ ਕਰਨ ਦੇ ਅਰਥਾਂ ਵਿੱਚ 'ਉਰਵਰ' ਸ਼ਬਦ ਆਮ ਪ੍ਰਚਲਤ ਹੈ, ਜਿਸ ਨੂੰ ਫ਼ਾਰਸੀ ਵਿੱਚ ਜਰਖ਼ੇਜ਼ ਕਿਹਾ ਜਾਂਦਾ ਹੈ। ਉਰਵਰ ਬਣਾਉਣ ਦੀ ਕਿਰਿਆ 'ਉਰਵਰਣ' ਹੈ ਤੇ ਉਰਵਰ ਹੋਣ ਦੀ ਅਵਸਥਾ ਜਾਂ ਭਾਵ ਹੈ- 'ਉਰਵਰਤਾ।' ਧਰਤੀ ਵਿੱਚੋਂ ਅੰਨ ਉਪਜਾਣ ਵਾਲੀ ਜ਼ਮੀਨ ਲਈ ਉਰਵਰਾ ਸ਼ਬਦ ਪ੍ਰਚਲਤ ਹੈ। ਇਹਦਾ ਅਰਥ ਖੇਤੀਬਾੜੀ ਲਈ ਉਪਜਾਊ ਜ਼ਮੀਨ ਵੀ ਹੁੰਦਾ ਹੈ। ਬੰਗਾਲੀ ਵਿੱਚ ਇਹਨੂੰ 'ਉਰਬੀ' ਤੇ ਪੂਰਬੀ ਬੋਲੀਆਂ ਵਿੱਚ 'ਉਰਬ' ਜਾਂ 'ਉਰਾ' ਕਿਹਾ ਜਾਂਦਾ ਹੈ। ਦਿਲ, ਛਾਤੀ, ਮਨ, ਚਿਤ ਲਈ 'ਉਰ' ਸ਼ਬਦ ਪ੍ਰਚਲਤ ਹੈ। ਜਾਇਜ਼ ਔਲਾਦ ਲਈ ਹਿੰਦੀ ਵਿੱਚ 'ਔਰਸ' ਸ਼ਬਦ ਪ੍ਰਚਲਤ ਹੈ। ਇਨ੍ਹਾਂ ਸਾਰੇ ਸ਼ਬਦਾਂ ਦੇ ਮੂਲ ਵਿੱਚ ਸੰਸਕ੍ਰਿਤ ਦਾ 'ਉਰਸ੍' ਸ਼ਬਦ ਹੈ, ਜਿਸਦਾ ਅਰਥ ਹੈ- ਸੀਨਾ, ਛਾਤੀ, ਬਰੈਸਟ, ਸਤਨ, ਹਿਰਦਾ, ਚਿੱਤ ਆਦਿ।

ਮੱਧਕਾਲ ਵਿੱਚ ਔਰਤਾਂ ਦੇ ਨਖਸ਼ਿਖ ਵਰਣਨ ਦਾ ਰਿਵਾਜ ਸੀ। ਜਿਹਾ ਕਿ ਵਾਰਿਸ ਸ਼ਾਹ ਹੀਰ ਦਾ ਨਖਸ਼ਿਖ ਵਰਣਨ ਕਰਦਾ ਲਿਖਦਾ ਹੈ- 'ਬਾਹਾਂ ਬੇਲਣੇ ਬੇਲੀਆਂ ਗੁੰਨਿ ਮੱਖਣ, ਛਾਤੀ ਸੰਗਮਰਮਰ ਗੰਗਧਾਰ ਵਿੱਚੋਂ। ਛਾਤੀ ਠਾਠ ਦੀ ਉਭਰੀ ਪੱਟ ਖੇਨੂੰ ਸੇਉ ਬਲਖ ਦੇ ਚੁਣੇ ਅੰਬਾਰ ਵਿੱਚੋਂ' (55); ਛਾਤੀ, ਸਤਨ, ਉਰਸਿਜ, ਉਰੋਜ ਇਸੇ ਕੜੀ ਦੇ ਸ਼ਬਦ ਹਨ। ਪ੍ਰਿਥਵੀ ਦੇ ਅਰਥਾਂ ਵਿੱਚ ਉਰਵੀ ਦਾ ਅਰਥ ਹੈ- ਚੌੜਾ, ਸਪਾਟ, ਵਿਸ਼ਾਲ ਇਲਾਕਾ। ਡਾ. ਰਾਮ ਵਿਲਾਸ ਸ਼ਰਮਾ ਨੇ ਲਿਖਿਆ ਹੈ ਕਿ ਸੰਸਕ੍ਰਿਤ ਵਿੱਚ 'ਉਰ' ਸ਼ਬਦ ਖੇਤ ਲਈ ਨਹੀਂ, ਬਲਕਿ ਉਰਵਰਾ ਖੇਤੀ ਲਾਇਕ ਉਪਜਾਊ ਭੂਮੀ ਲਈ ਹੁੰਦਾ ਹੈ। ਇਸੇ ਉਰ ਤੋਂ ਪ੍ਰਿਥਵੀ ਲਈ ਉਰਵੀ ਸ਼ਬਦ ਬਣਿਆ ਹੈ। ਉਰਵਰਤਾ ਦੀ ਸਕੀਰੀ ਅਮੀਰੀ, ਭਰਪੂਰਤਾ ਨਾਲ ਹੈ।

ਮੋਨੀਅਰ ਵਿਲੀਅਮ ਮੋਨੀਅਰ ਸੰਸਕ੍ਰਿਤ-ਅੰਗਰੇਜ਼ੀ ਕੋਸ਼ ਵਿੱਚ ਲਿਖਦਾ ਹੈ- ਗ੍ਰੀਕ ਭਾਸ਼ਾ ਦਾ 'ਏਓਰੂਸ੍' ਸ਼ਬਦ ਏਸੇ ਉਰੂ ਤੋਂ ਬਣਿਆ ਹੈ। ਜਾਨ ਪਲੈਟਸ ਦੇ ਉਰਦੂ-ਹਿੰਦੀ-ਅੰਗਰੇਜ਼ੀ ਕੋਸ਼ ਵਿੱਚ 'ਉਰੂ' ਦਾ ਅਰਥ ਚੌੜਾ, ਵਿਸ਼ਾਲ ਕੀਤਾ ਗਿਆ ਹੈ। ਡਾ. ਸ਼ਰਮਾ ਦਾ ਮੱਤ ਹੈ ਕਿ 'ਉਰ੍' ਵਰਗੀ ਕੋਈ ਕਿਰਿਆ ਸੰਸਕ੍ਰਿਤ ਵਿੱਚ ਨਹੀਂ ਮਿਲਦੀ। ਉਹ ਇਸ ਸੰਦਰਭ ਵਿੱਚ ਦਰਾਵੜੀ ਭਾਸ਼ਾ ਵਿੱਚੋਂ ਉਦਾਹਰਣਾਂ ਦੇ ਕੇ ਇਹਦੀ ਸਕੀਰੀ ਦਰਾਵੜੀ ਭਾਸ਼ਾਵਾਂ ਨਾਲ ਸਾਬਤ ਕਰਦੇ ਹਨ। ਤਮਿਲ ਵਿੱਚ ਸ਼ਬਦ ਹੈ- 'ਉਲੁ' ਜਿਸ ਵਿੱਚ ਜੋਤਣ, ਖੁਰਚਣ ਦੇ ਭਾਵ ਪਏ ਹਨ। ਕਿਸਾਨ ਲਈ 'ਉਲੁਵਨ' ਸ਼ਬਦ ਮਿਲਦਾ ਹੈ। 'ਤੁਲੁ' ਵਿੱਚ 'ਡ' ਲਗ ਕੇ 'ਉਡੂਨਿ', 'ਹੁਡੁਨਿ' ਬਣ ਜਾਂਦਾ ਹੈ, ਜਿਸ ਵਿੱਚ ਜੋਤਨ ਦੇ ਭਾਵ ਹਨ। ਤਮਿਲ ਵਿੱਚ 'ਉਲੁ' ਦਾ ਇੱਕ ਅਰਥ ਅੰਦਰ ਵੀ ਹੈ, 'ਓਰਈ' ਦਾ ਅਰਥ ਨਿਵਾਸ ਕੀਤਾ ਜਾਂਦਾ ਹੈ। ਕੰਨੜ ਵਿੱਚ 'ਉਰੁਵੁ' ਦਾ ਅਰਥ ਵਿਸ਼ਾਲ ਜਾਂ ਵਿਸਤ੍ਰਿਤ ਹੈ। ਤੁਲੁ ਵਿੱਚ ਉਰਵੀ, ਉਰਬੀ ਦਾ ਅਰਥ ਹੈ- ਵਾਧਾ। ਇਹ ਸਾਰੇ ਸ਼ਬਦ ਉਰਵਰ ਦੇ ਉਪਜਾਊਪਨ, ਵਾਧੇ ਵੱਲ ਇਸ਼ਾਰਾ ਕਰਦੇ ਹਨ।

ਡਾ. ਸ਼ਰਮਾ ਨੇ ਉਰ੍ ਜਾਂ ਊਰ ਦੀ ਸਕੀਰੀ ਭਰੋਪੀ ਪੁਰ ਜਾਂ ਪੂਰ ਨਾਲ ਵੀ ਜੋੜੀ ਹੈ, ਜਿਸ ਵਿੱਚ ਆਸਰੇ ਦਾ ਭਾਵ ਹੈ। ਪੁਰ ਜਿਵੇਂ ਕਰਤਾਰਪੁਰ, ਗੁਰਦਾਸਪੁਰ, ਭਗਵਾਨਪੁਰ, ਹੁਸ਼ਿਆਰਪੁਰ, ਭੋਡੀਪੁਰ ਆਦਿ। ਪੁਰ ਦਾ ਮੂਲ ਭਰੋਪੀ ਰੂਪ ਪੋਲ ਹੈ। ਗ੍ਰੀਕ ਵਿੱਚ ਇਹ 'ਪਾਲਿਸ' ਹੈ, ਜਿਸਦਾ ਅਰਥ ਹੈ- ਨਗਰ। ਪਾਲਿਤੇਸ ਭਾਵ ਨਾਗਰਿਕ, ਪਾਲਿਤਿਕੋਸ ਭਾਵ ਨਾਗਰਿਕ ਸੰਬੰਧੀ। ਰੂਸੀ ਵਿੱਚ ਇਹੀ ਪੋਲ ਖੇਤੀ ਦੇ ਅਰਥ ਰੱਖਦਾ ਹੈ। ਗਰੀਕ ਵਿੱਚ ਵੀ 'ਪੋਲੋਸ' ਉਸ ਜ਼ਮੀਨ ਨੂੰ ਕਹਿੰਦੇ ਹਨ, ਜੋ ਵਾਹੀ ਜਾਂਦੀ ਹੈ। ਸਪਸ਼ਟ ਹੈ ਕਿ ਸੰਸਕ੍ਰਿਤ ਦੇ /ਪ/ ਵਿਅੰਜਣ ਨਾਲ ਜੁੜੀ ਗਤੀ 'ਤੇ ਚਲਣ ਦੀ ਕਿਰਿਆ ਨਾਲ ਹੀ ਇਸ ਸ਼ਬਦ ਦੀ ਲੜੀ ਉਭਰਦੀ ਹੈ। ਧਰਤੀ ਨੂੰ ਵਾਹੁਣਾ ਭਾਵ ਚਲਦੇ ਚਲਦੇ ਉਹਦੀ ਸਤਹ ਨੂੰ ਖੁਰਚਣਾ, ਖੋਦਣਾ, ਉਲਟਣਾ, ਪਲਟਣਾ। ਬੁਰਜ, ਬਰਗ ਵੀ ਇਸੇ ਸ਼੍ਰੇਣੀ 'ਚ ਆਉਂਦੇ ਹਨ।

ਸੰਸਕ੍ਰਿਤ ਦਾ ਪੁਰ- ਪਿੰਡ, ਨਗਰ ਵੀ ਹੈ। ਦਰਾਵੜੀ ਭਾਸ਼ਾਵਾਂ ਵਿੱਚ ਏਸੇ ਪੁਰ ਜਾਂ ਪੂਰ ਵਿੱਚ /ਪਓਵ/ ਵਿੱਚ ਬਦਲ ਕੇ ਉਰ ਜਾਂ ਊਰ ਸ਼ਬਦ ਬਣਦੇ ਹਨ। ਤੰਜਾਵਰ ਦਾ 'ਵੂਰ' ਇਹਦੀ ਮਿਸਾਲ ਹੈ, ਜਿਸ ਦਾ ਮੂਲ ਅਰਥ ਰਹਿਣਾ ਹੈ। ਸੰਸਕ੍ਰਿਤ ਦੇ ਉਰੂ ਵਿੱਚ ਪੱਟ ਜਾਂ ਛਾਤੀ ਦੇ ਅਰਥ ਵੀ ਪਏ ਹਨ। ਇਹ ਦੋਵੇਂ ਅੰਗ ਵਿਸ਼ਾਲ ਹੁੰਦੇ ਹਨ। ਇਸੇ ਲਈ ਉਰ ਦਾ ਅਰਥ ਛਾਤੀ ਹੈ ਤਾਂ ਉਰੂ ਦਾ ਪੱਟ। ਵਿਸਥਾਰ ਦੇ ਇਸੇ ਭਾਵ ਦੀ ਵਿਆਖਿਆ ਉਰਵੀ ਵਿੱਚ ਹੁੰਦੀ ਹੈ, ਜਿਸ ਦਾ ਅਰਥ ਧਰਤੀ ਹੈ ਤੇ ਇਸ ਦਾ ਅਨੰਤ ਵਿਸਥਾਰ ਹੈ। ਉਰ ਹਿਰਦੇ ਦਾ ਵੀ ਪਰਿਆਏਵਾਚੀ ਹੈ, ਆਸਰੇ ਦਾ ਵੀ। ਖੇਤੀ ਸਭਿਆਚਾਰ ਦੇ ਵਿਕਾਸ ਨਾਲ ਵਾਹੁਣ ਦੀ ਕਿਰਿਆ ਦਾ ਵਿਕਾਸ ਉਰਵਰਾ ਅਥਵਾ ਉਪਜਾਊ ਦੇ ਰੂਪ ਵਿੱਚ ਹੋਇਆ, ਜਿਸ ਵਿੱਚ ਵਾਹੁਣ ਵੇਲੇ ਧਰਤੀ ਨੂੰ ਉਲਟ ਪਲਟ ਕੇ ਖੇਤੀ ਯੋਗ ਬਣਾਉਣ ਦੀ ਕਿਰਿਆ ਹੈ। ਛਾਤੀ ਲਈ ਉਰੋਜ ਜਾਂ ਉਰਸਿਜ ਸ਼ਬਦ ਨੂੰ ਦੇਖੀਏ ਤਾਂ ਔਰਤ ਦੀਆਂ ਛਾਤੀਆਂ ਦੁੱਧ ਦਾਤੀਆਂ ਹਨ, ਜਿਨ੍ਹਾਂ ਵਿੱਚੋਂ ਬੱਚਾ ਦੁੱਧ ਚੁੰਘ ਕੇ ਵੱਡਾ ਹੁੰਦਾ ਹੈ। ਇਸ ਪਿਛੇ ਵੀ ਔਰਤ ਦੀ ਉਪਜਾਇਕਤਾ ਦੇ ਭਾਵ ਪਏ ਹਨ।

ਡਾ. ਰਾਜ ਬਲੀ ਪਾਂਡੇ ਅਨੁਸਾਰ ਖੇਤੀਯੋਗ ਧਰਤੀ ਲਈ ਖੇਤਰ ਦੇ ਨਾਲ ਨਾਲ ਉਰਵਰਾ ਸ਼ਬਦ ਦੀ ਵਰਤੋਂ ਰਿਗਵੇਦ ਤੋਂ ਵੀ ਪਹਿਲੇ ਸਾਹਿਤ ਵਿੱਚ ਮਿਲਦੀ ਹੈ। ਵੈਦਿਕ ਕਾਲ ਵਿੱਚ ਖੇਤਾਂ ਦੀ ਪੈਮਾਇਸ਼ ਹੁੰਦੀ ਸੀ। ਖੇਤੀ ਡੂੰਘੀ ਹੁੰਦੀ ਸੀ। ਨਾਲ ਹੀ ਉਪਜਾਊਪਨ ਲਈ ਖਾਦ ਵਰਗੇ ਪਦਾਰਥਾਂ ਦੀ ਵਰਤੋਂ ਹੁੰਦੀ ਸੀ। ਅੱਜ ਸਾਰੀਆਂ ਰਸਾਇਣਕ ਖਾਦਾਂ ਲਈ ਉਰਵਰਕ ਸ਼ਬਦ ਪ੍ਰਚਲਤ ਹੈ। ਇਨ੍ਹਾਂ ਸਾਰੇ ਸ਼ਬਦਾਂ ਦੀ ਸਕੀਰੀ ਉਰਵਰਤਾ ਨਾਲ ਹੈ। ਉਨ੍ਹਾਂ ਸਮਿਆਂ ਵਿੱਚ ਜ਼ਮੀਨਾਂ ਤੇ ਪਸ਼ੂਆਂ ਲਈ ਭੇੜ ਹੁੰਦੇ ਸਨ। ਇਹ ਸਮੂਹਾਂ ਦੀ ਸ਼ਕਤੀ ਦਾ ਪ੍ਰਦਰਸ਼ਨ ਵੀ ਹੁੰਦਾ ਸੀ। ਮਾਲਕੀ ਦੇ ਝਗੜੇ ਇਨ੍ਹਾਂ ਭੇੜਾਂ ਰਾਹੀਂ ਤਹਿ ਹੁੰਦੇ ਸਨ। ਇਸ ਸੰਦਰਭ ਵਿੱਚ ਉਰਵਰਾਜਿਤ ਜਾਂ ਉਰਵਰਾਪਤਿ ਵਰਗੇ ਸ਼ਬਦ ਦੇਖੇ ਜਾ ਸਕਦੇ ਹਨ, ਜਿਨ੍ਹਾਂ ਵਿੱਚ ਮਾਲਕ/ਮਾਲਕੀ/ਮਲਕੀਅਤ ਦੇ ਭਾਵ ਪਏ ਹਨ। ਇਸ ਤਰ੍ਹਾਂ ਸਪਸ਼ਟ ਹੈ ਕਿ ਉਰਵਸ਼ੀ ਸ਼ਬਦ ਨਾਂ ਵਾਚਕਤਾ ਤੋਂ ਲੈ ਕੇ ਵੱਡੇ ਕੁਨਬੇ ਵਿੱਚ ਫੈਲਿਆ ਹੋਇਆ ਹੈ।

# ਸ਼ਾਹ ਸਵਾਰ

ਵਿੱਚ ਚਪੜਾਸੀ ਲੱਗ ਗਿਆ ਸੀ। ਘਰ ਦੀਆਂ ਲੋੜਾਂ ਨੇ ਉਹਨੂੰ ਨੌਕਰੀ ਵਿੱਚ ਪਾ ਦਿੱਤਾ, ਜਦਕਿ ਕਰਮਾ ਕਾਲਜ ਤੋਂ ਬੀ.ਏ. ਕਰਕੇ ਖੇਤੀ ਕਰਨ ਲੱਗਾ।

ਕਰਮਾ ਗੱਲ ਤੋਰਦਾ, "ਵੇਖ ਲੈ ਨਵਜੋਤ ਹੁਕਮੇ ਵਾਲੀ ਭਾਬੀ ਨੇ ਨੌਂ ਮਹੀਨੇ ਮਸਾਂ ਟੱਪਣ ਦਿੱਤੇ, ਮੁੰਡਾ ਜੰਮ ਦਿੱਤਾ। ਨਾਲੇ ਘਰੇ ਹੀ ਹੋ ਗਿਆ ਸਭ ਕੁਝ, ਪਿੰਡ ਵਾਲੀ ਛੱਤੋ ਦਾਈ ਦੇ ਹੱਥੀਂ। ਆਪਾਂ ਸਾਲੇ ਡਾਕਟਰਾਂ ਦੇ ਘਰ ਭਰ ਦਿੱਤੇ, ਬਾਬਿਆਂ ਦੇ ਅਸ਼ੀਰਵਾਦਾਂ ਨੇ ਵੀ ਝੋਲੀ ਨਾ ਭਰੀ। ਸੈਂਕੜੇ ਕੋਹਾਂ ਤੱਕ ਕੋਈ ਵੈਦ ਨੀ ਛੱਡਿਆ, ਮੁਰਾਦ ਫਿਰ ਵੀ ਪੱਲੇ ਨੀ ਪਈ। ਕੋਈ ਸੁੱਖਣਾ ਵੀ ਕੰਮ ਨੀ ਆਈ ਸਾਡੇ। ਕਈ ਵਾਰ ਰੱਬ ਵੀ ਸਾਲਾ ਲੋਹੇ ਦੀ ਲੱਠ ਹੀ ਹੋ ਜਾਂਦਾ, ਕਿ ਨਹੀਂ!" ਕਰਮੇ ਦਾ ਅੰਦਰਲਾ ਦਰਦ ਜਿਵੇਂ ਗਾਹੜਾ ਹੋ ਗਿਆ ਹੋਵੇ।

"ਇਨ੍ਹਾਂ ਦਾ ਕੀ ਆ, ਪਤਾ ਨੀ ਕਿਸੇ ਤੇਰੇ ਵਰਗੇ ਦਾ ਪਿੱਛੋਂ ਈ ਲੈ ਆਈ ਹੋਵੇ ਨਸੀਬੋ।" ਨਵਜੋਤ ਇੱਕ ਤਰ੍ਹਾਂ ਨਾਲ ਬੁੱਲ੍ਹ 'ਟੇਰਦੀ।

"ਓ ਨਹੀਂ ਨਹੀਂ, ਏਦਾਂ ਦੀ ਤਾ ਨੀ ਲਗਦੀ ਭਾਬੀ" ਕਰਮਜੀਤ ਆਖਦਾ।

"ਨਸੀਬ ਕੌਰ ਚੰਗੀ ਭਾਬੀ ਜਿਉਂ ਹੋਈ!" ਨਵਜੋਤ ਨੇ ਉਹਨੂੰ ਛੇੜਨ ਦੇ ਮੂਡ ਵਿੱਚ ਆਖਿਆ।

"ਚੰਗਾ ਤਾਂ ਰੱਬ ਦਾ ਨਾਂ ਈ ਆਂ, ਪਰ ਚਾਲ-ਢਾਲ ਤੋਂ ਈ ਪਤਾ ਲੱਗ ਜਾਂਦਾ ਬੰਦੇ ਦਾ।" ਕਰਮੇ ਨੇ ਗੱਲ ਮੁਕਾਉਣ ਦੇ ਮਨ ਨਾਲ ਆਖਿਆ।

"ਉੱਦਾਂ ਕਈ ਵਾਰ ਇੱਦਾਂ ਨੀ ਲਗਦਾ ਕਰਮ, ਜਿੱਦਾਂ ਧੁੱਪ 'ਚ ਰੜ੍ਹੀਆਂ ਚਮੜੀਆ ਵਾਲਿਆਂ ਦੇ ਈ ਜੁਆਕ ਜੰਮਣ ਵਾਲੇ ਕਿਰਮ ਜਿਹੇ ਬਾਹਲੇ ਬਣਦੇ ਹੋਣ!" ਨਵਜੋਤ ਕਰਮੇ ਨੂੰ ਗੁੱਝੀ ਟਾਂਚ ਮਾਰ ਕੇ ਬੁੱਲ੍ਹਾਂ ਦੇ ਕੋਨੇ ਕੋਲੋਂ ਮੁਸਕਰਾਈ।

"ਕਿਉਂ ਭਕਾਈ ਮਾਰਦੀ ਏਂ, ਆਪਾਂ ਸਭ ਕੁਝ ਤਾਂ ਟੈਸਟ ਕਰਾ ਬੈਠੇ ਹਾਂ।" ਕਰਮਾ ਥੋੜ੍ਹਾ ਭਬਕ ਕੇ ਬੋਲਿਆ।

"ਪਤਾ ਮੈਨੂੰ, ਬਹੁਤਾ ਤੱਤਾ ਨਾ ਹੋ, ਮੈਂ ਵੀ ਤੇਰੇ ਅੰਦਰ ਦਾ ਤਾਪਮਾਨ ਈ ਵੇਖਦੀ ਆਂ।" ਨਵਜੋਤ ਨੇ ਜਿਵੇਂ ਤਪਦੀ ਭੁੱਬਲ 'ਤੇ ਪਾਣੀ ਦਾ ਛਿੱਟਾ ਤਰੌਂਕਿਆ।

"ਕਈਆਂ ਨੂੰ ਰੱਬ ਰੰਗ ਤਾਂ ਗੋਰਾ ਦੇ ਦੇਂਦਾ, ਪਰ ਕਿਸਮਤ ਕਾਲੇ ਅੱਖਰਾਂ ਨਾਲ ਲਿਖ ਦੇਂਦਾ।" ਨਵਜੋਤ ਦੇ ਅਗਲੇ ਬੋਲ ਸੋਗ ਵਿੱਚ ਢਲੇ ਹੋਏ ਸਨ।

"ਰੰਗ-ਰੂੰਗ ਤਾਂ ਜਿਹੜਾ ਮਰਜ਼ੀ ਵਰਤ ਲਵੇ, ਸਾਰੇ ਠੀਕ ਈ ਨੇ, ਪਰ ਕਿਸਮਤ ਸੁਲੱਖਣੀ ਲਿਖ ਦੇਵੇ, ਭਲੀਆਂ ਫੇਰ ਹੀ ਗੁਜ਼ਰਦੀਆਂ।" ਕਰਮਜੀਤ ਨੂੰ ਆਪਣਾ ਗੋਰਾ ਰੰਗ ਵੀ ਹੁਣ ਜਿਵੇਂ ਚੁਭਣ ਲੱਗ ਪਿਆ ਸੀ। ਉਹ ਗੱਲਾਂ ਦੀ ਲੜੀ 'ਚੋਂ ਬਾਹਰ ਆਉਣ ਹੀ ਲੱਗੇ ਸਨ ਕਿ ਇੰਨੇ ਨੂੰ ਨਸੀਬ ਕੁਰ ਆ ਗਈ।

ਕਰਮੇ ਨੂੰ ਘਰ ਵੇਖ ਕਿ ਉਹ ਜਿਵੇਂ ਝੇਪ ਜਿਹੀ ਖਾ ਗਈ। ਉਹਨੇ ਝੱਟ ਹੀ ਪੱਲਾ ਆਪਣੇ ਸਿਰ 'ਤੇ ਕੀਤਾ, "ਮੈਂ ਆਖਿਆ ਚਲੋ ਅੱਜ ਸਵਖਤੇ ਈ ਨਵਜੋਤ ਭੈਣ ਦਾ ਹੱਥ ਵਟਾ ਆਵਾਂ।"

ਪਹਿਲਾਂ ਉਹ ਵੀਰਦੀਪ ਨੂੰ ਸੁਆ ਕੇ ਗੁਆਂਢ ਵਾਲਿਆਂ ਦੇ ਘਰ ਪਾ ਆਉਂਦੀ ਸੀ ਤੇ ਕਰਮੇ ਦੀ ਵਹੁਟੀ ਨਾਲ ਕੰਮ ਕਾਰ ਵਿੱਚ ਹੱਥ ਵਟਾ ਜਾਂਦੀ। ਜਦੋਂ ਤੋਂ ਵੀਰਦੀਪ ਤੁਰਨ ਜੋਗਰਾ ਹੋਇਆ, ਉਹ ਉਸ ਨੂੰ ਨਾਲ ਹੀ ਲਿਆਉਣ ਲੱਗ ਪਈ ਸੀ।

ਨਸੀਬੋ ਦੋ ਕੁ ਖਿਡਾਉਣੇ ਜਿਹੇ ਵੀਰਦੀਪ ਨੂੰ ਦਿੰਦੀ ਤੇ ਉਹ ਲਾਬੀ ਵਿੱਚ ਖੇਡਦਾ ਰਹਿੰਦਾ। ਨਵਜੋਤ ਮੁੰਡੇ ਨਾਲ ਤੋਤਲੀ ਜਿਹੀ ਜ਼ੁਬਾਨ ਵਿੱਚ ਗੱਲਾਂ ਕਰਦੀ ਰਹਿੰਦੀ। ਘਰ ਉਹਨੂੰ ਜਿਵੇਂ ਭਰਿਆ-ਭਰਿਆ ਲੱਗਣ ਲਗਦਾ। 'ਬੱਚਾ ਵੀ ਕੀ ਚੀਜ਼ ਆ, ਰੌਣਕ ਨਾਲ ਘਰ ਭਰ ਜਾਂਦਾ' ਉਹ ਮਨ ਹੀ ਮਨ ਸੋਚਦੀ। ਅਜਿਹੇ ਵੇਲੇ ਨਸੀਬੋ ਦੇ ਭਾਂਡੇ ਧੋਣ ਦੀ ਆਵਾਜ਼ ਬੱਚੇ ਦੀਆਂ ਕਿਲਕਾਰੀਆਂ ਨਾਲ ਰਲਗੱਡ ਹੁੰਦੀ ਰਹਿੰਦੀ।

"ਇੱਕ ਨਿਆਣਾ ਸਾਡੇ ਲਈ ਵੀ ਜੰਮਦੇ ਨਸੀਬੋ, ਤੇਰੀ ਕੁਖ ਸੁਲੱਖਣੀ ਬੜੀ ਏ।" ਨਵਜੋਤ ਨੇ ਨਸੀਬੋ ਨੂੰ ਮਜ਼ਾਕ ਨਾਲ ਆਖਿਆ।

"ਤੁਸੀਂ ਬਥੇਰੇ ਹੁੰਦੜ ਹੇਲ ਓਂ, ਜ਼ੋਰ ਮਾਰੋ ਥੋੜ੍ਹਾ ਜਿਹਾ, ਹਾਲੇ ਕੀ ਵਿਗੜਿਆ ਥੋਡਾ।" ਨਸੀਬੋ ਵੀ ਮਜ਼ਾਕ ਦੇ ਮੂਡ ਵਿੱਚ ਆ ਗਈ।

"ਵਿਗੜਿਆ ਵੁਗੜਿਆ ਤਾਂ ਕੁਸ਼ ਨੀ, ਰੱਬ ਈ ਚੰਦਰਾ ਜਿੱਦਾਂ ਬੇਈਮਾਨ ਹੋਇਆ ਪਿਆ।" ਨਵਜੋਤ ਨੇ ਹਉਕੇ ਨਾਲ ਘੁਲਿਆ ਹੁੰਘਾਰਾ ਭਰਿਆ।

"ਰੱਬ ਦਿਆਲ ਵੀ ਹੋ ਸਕਦਾ।" ਨਸੀਬੋ ਨੇ ਉਹਨੂੰ ਧਰਵਾਸ ਜਿਹਾ ਦਿਵਾਇਆ।

"ਨਸੀਬ ਕੁਰੇ ਤੂੰ ਚੰਗੀ ਤਾਂ ਬਥੇਰੀ ਆ, ਮੁੰਡਾ ਆਪਣੇ ਤੋਂ ਵੀ ਸੋਹਣਾ ਜੰਮਿਆ ਤੂੰ। ਇਹਦਾ ਰੰਗ ਤਾਂ ਤੇਰੇ ਵਰਗਾ, ਨਕਸ਼ ਇੰਨੇ ਸੋਹਣੇ ਕਿ ਇਹ ਥੋਡਾ ਦੋਨਾਂ ਦਾ ਨੀ ਲਗਦਾ।"

"ਹੋਰ ਮੈਂ ਕਿਸੇ ਤੀਜੇ ਦਾ ਲੈ ਆਈ!" ਨਸੀਬੋ ਨੇ ਨਾਰਾਜ਼ਗੀ ਜਤਾਈ।

"ਮੈਂ ਤਾਂ ਕੁੜੇ ਐਵੇਂ ਸਰਸਰੀ ਗੱਲ ਕੀਤੀ, ਤੂੰ ਤਾਂ ਗੁੱਸਾ ਈ ਕਰ'ਗੀ।" ਨਵਜੋਤ ਉਹਨੂੰ ਫਿਰ ਪਤਿਆਉਣ ਲੱਗੀ।

"ਇੱਕ ਹੋਰ ਗੱਲ ਕਹਿਣ ਲੱਗੀ ਆਂ, ਗੁੱਸਾ ਨਾ ਕਰੀਂ ਭੈਣੇ, ਕਈ ਵਾਰ ਨੇੜੇ-ਤੇੜੇ ਵਾਲੇ ਬੰਦੇ ਦਾ ਵੀ ਹੋਣ ਵਾਲੇ ਬੱਚੇ 'ਤੇ ਪ੍ਰਛਾਵਾਂ ਪੈ ਜਾਂਦਾ। ਨੈਣ ਨਕਸ਼ਾਂ ਪੱਖੋਂ ਮੈਨੂੰ ਤਾਂ ਇਹ ਕਰਮੇ ਦਾ ਈ ਦੂਜਾ ਰੂਪ ਲਗਦਾ, ਬਸ ਰੰਗ ਈ ਗੋਰਾ ਕਰਮਜੀਤ ਦਾ।" ਨਵਜੋਤ ਜਿਵੇਂ ਆਪਣੇ ਚਿੱਤ ਦੀ ਆਖੀਰਲੀ ਗੱਲ ਕਹਿ ਗਈ ਸੀ।

ਨਸੀਬੋ ਨੇ ਉਪਰੋਂ ਤਾਂ ਭਾਵੇਂ ਬੁਰਾ ਜਿਹਾ ਮੂੰਹ ਬਣਾ ਲਿਆ, ਪਰ ਅੰਦਰੋਂ ਉਹ ਕਿਸੇ ਅਗੰਮੀ ਪਿਆਰ ਵਿੱਚ ਭਿੱਜ ਗਈ। ਥੋੜ੍ਹੇ ਕੁ ਪਲ ਹੀ ਲੰਘੇ ਤੇ ਸਹਿਜ ਹੁੰਦਿਆਂ ਉਹ ਕਹਿਣ ਲੱਗੀ, "ਜਿਨ੍ਹਾਂ ਦੇ ਦੂਜੇ-ਤੀਜੇ ਮੱਥੇ ਲੱਗਣਾ ਹੋਇਆ, ਉਨ੍ਹਾਂ ਦਾ ਵੀ ਪ੍ਰਛਾਵਾਂ ਤਾਂ ਪੈ ਹੀ ਜਾਂਦਾ।" ਨਸੀਬੋ ਨੇ ਦਿਲ ਦੀ ਆਖ ਕੇ ਜ਼ਿਹਨ ਤੋਂ ਜਿਵੇਂ ਭਾਰ ਜਿਹਾ ਲਾਹ ਦਿੱਤਾ।


ਇੱਦਾਂ ਦੀਆਂ ਗੱਲਾਂ ਕਰਦੀਆਂ ਅਕਸਰ ਹੀ ਉਹ ਗੂਹੜੀਆਂ ਸਹੇਲੀਆਂ ਹੋ ਜਾਂਦੀਆਂ। ਨਵਜੋਤ ਨੂੰ ਉਹਦੇ ਪੇਕੇ ਘਰ ਕੰਮ ਕਾਰ ਕਰਨ ਵਾਲੀਆਂ ਬਾਰੇ ਆਪਣੀ ਮਾਂ ਦੀਆਂ ਗੱਲਾਂ ਚੇਤੇ ਆਉਂਦੀਆ, ਜਦੋਂ ਉਹ ਅਕਸਰ ਹੀ ਕਾਮੀਆਂ ਦੇ ਨੇੜੇ ਹੋਣ ਤੋਂ ਉਸ ਨੂੰ ਰੋਕਦੀ ਰਹਿੰਦੀ, "ਇਨ੍ਹਾਂ ਦਾ ਬਹੁਤਾ ਹੇਜ ਨੀ ਕਰੀਦਾ, ਫਿਰ ਇਨ੍ਹਾਂ ਨੇ ਕੰਮ ਕੁੰਮ ਨੀ ਕਰਨਾ, ਤੇਰੇ ਸਿਰ 'ਚ ਗਲ਼ੀਆਂ ਕਰਨਗੀਆਂ, ਨਾਲੇ ਕੰਮ ਵੀ ਤੈਥੋਂ ਕਰਵਾਇਆ ਕਰਨਗੀਆਂ।" ਨਵਜੋਤ ਦਾ ਅਜਿਹਾ ਸੁਭਾਅ ਤਾਂ ਨਹੀਂ ਸੀ, ਪਰ ਫਿਰ ਵੀ ਮਾਂ ਦੀ ਗੱਲ ਮੰਨ ਲੈਂਦੀ ਤੇ ਕਾਮੀਆਂ ਦੇ ਬਹੁਤੇ ਨੇੜੇ ਹੋਣ ਤੋਂ ਪਰਹੇਜ਼ ਕਰਦੀ। ਹੁਣ ਤਾਂ ਉਹ 'ਆਪਣੇ' ਘਰ ਆ ਗਈ ਸੀ। ਉਹਨੂੰ ਰੋਕਣ ਵਾਲਾ ਵੀ ਕੋਈ ਨਹੀਂ ਸੀ।

ਨਸੀਬੋ ਆਪਣੇ ਸ਼ਰੀਕੇ ਵਿੱਚ ਘੱਟ ਹੀ ਵਰਤਦੀ ਸੀ। ਉਹ ਦਿਲ ਲਾਉਣ ਲਈ ਕਰਮੇ ਹੁਰਾਂ ਵੱਲ ਆ ਜਾਂਦੀ। ਜਦੋਂ ਕੰਮ ਕਾਰ ਵਿੱਚ ਰੁੱਝੀ ਹੁੰਦੀ ਤਾਂ ਨਵਜੋਤ ਵੀਰਦੀਪ ਨਾਲ ਖੇਡਣ ਲਗਦੀ। ਵੀਰਦੀਪ ਹੁਣ ਉਹਦੇ ਨਾਲ ਘੁਲ-ਮਿਲ ਜਾਂਦਾ। ਦੇਰ ਤੱਕ ਉਹਦੇ ਅੰਗਾਂ-ਪੈਰਾਂ ਨਾਲ ਖੇਡਦਾ ਰਹਿੰਦਾ। ਨਵਜੋਤ ਉਹਨੂੰ ਚੁੱਕ ਕੇ ਗੋਦੀ ਵਿੱਚ ਪਾ ਲੈਂਦੀ। ਉਹਨੂੰ ਜਿਵੇਂ ਆਪਣੀ ਗੋਦ ਭਰੀ ਭਰੀ ਲਗਦੀ। ਖੇਡਦਾ ਖੇਡਦਾ ਥੱਕ ਜਾਂਦਾ ਤਾਂ ਨਵਜੋਤ ਵੀਰਦੀਪ ਨੂੰ ਆਪਣੇ ਨਾਲ ਪਾ ਲੈਂਦੀ। ਆਪਣੀ ਮਾਂ ਵਾਂਗ ਹੀ ਵੀਰਦੀਪ ਦੁੱਧ ਚੁੰਗਣ ਲਈ ਨਵਜੋਤ ਦਾ ਪੱਲਾ ਚੁੱਕਣ ਲਗਦਾ। ਉਹ ਜਕਦੀ-ਜਕਦੀ ਜਿਹੀ ਪੱਲਾ ਚੁੱਕ ਦਿੰਦੀ। ਵੀਰਦੀਪ ਨਵਜੋਤ ਦੀ ਛਾਤੀ ਚੁੰਘਣ ਲਗਦਾ। ਵਿੱਚੋਂ ਕੀ ਨਿਕਲਣਾ ਸੀ! ਪਰ ਨਵਜੋਤ ਦੀ ਮਮਤਾ ਉਛਾਲੇ ਮਾਰਨ ਲਗਦੀ। ਉਹਦਾ ਜੀ ਕਰਦਾ ਵੀਰਦੀਪ ਇਉਂ ਹੀ ਉਸ ਦੀ ਛਾਤੀ ਚੁੰਘਦਾ ਰਹੇ। ਨਸੀਬੋ ਉਨ੍ਹਾਂ ਨੂੰ ਇਉਂ ਖੇਡਦਿਆਂ ਨੂੰ ਵੇਖ ਕੇ ਨਿਹਾਲ ਹੋ ਜਾਂਦੀ। ਕਦੀ ਕਦੀ ਉਹਨੂੰ ਜੈਲਿਸੀ ਜਿਹੀ ਵੀ ਹੁੰਦੀ, ਬਈ ਵੀਰਦੀਪ ਕਿਧਰੇ ਨਵਜੋਤ ਨਾਲ ਹੀ ਮਾਂ ਵਾਲਾ ਨਿਹੁ ਨਾ ਪਾ ਬੈਠੇ। ਜਦੋਂ ਵੀਰਦੀਪ ਦਾ ਇਹ ਨਿੱਤ ਦਾ ਹੀ ਕੰਮ ਹੋ ਗਿਆ ਤਾਂ ਨਵਜੋਤ ਇੱਕ ਲੰਮੇ ਪਤਲੇ ਨਿੱਪਲ ਵਾਲੀ ਦੁੱਧ ਪਿਆਉਣ ਵਾਲੀ ਬੋਤਲ ਲੈ ਆਈ। ਉਹ ਦੁੱਧ ਵਿੱਚ ਕੁਝ ਸ਼ੱਕਰ ਮਿਲਾਉਂਦੀ ਅਤੇ ਆਪਣੇ ਸਿਰਹਾਣੇ ਰੱਖ ਲੈਂਦੀ। ਵੀਰਦੀਪ ਜਦੋਂ ਉਸ ਦੀ ਛਾਤੀ ਚੁੰਘਣ ਲਗਦਾ ਤੇ ਸੁਤ-ਉਨੀਂਦਾ ਜਿਹਾ ਹੋ ਜਾਂਦਾ ਤਾਂ ਉਸ ਦੇ ਮੂੰਹ ਵਿੱਚ ਆਪਣੇ ਦੁੱਧ ਦੇ ਨਾਲ ਹੀ ਬੋਤਲ ਦਾ ਨਿੱਪਲ ਵੀ ਪਾ ਦਿੰਦੀ। ਇੰਝ ਦੁੱਧ ਮੁੱਕਣ ਤੱਕ ਵੀਰਦੀਪ ਗੂਹੜੀ ਨੀਂਦ ਸੌਂ ਜਾਂਦਾ।

ਨਸੀਬੋ ਕਈ ਵਾਰ ਨਵਜੋਤ ਨੂੰ ਆਖਦੀ, "ਕਾਹਨੂ ਭੈਣੇ ਸੁਕੀਆਂ ਛਾਤੀਆਂ ਪਟਵਾਈ ਜਾਨੀਂ ਏਂ ਇਹਤੋਂ, ਬੋਤਲ ਈ ਲਾ ਦਿਆ ਕਰ ਇਹਦੇ ਮੂੰਹ ਨੂੰ, ਜਦੋਂ ਦੁੱਧ ਮੰਗੇ।" ਨਵਜੋਤ ਨੇ ਕਈ ਵਾਰ ਇੱਦਾਂ ਕੋਸ਼ਿਸ਼ ਵੀ ਕੀਤੀ, ਪਰ ਵੀਰਦੀਪ ਸੀ ਕਿ ਦੁੱਧ ਦੀ ਬੋਤਲ ਪਰ੍ਹਾਂ ਰੱਖ ਕੇ ਨਵਜੋਤ ਦੀ ਕਮੀਜ਼ ਦਾ ਪੱਲਾ ਉੱਪਰ ਚੁੱਕਣ ਲਗਦਾ। ਇਹੋ ਜਿਹੇ ਵਕਤ ਨਵਜੋਤ ਦੀ ਕੈਦ ਪਈ ਮਮਤਾ ਦੇ ਸਾਰੇ ਦਰਵਾਜ਼ੇ ਖੁੱਲ੍ਹ ਜਾਂਦੇ, ਉਹ ਵੀਰਦੀਪ ਨੂੰ ਰੋਕ ਨਾ ਸਕਦੀ।

ਵੀਰਦੀਪ ਕੁਝ ਹੀ ਮਹੀਨਿਆਂ ਵਿੱਚ ਕਾਫੀ ਸਿਹਤਮੰਦ ਹੋ ਗਿਆ ਸੀ। ਇਸ ਮੁੰਡੇ ਨੇ ਦੋਨਾਂ ਪਰਿਵਾਰਾਂ ਵਿਚਕਾਰ ਨੇੜਤਾ ਹੋਰ ਵਧਾ ਦਿੱਤੀ। ਹੁਕਮ ਸਿੰਘ ਵੱਲੋਂ ਨੌਕਰੀ ਵਿੱਚ ਭਰਤੀ ਸਮੇਂ ਕਰਮੇ ਤੋਂ ਲਏ ਪੈਸੇ ਹਾਲੇ ਤੱਕ ਉਸ ਤੋਂ ਵਾਪਸ ਨਹੀਂ ਸਨ ਹੋਏ ਕਿ ਬਰਸਾਤਾਂ ਵਿੱਚ ਉਹਦੇ ਮਕਾਨ ਦੀ ਛੱਤ ਵਾਹਵਾ ਚੋਣ ਲੱਗ ਪਈ। ਹੁਕਮੇ ਨੂੰ ਛੱਤ ਬਦਲਣ ਲਈ 50 ਕੁ ਹਜ਼ਾਰ ਰੁਪਏ ਦੀ ਲੋੜ ਸੀ। ਤਨਖਾਹ ਉਹਦੀ 17-18 ਹਜ਼ਾਰ ਦੇ ਕਰੀਬ ਸੀ। ਉਹਨੇ ਜਕਦੇ ਜਿਹੇ ਨੇ ਕਰਮਜੀਤ ਕੋਲ ਮੁੜ ਸੁਆਲ ਪਾਇਆ, "ਮੈਂ ਕਹਿ ਦਿਆਂਗਾ ਆੜ੍ਹਤੀਏ ਨੂੰ, ਡਿਊਟੀ ਤੋਂ ਮੁੜਦਾ ਹੋਇਆ ਫੜ ਲਿਆਵੀਂ।" ਕਰਮੇ ਨੇ ਬਿਨਾ ਹੀਲ ਹੁੱਜਤ ਦੇ ਜੁਆਬ ਦਿੱਤਾ। ਉਹ ਵੀਰਦੀਪ ਅਤੇ ਨਸੀਬੋ ਦੀ ਨਵਜੋਤ ਨਾਲ ਬਣੀ ਆਪਣੀ ਨੇੜਤਾ ਨੂੰ ਗੁਆਉਣਾ ਨਹੀਂ ਸੀ ਚਾਹੁੰਦਾ। ਮੱਝ ਵਾਲਾ ਢਾਰਾ ਪਹਿਲਾਂ ਹੀ ਚੰਗੀ ਹਾਲਤ ਵਿਚ ਸੀ। ਹੁਕਮੇ ਨੇ ਮਕਾਨ ਦੀ ਛੱਤ ਨਵੀਂ ਪਾ ਲਈ ਅਤੇ ਬਾਕੀ ਤਨਖਾਹ ਵਿੱਚੋਂ ਜੋੜੇ ਪੈਸਿਆਂ ਨਾਲ ਰੰਗ ਰੋਗਨ ਟੀਪ-ਟਾਪ ਕਰਵਾ ਕੇ ਮਕਾਨ ਸੁਥਰਾ ਬਣਾ ਲਿਆ।

**(ਅਗਲੀ ਕਿਸ਼ਤ ਅਗਲੇ ਅੰਕ ਵਿੱਚ ਪੜ੍ਹੋ)**


QUALITY & SERVICE IS OUR SPECIALITY
Ashton Place
4 BALL ROOMS W/4 BRIDAL SUITES
CAPACITY UP TO 900 PEOPLE
WEDDINGS • CORPORATE EVENTS
FUNDRAISERS • FASHION SHOWS
MUSICAL SHOWS AND MUCH MORE!
FOR MORE INFO:
INFO@ASHTONPLACE.COM
630.789.3337 OR 630.677.9077
341 75TH STREET, WILLOWBROOK, IL 60527